
ਸਿਰਜਣਾ
ਅਕਤੂਬਰ-ਦਸੰਬਰ 2025
218
50 ਰੁਪਏ

# ਸਿਰਜਣਾ

**218**

**ਅਕਤੂਬਰ-ਦਸੰਬਰ 2025**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

***SIRJANA***
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*sirjanasahitak@gmail.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਨਵਤੇਜ ਸਿੰਘ ਤੇ ਸੁਖਬੀਰ ਦੀ ਜਨਮ ਸ਼ਤਾਬਦੀ/1

ਸੁਕੀਰਤ/ਲੇਖ/ਨਵਤੇਜ ਸਿੰਘ ਦੀ ਸਾਹਿਤ ਸਿਰਜਣਾ/2

ਨਵਤੇਜ ਸਿੰਘ/ਕਹਾਣੀ/ਬਾਸਮਤੀ ਦੀ ਮਹਿਕ/8

ਚੰਦਰ ਮੋਹਨ/ਲੇਖ/'ਲਿਖਤਮ ਸੁਖਬੀਰ'/13

ਸੁਖਬੀਰ/ਸੱਤ ਕਵਿਤਾਵਾਂ/ਮੋਇਆ ਰੱਬ/19

ਸੁਖਬੀਰ/ਲੇਖ/ਨਵੇਂ ਮਨੁੱਖ ਦੀ ਸਿਰਜਣਾ/23

ਮਦਨ ਵੀਰਾ/ਛੇ ਕਵਿਤਾਵਾਂ/29

ਰਾਜਪ੍ਰੀਤ ਕੌਰ ਬੈਨੀਪਾਲ/ਕਹਾਣੀ/ਸਰਗਮ ਵਿਹੂਣੇ ਸਾਜ਼/35

ਮਹਿੰਦਰਪਾਲ ਸਿੰਘ ਧਾਲੀਵਾਲ/ਕਹਾਣੀ/ਨਵਾਂ ਕਲਯੁਗ/46

ਅਲਫ਼ਾਜ਼/ਕਹਾਣੀ/ਕੀੜਾ/52

ਬਲਦੇਵ ਚੱਕ ਸਕੰਦਰ/ਵਾਰਤਾ/ਦਿੱਤਾ ਹੀ ਦੇਵਣਾ/60

ਸੁਖਪਾਲ ਸੰਘੇੜਾ: ਲੇਖ: ਪੰਜਾਬੀ ਕਵਿਤਾ ਵਿਚ 'ਗ਼ੁਲਾਮ ਮਾਨਸਿਕਤਾ' ਕਾਵਿ ਦੇ ਪਿਤਾਮਾ ਸ਼ੇਖ ਫਰੀਦ/69

ਬਲਜੀਤ ਬਾਸੀ/ਸ਼ਬਦ ਝਰੋਖਾ/ਘੂੰਆਂ ਜਿਹਾ/81

ਆਗ਼ਾਜ਼ਬੀਰ: ਫੋ ਮੋ ਬਾਰੇ ਸੁਕੀਰਤ ਨੂੰ ਕੁਝ ਸਵਾਲ/84

ਰਘਬੀਰ ਸਿੰਘ/ਰਿਵਿਊ/ਰੰਗ ਆਪੋ ਆਪਣਾ/89

ਹਰਵਿੰਦਰ//ਰਿਵਿਊ/ਸੁਰਖ਼ ਰਾਹਾਂ ਦੇ ਹਮਸਫ਼ਰ/91

ਜਤਿੰਦਰ ਸਿੰਘ/ਰਿਵਿਊ/ਕ੍ਰਾਂਤੀ ਦੀ ਭਾਸ਼ਾ/93

ਅਮਨਦੀਪ ਕੌਰ/ਰਿਵਿਊ/ਜੋਗੇ ਭੰਗਲ/95


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਪੰਜ ਸਾਲ : 100 ਅਮਰੀਕਨ ਡਾਲਰ**

*ਸੰਪਾਦਕੀ*

# *ਨਵਤੇਜ ਸਿੰਘ ਤੇ ਸੁਖਬੀਰ ਦੀ ਜਨਮ ਸ਼ਤਾਬਦੀ*

*ਪਿਛਲੇ ਪੰਜਾਹਵਿਆਂ ਸੱਠਵਿਆਂ ਵਿਚ ਜਦੋਂ ਪੰਜਾਬੀ ਵਿਚ ਪ੍ਰਗਤੀਵਾਦੀ ਸਾਹਿਤਕ ਲਹਿਰ ਚੜ੍ਹਤ ਵਿਚ ਸੀ ਉਦੋਂ ਸਤਿਕਾਰ ਨਾਲ ਲਏ ਜਾਣ ਵਾਲੇ ਵੱਡੇ ਲੇਖਕਾਂ ਵਿਚ ਨਵਤੇਜ ਸਿੰਘ ਅਤੇ ਸੁਖਬੀਰ ਦੇ ਨਾਂ ਵੀ ਜੁੜਦੇ ਸਨ। 'ਪ੍ਰੀਤ ਲੜੀ' ਦਾ ਸੰਪਾਦਕ ਨਵਤੇਜ ਸਿੰਘ ਅਤੇ ਬੰਬਈ ਵਾਲਾ ਸੁਖਬੀਰ। ਲੇਖਕ ਵਜੋਂ ਅਤੇ ਵਿਅਕਤੀ ਵਜੋਂ ਦੋਨਾਂ ਦੀ ਆਪੋ ਆਪਣੀ ਨਿਵੇਕਲੀ ਪਛਾਣ ਵੀ ਸੀ। ਬਿਲਕੁਲ ਸੀਮਾ ਉੱਤੇ ਵਸੇ ਪ੍ਰੀਤ ਨਗਰ ਅਤੇ ਧੁਰ ਦੂਰ ਬੰਬਈ ਵਿਚਲੀ ਭੂਗੋਲਕ ਵਿੱਥ ਦੇ ਹੁੰਦਿਆਂ ਦੋਹਾਂ ਵਿਚ ਬਹੁਤ ਨੇੜਤਾ ਤੇ ਆਪਸੀ ਸਾਂਝ ਸੀ। ਦੋਵੇਂ ਹੀ ਬਹੁਤ ਗੰਭੀਰ ਤੇ ਚਿੰਤਨਸ਼ੀਲ ਵਿਅਕਤੀ ਸਨ ਅਤੇ ਇਹ ਗੁਣ ਉਹਨਾਂ ਨੂੰ ਦੂਜੇ ਲੇਖਕਾਂ ਤੋਂ ਵਖਰਿਆਉਂਦਾ ਵੀ ਸੀ।*

*ਗੁਰਬਖ਼ਸ਼ ਸਿੰਘ ਦੀ ਸਰਪ੍ਰਸਤੀ ਵਿਚ'ਪ੍ਰੀਤ ਲੜੀ' ਪਰਿਵਾਰ ਅਤੇ ਪ੍ਰੀਤ ਨਗਰ ਦੇ ਸਾਹਿਤਕ ਵਾਤਾਵਰਣ ਦੇ ਪ੍ਰਭਾਵ ਵਿਚ ਅਵੱਸ਼ ਨਵਤੇਜ ਸਿੰਘ ਦੀ ਸ਼ਖ਼ਸੀਅਤ ਨੇ ਆਪਣਾ ਸਰੂਪ ਗ੍ਰਹਿਣ ਕੀਤਾ ਸੀ, ਪਰ ਲੇਖਕ ਵਜੋਂ ਪ੍ਰਵਾਨਗੀ ਉਸ ਨੇ ਆਪਣੇ ਬਲਬੂਤੇ ਹਾਸਲ ਕੀਤੀ ਸੀ। ਗੁਰਬਖ਼ਸ਼ ਸਿੰਘ ਵਰਗੀ ਸ਼ਖ਼ਸੀਅਤ ਦੀ ਬੋਹੜ ਵਰਗੀ ਛਾਂ ਵਿਚ ਲੇਖਕ ਵਜੋਂ ਆਪਣੀ ਨਿਵੇਕਲੀ ਪਛਾਣ ਬਣਾਉਣਾ ਨਵਤੇਜ ਸਿੰਘ ਲਈ ਚੁਣੌਤੀ ਸੀ, ਜਿਸਦਾ ਉਸਨੇ ਸਫਲਤਾ ਨਾਲ ਸਾਹਮਣਾ ਕੀਤਾ ਅਤੇ ਆਪਣਾ ਮੁਕਾਮ ਬਣਾਇਆ। ਆਪਣੇ ਵੇਲਿਆਂ ਵਿਚ ਉਹ ਗਿਣਤੀ ਦੇ ਕੁਝ ਲੇਖਕਾਂ ਵਿਚੋਂ ਸੀ ਜਿਨ੍ਹਾਂ ਨੇ ਅਕਾਦਮਿਕ ਪੱਧਰ 'ਤੇ ਵੀ ਉੱਚ ਸਿੱਖਿਆ ਹਾਸਲ ਕੀਤੀ ਹੋਈ ਸੀ ਤੇ ਸਾਹਿਤਕ ਸੂਝ ਬੂਝ ਗ੍ਰਹਿਣ ਕੀਤੀ ਸੀ। ਪ੍ਰੀਤਲੜੀ ਕਲਚਰ ਨੂੰ, ਨਵੀਂ ਵਿਚਾਰਧਾਰਕ ਚੇਤਨਾ ਅਨੁਸਾਰ, ਉਸਨੇ 'ਵਿਸਤਾਰ' ਦਿੱਤਾ ਸੀ। ਜੇ 'ਪ੍ਰੀਤ ਲੜੀ' ਨਾਲ ਜੁੜੇ ਹੋਣ ਕਰਕੇ ਨਵਤੇਜ ਦੀ ਪਛਾਣ ਬਣੀ ਸੀ ਤਾਂ 'ਪ੍ਰੀਤਲੜੀ' ਦੇ ਪ੍ਰਭਾਵ ਖੇਤਰ ਨੂੰ ਵਿਸਤਾਰ ਦੇਣ ਵਿਚ ਨਵਤੇਜ ਸਿੰਘ ਦਾ ਵੀ ਵੱਡਾ ਯੋਗਦਾਨ ਸੀ। ਗੁਰਬਖ਼ਸ਼ ਸਿੰਘ ਦੇ ਨਾਲ ਨਵਤੇਜ ਦੇ ਨਾਂ ਦੀ ਛਾਪ ਵੀ 'ਪ੍ਰੀਤਲੜੀ' ਉੱਤੇ ਲੱਗ ਗਈ ਸੀ। ਅਤੇ ਇਸ ਸੰਬੰਧ ਵਿਚ ਨਵਤੇਜ ਸਿੰਘ ਦੀ ਚੇਤਨਾ ਅਤੇ ਸਾਹਿਤ ਦੀ ਉਸਦੀ ਡੂੰਘੀ ਸਮਝ ਦਾ ਢੇਰ ਦਖਲ ਸੀ। ਭਾਵੇਂ 'ਪ੍ਰੀਤ ਲੜੀ' ਦੇ ਕੰਮ ਕਾਰ ਦੇ ਸਿਲਸਿਲੇ ਵਿਚ ਵੀ ਨਵਤੇਜ ਸਿੰਘ ਨੂੰ ਵੱਖ ਵੱਖ ਥਾਵਾਂ ਉੱਤੇ ਜਾਣਾ ਪੈਂਦਾ ਸੀ, ਪਰ ਉਂਝ ਵੀ ਉਹ ਸੁਭਾਅ ਵਜੋਂ ਘੁਮੱਕੜ ਤੇ ਦੋਸਤੀਆਂ ਪਾਉਣ ਵਾਲਾ ਇਨਸਾਨ ਸੀ। ਉਸਦੀਆਂ ਸਾਹਿਤਕ ਤੇ ਪਰਾ-ਸਾਹਿਤਕ ਸਾਂਝਾਂ ਤੇ ਦੋਸਤੀਆਂ ਦਾ ਘੇਰਾ ਬਹੁਤ ਵਿਸ਼ਾਲ ਸੀ। ਆਪਣੀ ਸਿਰਜਣਾਤਮਕਤਾ ਨੂੰ ਉਸ ਨੇ ਕਹਾਣੀ ਦੀ ਵਿਧਾ ਤਕ ਸੀਮਤ ਰੱਖਿਆ। ਪੰਜ ਮੌਲਿਕ ਕਹਾਣੀ ਸੰਗ੍ਰਹਿਆਂ ਦੇ ਰੂਪ ਵਿਚ ਪੰਜਾਬੀ ਕਹਾਣੀ ਸਾਹਿਤ ਨੂੰ ਕਈ ਉਸ ਨੇ ਕਈ ਗੌਲਣ ਯੋਗ ਰਚਨਾਵਾਂ ਦਿੱਤੀਆਂ। 'ਪ੍ਰੀਤਲੜੀ' ਵਿਚ ਉਸਦਾ ਸਥਾਈ ਕਾਲਮ 'ਮੇਰੀ ਧਰਤੀ ਮੇਰੇ ਲੋਕ' ਵਿਆਪਕ ਜਨ ਜੀਵਨ ਨਾਲ ਜੁੜੇ ਬਹੁ-ਭਾਂਤੀ ਸਰੋਕਾਰਾਂ ਦੀ ਬਾਤ ਪਾਉਂਦਾ ਸੀ।*

*ਨਵਤੇਜ ਸਿੰਘ ਵਾਂਗ ਸੁਖਬੀਰ ਵੀ ਪੰਜਾਬੀ ਸਾਹਿਤ ਜਗਤ ਵਿਚ ਸਿਰਜਣਾ ਅਤੇ ਚੇਤਨਾ ਦਾ ਸੁਮੇਲ ਸੀ। ਪ੍ਰੀਤ ਨਗਰ ਵਿਚ ਰਹਿ ਕੇ 'ਪ੍ਰੀਤ ਲੜੀ' ਲਈ ਤਾਂ ਭਾਵੇਂ ਉਸ ਨੇ ਕੁਝ ਸਮੇਂ ਲਈ ਹੀ ਕੰਮ ਕੀਤਾ ਸੀ, ਪਰ ਨਵਤੇਜ ਸਿੰਘ ਨਾਲ ਵਿਚਾਰਧਾਰਕ ਤੇ ਸਾਹਿਤਕ ਸਾਂਝ ਉਸਦੀ ਹਮੇਸ਼ ਹਮੇਸ਼ ਲਈ ਬਣੀ ਰਹੀ। ਇੰਜੀਨੀਅਰ ਬਣਨ ਦੀ ਅਕਾਦਮਿਕ ਤੇ ਪ੍ਰੋਫੈਸ਼ਨਲ ਯੋਗਤਾ ਦੇ ਬਾਵਜੂਦ ਉਸਨੇ ਆਪਣੇ ਲਿਖਣ ਕਾਰਜ ਨੂੰ ਹੀ ਪ੍ਰਮੁਖਤਾ ਦਿੱਤੀ। ਥੋੜ੍ਹਾ ਕੁ ਸਮਾਂ ਕਾਲਿਜ ਵਿਚ ਅਧਿਆਪਨ ਕਰਨ*

*ਉਪਰੰਤ ਉਸਨੇ ਲੇਖਕ ਵਜੋਂ ਹੀ ਵਿਚਰਨ ਦਾ ਸਾਹਸ ਕੀਤਾ। ਪੰਜਾਬੀ ਵਿਚ ਕੁਲਵਕਤੀ ਲੇਖਕ ਵਜੋਂ ਜ਼ਿੰਦਗੀ ਬਿਤਾ ਸਕਣਾ ਸੰਭਵ ਨਾ ਹੋਣ ਕਰ ਕੇ ਉਸਨੇ ਫੁਟਕਲ ਕੰਮ ਤਾਂ ਕਈ ਕੀਤੇ ਪਰ ਲੇਖਕ ਬਣੇ ਰਹਿਣ ਦੇ ਸਿਰੜ ਨੂੰ ਤਾ ਉਮਰ ਨਿਭਾਇਆ, ਅਤੇ ਉਹ ਵੀ ਆਪਣੇ ਸਵੈਮਾਣ ਉੱਤੇ ਡਟੇ ਰਹਿ ਕੇ ਤੇ ਸਿਰ ਉੱਚਾ ਰੱਖ ਕੇ। ਸੁਖਬੀਰ ਸਰਬਾਂਗੀ ਲੇਖਕ ਸੀ; ਉਸਨੇ ਕਵਿਤਾ, ਕਹਾਣੀ, ਨਾਵਲ ਤੇ ਵਾਰਤਕ ਸਭ ਰੂਪਾਂ ਵਿਚ ਬਹੁਤ ਸਾਰਥਕ ਰਚਨਾ ਕੀਤੀ, ਅਤੇ ਮਹਾਂਨਗਰੀ ਚੇਤਨਾ ਦੇ ਪੰਜਾਬੀ ਵਿਚ ਇਕਲੌਤੇ ਲੇਖਕ ਵਜੋਂ ਆਪਣੀ ਪਛਾਣ ਬਣਾਈ। ਆਪਣੀਆਂ ਸਾਹਿਤਕ ਤੇ ਵਿਹਾਰਕ, ਦੋਹਾਂ ਹੀ ਤਰ੍ਹਾਂ ਦੀਆਂ ਲੋੜਾਂ ਦੀ ਪੂਰਤੀ ਹਿਤ, ਉਸਨੇ ਦਰਜਨਾਂ ਹੀ ਕਲਾਸਿਕ ਪੁਸਤਕਾਂ ਦੇ ਅਨੁਵਾਦ ਰਾਹੀਂ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਅਤੇ ਹਰ ਨਵੇਂ ਵਰਤਾਰੇ ਦੀ ਪੰਜਾਬੀ ਪਾਠਕਾਂ ਨੂੰ ਜਾਣਕਾਰੀ ਦਿੱਤੀ। ਆਪਣਾ ਨਾਂ ਇੱਤੇ ਬਿਨਾਂ ਸਾਲਾਂ ਬੱਧੀ 'ਆਰਸੀ' ਵਰਗੇ ਮਿਆਰੀ ਪਰਚੇ ਵਿਚ ਛਪਣ ਵਾਲੀ ਸਮੱਗਰੀ ਦੀ ਚੋਣ ਤੇ ਸੰਪਾਦਨਾ ਉਸਦੀ ਸਾਹਿਤਕ ਪੱਤਰਕਾਰੀ ਨੂੰ ਵੱਡੀ ਦੇਣ ਸੀ। ਨਵਤੇਜ ਦੇ ਉਲਟ ਸੁਖਬੀਰ ਬਹੁਤ ਘੁੰਮਣ ਫਿਰਨ ਦਾ ਸ਼ੁਕੀਨ ਨਹੀਂ ਸੀ। ਉਹ ਬੰਬਈ ਵਿਚਲੇ ਸਮੁੰਦਦਰ ਕੰਢੇ ਉੱਤੇ ਬਹੁੰਮੰਜ਼ਲੀ ਰਿਹਾਇਸ਼ੀ ਬਿਲਡਿੰਗ, ਸੰਨ ਐਂਡ ਸੀਅ, ਦੇ ਆਪਣੇ ਫਲੈਟ ਵਿਚ ਪਰਿਵਾਰ ਸਮੇਤ ਰਹਿੰਦਾ ਹੋਇਆ ਲਿਖਣ ਪੜ੍ਹਨ ਦੇ ਆਪਣੇ ਕਾਰਜ ਵਿਚ ਹੀ ਮਗਨ ਰਹਿੰਦਾ ਸੀ। ਇੱਥੇ ਬੈਠਾ ਹੀ ਉਹ ਸਾਹਿਤ, ਕਲਾ, ਗਿਆਨ, ਵਿਗਿਆਨ ਦੇ ਖੇਤਰ ਵਿਚ ਵਿਚ ਨਵੀਆਂ ਪ੍ਰਵਿਰਤੀਆਂ ਬਾਰੇ ਅਤੇ ਸੰਸਾਰ ਵਿਚ ਹੋਣ ਬੀਤਣ ਵਾਲੀਆਂ ਹੋਰ ਘਟਨਾਵਾਂ ਬਾਰੇ ਪੂਰੀ ਤਰ੍ਹਾਂ ਸੁਜੱਗ ਰਹਿੰਦਾ ਸੀ, ਅਤੇ ਪੰਜਾਬੀ ਲੇਖਕਾਂ ਤੇ ਚਿੰਤਕਾਂ ਨਾਲ ਚਿੱਠੀ ਪੱਤਰ ਰਾਹੀਂ ਲਗਾਤਾਰ ਸੰਪਰਕ ਵਿਚ ਰਹਿੰਦਾ ਸੀ। ਇਸ ਤਰ੍ਹਾਂ ਪੰਜਾਬ ਤੇ ਉੱਤਰੀ ਭਾਰਤ ਵਿਚ ਵੱਡੀ ਗਿਣਤੀ ਵਿਚ ਨਵੇਂ ਪੁਰਾਣੇ ਲੇਖਕ ਉਸਦਾ ਬਹੁਤ ਆਦਰ ਸਤਿਕਾਰ ਕਰਦੇ ਸਨ, ਜੋ ਅਕਸਰ ਅਗਵਾਈ ਤੇ ਰਾਏ ਲਈ ਉਸ ਵੱਲ ਵੇਖਦੇ ਸਨ। ਸਾਹਿਤ ਤੇ ਕਲਾ ਬਾਰੇ ਸੰਵਾਰ ਰਚਾਉਣ ਵਾਲੀਆਂ ਲੰਬੀਆਂ ਚਿੱਠੀਆਂ ਵੀ ਸੁਖਬੀਰ ਦੀ ਪੰਜਾਬੀ ਸਾਹਿਤ ਨੂੰ ਅਹਿਮ ਦੇਣ ਹਨ।*

*ਬਦਕਿਦਮਤੀ ਨਾਲ ਕੈਂਸਰ ਦੀ ਨਾਮੁਰਾਦ ਬੀਮਾਰੀ ਨਵਤੇਜ ਨੂੰ ਤਾਂ, ਸਮੇਂ ਤੋਂ ਬਹੁਤ ਪਹਿਲਾਂ, ਖੋਹ ਕੇ ਲੈ ਗਈ ਸੀ। ਸੁਖਬੀਰ ਨੇ ਅਵੱਸ਼ ਚੋਖੀ ਭਰਵੀਂ ਉਮਰ ਭੋਗ ਕੇ ਸੰਸਾਰ ਨੂੰ ਅਲਵਿਦਾ ਆਖੀ। ਦੋਹਾਂ ਦੀ ਸਾਹਿਤਕ ਦੇਣ ਬਹੁਤ ਵੱਡਮੁੱਲੀ ਹੈ। ਅਗਲੇ ਕੁਝ ਸਫਿਆਂ ਵਿਚ ਉਹਨਾਂ ਦੀਆਂ ਤੇ ਉਹਨਾਂ ਬਾਰੇ ਕੁਝ ਲਿਖਤ ਰਾਹੀਂ 'ਸਿਰਜਣਾ' ਇਹਨਾਂ ਦੋ ਗੰਭੀਰ ਤੇ ਚਿੰਤਨਸ਼ੀਲ ਲੇਖਕਾਂ ਨੂੰ ਯਾਦ ਕਰਦਾ ਹੋਇਆ ਸਤਿਕਾਰ ਭੇਟ ਕਰਦਾ ਹੈ। 000*

---

## ਸੁਕੀਰਤ: ਲੇਖ: ਨਵਤੇਜ ਸਿੰਘ ਦੀ ਸਾਹਿਤ ਸਿਰਜਣਾ

ਇਕ ਸਦੀ ਪਹਿਲਾਂ, 1925 ਵਿਚ ਸਿਆਲਕੋਟ ਵਿਚ ਪੈਦਾ ਹੋਏ ਨਵਤੇਜ ਸਿੰਘ ਨੂੰ ਗਿਆਂ ਵੀ ਹੁਣ ਬਹੁਤ ਵਰ੍ਹੇ ਹੋ ਗਏ ਹਨ। ਪੂਰੇ ਹੋਣ ਵੇਲ਼ੇ ਉਨ੍ਹਾਂ ਦੀ ਉਮਰ ਸਿਰਫ਼ 56 ਵਰ੍ਹੇ ਸੀ। ਘੱਟ-ਉਮਰੇ ਹੀ ਕੈਂਸਰ ਰਾਹੀਂ ਤਰੁੰਡੇ ਜਾਣ ਦੇ ਬਾਵਜੂਦ ਪੰਜਾਬੀ ਸਾਹਿਤ ਨੂੰ ਉਨ੍ਹਾਂ ਦੀ ਦੇਣ ਵੱਡੀ ਹੈ। ਬਤੌਰ ਕਹਾਣੀਕਾਰ ਵੀ, ਅਤੇ 'ਪ੍ਰੀਤ ਲੜੀ' ਦੇ ਸਹਿ-ਸੰਪਾਦਕ/ਸੰਪਾਦਕ ਵਜੋਂ ਵੀ। ਮੈਂ ਉਸ ਪੀੜ੍ਹੀ ਵਿਚੋਂ ਹਾਂ ਜਿਸਨੇ ਜਦੋਂ ਪੜ੍ਹਨਾ ਤੇ ਸੋਖਣਾ ਸ਼ੁਰੂ ਕੀਤਾ ਤਾਂ ਨਵਤੇਜ ਸਿੰਘ ਪੰਜਾਬੀ ਦੀ ਪਹਿਲੀ ਪਾਲ਼ ਦੇ ਕਹਾਣੀਕਾਰਾਂ ਵਿਚੋਂ ਸਨ। ਅਤੇ, ਇਹ ਗੱਲ ਨਮੋਸ਼ੀ ਨਾਲ ਕਹਿਣੀ ਪੈਂਦੀ ਹੈ ਕਿ ਪੰਜਾਬੀ ਦੀ ਸਾਹਿਤਕ ਇਤਿਹਾਸਕਾਰੀ ਵਿਚ ਉਨ੍ਹਾਂ ਦੀ ਦੇਣ ਦਾ ਸਹੀ ਮੁੱਲਾਂਕਣ ਨਹੀਂ ਹੋਇਆ; ਏਨੇ ਅਹਿਮ ਲੇਖਕ ਨੂੰ ਛੇਤੀ ਹੀ ਚੇਤੇ ਦੀ ਫੱਟੀ ਤੋਂ ਜੇ ਪੋਚ ਨਾ ਵੀ ਦਿੱਤਾ ਗਿਆ ਹੋਵੇ, ਅਗਲੇਰੀਆਂ ਪੀੜ੍ਹੀਆਂ ਦੇ ਪਾਠਕ ਨਵਤੇਜ ਸਿੰਘ ਦੀ ਰਚਨਾ ਦੀ ਵਿਲੱਖਣਤਾ ਅਤੇ ਸਮਰੱਥਾ ਨਾਲ ਪਛਾਣ ਤੋਂ ਵਿਰਵੇ ਹਨ।

ਨਵਤੇਜ ਸਿੰਘ ਦਾ ਜਨਮ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀ ਅਤੇ 'ਪ੍ਰੀਤ ਲੜੀ' ਰਿਸਾਲੇ ਦੇ ਸੰਸਥਾਪਕ-ਸੰਪਾਦਕ ਗੁਰਬਖ਼ਸ਼ ਸਿੰਘ ਦੇ ਘਰ ਵਿਚ ਹੋਇਆ। ਇਸ ਲਈ ਬਿਨਾਂ ਕਿਸੇ ਅਤਿਕਥਨੀ ਇਹ ਕਿਹਾ ਜਾ ਸਕਦਾ ਹੈ ਕਿ ਸਾਹਿਤਕ ਸੋਝੀ ਉਨ੍ਹਾਂ ਨੂੰ ਗੁੜ੍ਹਤੀ ਵਿਚ ਮਿਲੀ। ਉਹ ਅਜੇ ਅੱਠ ਵਰ੍ਹਿਆਂ ਦੇ ਸਨ, ਜਦੋਂ ਉਨ੍ਹਾਂ ਦੇ ਪਿਤਾ ਨੇ ਨੌਸ਼ਹਿਰੇ ਤੋਂ 'ਪ੍ਰੀਤ ਲੜੀ' ਨੂੰ ਛਾਪਣਾ ਸ਼ੁਰੂ ਕੀਤਾ, ਅਤੇ ਉਨ੍ਹਾਂ ਦੀ ਉਮਰ ਦੇ ਪੰਦਰ੍ਹਵੇਂ ਵਰ੍ਹੇ ਤਕ ਗੁਰਬਖ਼ਸ਼ ਸਿੰਘ ਦੀ ਵਿਉਂਤਬੰਦੀ ਨਾਲ ਵਸਾਇਆ ਗਿਆ ਪਿੰਡ ਪ੍ਰੀਤ ਨਗਰ ਵੀ ਹੋਂਦ ਵਿਚ ਆ ਚੁੱਕਾ ਸੀ, ਜਿਸਨੂੰ ਅੱਜ ਤਕ ਪੰਜਾਬੀ ਲੇਖਕਾਂ ਦੇ ਮੱਕੇ ਵਜੋਂ ਜਾਣਿਆ ਜਾਂਦਾ ਹੈ। ਪਿਤਾ ਦੀ ਵਿਰਾਸਤ ਅਤੇ ਪ੍ਰੀਤ ਨਗਰ ਦੇ ਅਦਬੀ ਮਾਹੌਲ ਨੇ ਉਨ੍ਹਾਂ ਦੀ ਸਾਹਿਤਕ ਪ੍ਰਤਿਭਾ ਨੂੰ ਤੇਜ਼ੀ ਨਾਲ ਤਰਾਸ਼ਿਆ। ਦੂਜੇ ਪਾਸੇ ਆਪਣੀ ਉਚੇਰੀ ਪੜ੍ਹਾਈ ਲਈ ਉਨ੍ਹਾਂ ਨੇ ਲਾਹੌਰ ਦੇ ਮਸ਼ਹੂਰ ਫ਼ੌਰਮਨ ਕ੍ਰਿਸਚੀਅਨ ਕਾਲਿਜ ਵਿਚ ਦਾਖ਼ਲਾ ਲਿਆ। ਇਹ ਸਮਾਂ ਆਜ਼ਾਦੀ ਮਿਲਣ ਅਤੇ ਨਾਲ ਹੀ ਦੇਸ ਦੇ ਵੰਡੇ ਜਾਣ ਤੋਂ ਕੁਝ ਹੀ ਸਾਲ ਪਹਿਲਾਂ ਦਾ ਸੀ। ਉਸ ਵੇਲੇ ਲਾਹੌਰ ਅਣਵੰਡੇ ਪੰਜਾਬ ਦਾ ਕੇਂਦਰੀ ਅਤੇ ਸਭ ਤੋਂ ਅਹਿਮ ਸ਼ਹਿਰ ਵੀ ਸੀ ਅਤੇ ਅਦਬੀ ਤੇ ਸਿਆਸੀ ਸਰਗਰਮੀਆਂ ਦਾ ਗੜ੍ਹ ਵੀ। ਆਜ਼ਾਦੀ ਲੈਣ ਲਈ ਜੱਦੋਜਹਿਦ ਦੀ ਲਹਿਰ ਜ਼ੋਰਾਂ 'ਤੇ ਸੀ, ਅਤੇ ਵਿਦਿਆਰਥੀ ਵੀ ਇਸ ਵਲਵਲੇ ਨਾਲ ਜੁੜੇ ਹੋਏ ਸਨ। ਆਪਣੇ ਕਾਲਿਜ ਦੇ ਸਾਲਾਂ ਵਿਚ ਉਹ ਲਾਹੌਰ ਦੀ ਵਿਦਿਆਰਥੀ ਯੂਨੀਅਨ ਦੇ ਆਗੂਆਂ ਦੇ ਸੰਪਰਕ ਵਿਚ ਆਏ, ਜਿਨ੍ਹਾਂ ਵਿਚੋਂ ਬਹੁਤੇ ਖੱਬੇ-ਪੱਖੀ ਝੁਕਾਅ ਵਾਲੇ ਸਨ। ਇਨ੍ਹਾਂ ਕਾਲਿਜੀ ਦੋਸਤੀਆਂ ਨੇ ਨਵਤੇਜ ਸਿੰਘ ਦੇ ਖਿਆਲਾਂ ਨੂੰ ਵਿਚਾਰਧਾਰਕ ਸੇਧ ਦਿੱਤੀ। ਉਚੇਰੀ ਪੜ੍ਹਾਈ ਦੀ ਗੱਲ ਕਰੀਏ ਤਾਂ ਐੱਮ.ਏ. ਦੀ ਪੱਧਰ ਉੱਤੇ ਉਨ੍ਹਾਂ ਨੇ ਮਨੋਵਿਗਿਆਨ ਦਾ ਵਿਸ਼ਾ ਚੁਣਿਆ। ਇਨ੍ਹਾਂ ਤਿੰਨਾਂ ਤੱਥਾਂ- ਪ੍ਰੀਤ ਨਗਰ ਦਾ ਆਦਰਸ਼ਵਾਦੀ ਸਾਹਿਤਕ ਮਾਹੌਲ, ਕਾਲਿਜ ਦੀਆਂ ਖੱਬੇ-ਪੱਖੀ ਸਿਆਸੀ ਸਰਗਰਮੀਆਂ ਅਤੇ ਮਨੋਵਿਗਿਆਨ ਵਰਗੇ ਮਨੁੱਖ-ਕੇਂਦਰਤ ਵਿਸ਼ੇ ਵਿਚ ਉਚੇਰੀ ਵਿਦਿਆ – ਦੇ ਰਲ਼ੇਵੇਂ ਨੇ ਨਵਤੇਜ ਸਿੰਘ ਦੀ ਕਲਮ ਨੂੰ ਇਕ ਵਿਸ਼ੇਸ਼ ਦ੍ਰਿਸ਼ਟੀ ਦਿੱਤੀ। ਜੇਕਰ ਇਕ ਪਾਸੇ ਉਨ੍ਹਾਂ ਦੀਆਂ ਕਹਾਣੀਆਂ ਸਮੇਂ ਦੀ ਰਾਜਨੀਤਕ ਚੇਤਨਾ ਨਾਲ ਓਤ-ਪੋਤ ਹਨ ਅਤੇ ਸਮਾਜਕ ਵਿਤਕਰੇ ਪ੍ਰਤੀ ਸੁਚੇਤ ਨਜ਼ਰ ਆਂਦੀਆਂ ਹਨ, ਤਾਂ ਦੂਜੇ ਪਾਸੇ ਉਹ ਆਪਣੇ ਘੜੇ ਪਾਤਰਾਂ ਦਾ ਡੂੰਘਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਨਾਲ ਵੀ ਲੈਸ ਹਨ।

ਲਿਖਣਾ ਉਨ੍ਹਾਂ ਨੇ ਬਹੁਤ ਛੋਟੀ ਉਮਰ ਤੋਂ ਸ਼ੁਰੂ ਕਰ ਦਿੱਤਾ ਸੀ। ਉਹ ਅਜੇ ਵੀਹ ਤੋਂ ਵੀ ਘੱਟ ਸਾਲਾਂ ਦੇ ਸਨ, ਜਦੋਂ ਉਨ੍ਹਾਂ 'ਪ੍ਰੀਤ ਲੜੀ' ਦੀ ਸਰਪ੍ਰਸਤੀ ਹੇਠ ਬੱਚਿਆਂ ਲਈ ਸ਼ੁਰੂ ਕੀਤੇ ਗਏ ਨਿੱਕੇ ਆਕਾਰ ਦੇ ਰਿਸਾਲੇ 'ਬਾਲ ਸੁਨੇਹਾ' ਦੀ ਸੰਪਾਦਨਾ ਸ਼ੁਰੂ ਕਰ ਦਿੱਤੀ। ਮਗਰੋਂ ਏਸੇ ਦਾ ਆਕਾਰ ਵੱਡਾ ਕਰ ਦਿੱਤਾ ਗਿਆ ਅਤੇ ਇਸਦਾ ਨਾਂਅ ਵੀ ਬਦਲ ਕੇ 'ਬਾਲ ਸੰਦੇਸ਼' ਰੱਖ ਦਿੱਤਾ ਗਿਆ। ਨਵਤੇਜ ਸਿੰਘ ਲੰਮਾ ਸਮਾਂ ਇਸਦੇ ਸੰਪਾਦਕ ਰਹੇ। ਮਗਰੋਂ ਜਾ ਕੇ ਉਹ ਗੁਰਬਖ਼ਸ਼ ਸਿੰਘ ਹੋਰਾਂ ਨਾਲ 'ਪ੍ਰੀਤ ਲੜੀ' ਦੇ ਸਹਿ-ਸੰਪਾਦਕ ਹੋ ਗਏ ਅਤੇ 'ਬਾਲ ਸੰਦੇਸ਼' ਨਵਤੇਜ ਸਿੰਘ ਦੇ ਛੋਟੇ ਵੀਰ ਹਿਰਦੇਪਾਲ ਸਿੰਘ ਦੀ ਸੰਪਾਦਨਾ ਹੇਠ ਹੋ ਗਿਆ। ਇਸਤੋਂ ਬਾਅਦ ਆਪਣੇ ਆਖ਼ਰੀ ਸਮੇਂ ਤੀਕ ਨਵਤੇਜ ਸਿੰਘ 'ਪ੍ਰੀਤ ਲੜੀ' ਦੇ ਸੰਪਾਦਕ ਰਹੇ।

ਨਵਤੇਜ ਸਿੰਘ ਦਾ ਪਹਿਲਾ ਕਹਾਣੀ ਸੰਗ੍ਰਹਿ 'ਦੇਸ ਵਾਪਸੀ' 1955 ਵਿਚ ਛਪਿਆ, ਪਰ ਕਹਾਣੀਆਂ ਉਹ ਲਿਖ ਬਹੁਤ ਪਹਿਲਾਂ ਤੋਂ ਰਹੇ ਸਨ। ਏਸੇ ਸੰਗ੍ਰਹਿ ਦੀ ਸਿਰਲੇਖੀ ਕਹਾਣੀ 'ਦੇਸ ਵਾਪਸੀ' 1947 ਦੀ ਲਿਖੀ ਹੋਈ ਹੈ, ਜਦੋਂ ਉਹ ਅਜੇ 22 ਵਰ੍ਹਿਆਂ ਦੇ ਸਨ। ਇਹਨਾਂ ਹੀ ਸਾਲਾਂ ਦੇ ਦੌਰਾਨ ਨਵਤੇਜ ਸਿੰਘ ਨੇ ਆਪਣੇ ਦੋਸਤ ਜਗਜੀਤ ਸਿੰਘ ਆਨੰਦ ਨਾਲ ਰਲ਼ ਕੇ ਸੰਸਾਰ ਸਾਹਿਤ ਦੀਆਂ ਦੋ ਮਹੱਤਵਪੂਰਨ ਰਚਨਾਵਾਂ ਉਲਥਾਈਆਂ: ਵਾਂਦਾ ਵਾਸਿਲਿਊਸਕਾ ਦਾ ਨਾਵਲ 'ਸਤਰੰਗੀ ਪੀਂਘ' ਅਤੇ ਜੂਲੀਅਸ ਫੂਚਿਕ ਦਾ ਕੈਦ ਕਟਦਿਆਂ ਲਿਖਿਆ ਰੋਜ਼ਨਾਮਚਾ 'ਫਾਂਸੀ ਦੇ ਤਖ਼ਤੇ ਤੋਂ'। ਇਸ ਤੋਂ ਬਾਅਦ ਉਨ੍ਹਾਂ ਨੇ ਸੁਤੰਤਰ ਤੌਰ ਉੱਤੇ ਰੂਸੀ ਕਲਾਸਕੀ ਲੇਖਕਾਂ ਅਨਤੋਨ ਚੇਖ਼ਵ ਅਤੇ

ਮੈਕਸਿਮ ਗੋਰਕੀ ਦੀਆਂ ਚੋਣਵੀਆਂ ਕਹਾਣੀਆਂ ਨੂੰ ਪੰਜਾਬੀ ਵਿਚ ਉਲਥਾਇਆ ਅਤੇ ਰੋਮਾਨੀਅਨ ਸਾਹਿਤਕਾਰ ਮਿਹਾਈਲ ਸਾਦੋਵਿਆਨੋ ਦੇ ਨਾਵਲ 'ਮੀਤ੍ਰਿਆ ਕੋਕੋਰ' ਨੂੰ ਵੀ।

ਨਵਤੇਜ ਸਿੰਘ ਦਾ ਪਹਿਲਾ ਕਹਾਣੀ ਸੰਗ੍ਰਹਿ 'ਦੇਸ਼ ਵਾਪਸੀ' ਸੀ ਅਤੇ ਆਖਰੀ 1974 ਵਿਚ ਛਪਣ ਵਾਲਾ 'ਭਾਈਆਂ ਬਾਝ'। ਪਰ ਇਹਨਾਂ ਦੋਵਾਂ ਕਿਤਾਬਾਂ ਦੀਆਂ ਮੁਖ ਕਹਾਣੀਆਂ ਵਿਚਲਾ ਮੂਲ ਸੂਤਰ ਇਕੋ ਹੈ: ਦੇਸ ਦੀ ਵੰਡ ਅਤੇ ਉਸ ਕਾਰਨ ਵਾਪਰਿਆ ਵੱਡਾ ਮਨੁੱਖੀ ਦੁਖਾਂਤ। ਇਹ ਵਿਸ਼ਾ ਨਵਤੇਜ ਸਿੰਘ ਦੀਆਂ ਕਹਾਣੀਆਂ ਵਿਚ ਵਾਰ-ਵਾਰ ਉਭਰਦਾ ਹੈ। ਪਰ ਉਨ੍ਹਾਂ ਦੀਆਂ ਕਹਾਣੀਆਂ ਵਿਚ ਇਕ ਹੋਰ ਸਾਂਝਾ ਸੂਤਰ ਵੀ ਹੈ: ਦੋਸਤੀ ਦਾ। ਜਿੰਨੀ ਸ਼ਿੱਦਤ ਨਾਲ ਨਵਤੇਜ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਵੰਡ ਦੀ ਪੀੜ ਨੂੰ ਉਭਾਰਿਆ ਹੈ, ਉੰਨੀ ਹੀ ਤਿੱਖੀ ਹੂਕ ਨਾਲ ਵਿੱਛੜ ਗਏ ਦੋਸਤਾਂ, ਅਧਵਾਟੇ ਖੋਹ ਲਏ ਗਏ ਮਿੱਤਰਾਂ ਦੇ ਹੇਰਵੇ ਨੂੰ ਵੀ ਬਿਆਨ ਕੀਤਾ ਹੈ। ਤੇ ਕੋਈ ਹੈਰਾਨੀ ਦੀ ਗੱਲ ਨਹੀਂ, ਕਿ ਸਿਰਫ਼ 'ਭਾਈਆਂ ਬਾਝ' ਵਿਚ ਹੀ ਨਹੀਂ, ਇਹ ਸਤਰਾਂ ਹੋਰ ਕਹਾਣੀਆਂ ਵਿਚ ਵਾਰ-ਵਾਰ ਟੂਕ ਵਾਂਗ ਵਰਤੀਆਂ ਗਈਆਂ ਹਨ: *'ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ, ਅਤੇ ਭਾਈਆਂ ਬਾਝ ਬਹਾਰ ਨਾਹੀਂ'*। ਜਿਵੇਂ ਇਹ ਸਤਰਾਂ ਕਿਸੇ ਤ੍ਰਾਟ ਵਾਂਗ ਲੇਖਕ ਦੇ ਜ਼ਿਹਨ ਵਿਚ ਮੁੜ ਮੁੜ ਉਠਦੀਆਂ ਹੋਣ।

ਸ਼ਾਇਦ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਆਪਣੀ ਲਿਖਤ ਵਿਚ ਜਿੰਨੀ ਅਹਿਮੀਅਤ ਨਵਤੇਜ ਸਿੰਘ ਨੇ ਦੋਸਤੀ ਦੇ ਜਜ਼ਬੇ ਨੂੰ ਦਿੱਤੀ, ਪੰਜਾਬੀ ਦੇ ਕਿਸੇ ਹੋਰ ਲੇਖਕ ਨੇ ਨਹੀਂ ਦਿੱਤੀ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਨ੍ਹਾਂ ਦੀ ਇਕ ਪੁਸਤਕ ਦਾ ਨਾਂਅ ਹੀ 'ਦੋਸਤੀ ਦੇ ਪੰਧ' ਹੈ। ਮਰਦ-ਔਰਤ ਦੀ ਮੁਹੱਬਤ ਬਾਰੇ ਲਿਖਣ ਵਾਲੇ ਤਾਂ ਬਹੁਤ ਹਨ, ਪਰ ਨਿਰੋਲ ਦੋਸਤੀ ਨੂੰ ਸਿਖਰਲੀ ਥਾਂ 'ਤੇ ਬਿਠਾਣ ਵਾਲੇ ਨਵਤੇਜ ਸਿੰਘ ਹੀ ਸਨ।

ਉਹਨਾਂ ਦੀ ਪਹਿਲੀ ਕਹਾਣੀਆਂ ਦੀ ਕਿਤਾਬ 'ਦੇਸ਼ ਵਾਪਸੀ' ਛਪੀ ਭਾਵੇਂ 1955 ਵਿਚ, ਪਰ ਇਹਦੇ ਵਿਚ 1943 ਤੋਂ ਹੀ ਲਿਖੀਆਂ ਹੋਈਆਂ ਕਹਾਣੀਆਂ ਸ਼ਾਮਿਲ ਹਨ। ਇਹ ਕਹਾਣੀਆਂ ਨਾ ਸਿਰਫ ਨਵਤੇਜ ਹੁਰਾਂ ਦੀ ਮੁੱਢਲੀ ਕਹਾਣੀ ਕਲਾ ਨਾਲ ਜਾਣ ਪਛਾਣ ਕਰਾਉਂਦੀਆਂ ਹਨ ਸਗੋਂ ਇਹ ਵੀ ਦੱਸਦੀਆਂ ਹਨ ਕਿ ਉਹਨਾਂ ਦੀ ਕਲਾ ਦਾ ਘੇਰਾ ਕਿੰਨਾ ਮੋਕਲ਼ਾ ਅਤੇ ਫੈਲਵਾਂ ਸੀ। 'ਦੇਸ਼ ਵਾਪਸੀ' ਸਿਰਲੇਖ ਵਾਲੀ ਕਹਾਣੀ ਦਾ ਘਟਨਾ-ਚੱਕਰ ਮਲਾਇਆ (ਇਸ ਦੇਸ ਨੂੰ ਹੁਣ ਮਲੇਸ਼ੀਆ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ) ਤੋਂ ਸ਼ੁਰੂ ਹੋ ਕੇ ਭਾਰਤ ਤਕ ਪਹੁੰਚਦਾ ਹੈ, ਤੇ ਏਸੇ ਸੰਗ੍ਰਹਿ ਵਿਚ 'ਅਣਜੰਮੇ ਬਾਲ ਦੇ ਨਾਂ' ਵਰਗੀ ਉਹ ਕਹਾਣੀ ਵੀ ਸ਼ਾਮਲ ਹੈ ਜਿਹੜੀ ਯੋਰਪੀ ਦੇਸ ਯੂਗੋਸਲਾਵੀਆ ਵਿਚ ਵਾਪਰਦੀ ਹੈ। ਉਹਨਾਂ ਦੀਆਂ ਇਹ ਮੁੱਢਲੀਆਂ ਕਹਾਣੀਆਂ ਹੀ ਉਹਨਾਂ ਅੰਦਰਲੀ ਡੂੰਘੀ ਰਾਜਸੀ ਚੇਤਨਤਾ ਦੀਆਂ ਲਖਾਇਕ ਹਨ। ਜਿੱਥੇ 'ਦੇਸ਼ ਵਾਪਸੀ', 'ਦਾਈ' ਤੇ 'ਇਕ ਮਿਲਣੀ' ਵਰਗੀਆਂ ਕਹਾਣੀਆਂ ਹਿੰਦੁਸਤਾਨ ਦੀ ਵੰਡ ਨਾਲ ਸੰਬੰਧ ਰੱਖਦੀਆਂ ਹਨ, ਉੱਥੇ ਸਾਡੇ ਸਮਾਜਕ ਪਾੜੇ ਨੂੰ ਦਰਸਾਉਂਦੀਆਂ ਕਹਾਣੀਆਂ ਵੀ ਹਨ: 'ਮੁੰਡੂ ਤੇ ਟਾਮੀ', 'ਕਾਲ਼ ਦੇ ਦਿਨਾਂ ਵਿਚ', 'ਚੋਰ', 'ਜਦੋਂ ਲੋਕ ਜਾਗਣਗੇ', 'ਸਰਦਾਰਾਂ ਲਈ ਸਮੋਸੇ', 'ਤੰਦੂਰ'। ਉਹਨਾਂ ਦੀਆਂ ਇਹ ਮੁੱਢਲੀਆਂ ਕਹਾਣੀਆਂ ਹੀ ਦੱਸਦੀਆਂ ਹਨ ਕਿ ਕਿਵੇਂ ਆਪਣੀ ਰਾਜਸੀ ਔਰ ਸਮਾਜਕ ਚੇਤਨਾ ਰਾਹੀਂ ਉਹਨਾਂ ਨੇ ਅੱਗੇ ਜਾ ਕੇ 'ਪ੍ਰੀਤ ਲੜੀ' ਰਿਸਾਲੇ ਲਈ ਆਪਣਾ ਬਹੁਤ ਮਕਬੂਲ ਕਾਲਮ 'ਮੇਰੀ ਧਰਤੀ ਮੇਰੇ ਲੋਕ' ਲਿਖਣਾ ਸ਼ੁਰੂ ਕਰਨਾ ਸੀ।

ਨਵਤੇਜ ਸਿੰਘ ਦੇ ਪਹਿਲੇ ਕਹਾਣੀ ਸੰਗ੍ਰਹਿ ਵਿਚਲੀਆਂ ਤਿੰਨ ਕਹਾਣੀਆਂ 'ਮੁੰਡੂ ਤੇ ਟਾਮੀ', 'ਮੈਨੂੰ ਸ਼ੇਰ ਬਣਾ ਦਿਓ',ਅਤੇ 'ਬਸ਼ੀਰਾ' ਬਾਲ-ਪਾਤਰਾਂ ਰਾਹੀਂ ਸਾਡੇ ਦੇਸ ਵਿਚਲੀ ਊਚ-ਨੀਚ ਦਾ ਚਿਤਰਣ ਕਰਦੀਆਂ ਹਨ, ਜਦਕਿ ਏਸੇ ਸੰਗ੍ਰਹਿ ਵਿਚਲੀ ਕਹਾਣੀ 'ਸੁਹਣੀ ਸਵੇਰ' ਅਲੰਕਾਰਕ ਢੰਗ ਨਾਲ ਲਿਖੀ ਗਈ ਨਿਰੋਲ ਰਾਜਨੀਤਿਕ ਕਹਾਣੀ ਹੈ। ਦਰਅਸਲ ਇਹ ਕਹਾਣੀਆਂ ਉਸ ਦੌਰ ਦੀ ਤਰਜਮਾਨੀ ਵੀ ਹਨ, ਜਦੋਂ ਦੇਸ ਨਵਾਂ ਨਵਾਂ ਆਜ਼ਾਦ ਹੋਇਆ ਸੀ ਅਤੇ ਵੱਡੀਆਂ ਆਰਥਿਕ ਅਤੇ

ਸਮਾਜਕ ਔਕੜਾਂ ਨਾਲ ਜੂਝ ਰਿਹਾ ਸੀ।

1959 ਦੇ ਅੰਤ ਵਿਚ ਛਪਣ ਵਾਲੀ ਉਹਨਾਂ ਦੀ ਅਗਲੀ ਕਿਤਾਬ 'ਨਵੀਂ ਰੁੱਤ' ਦੀਆਂ ਕਹਾਣੀਆਂ ਵਿਚ ਆਪਣੇ ਵਿਸ਼ਿਆਂ ਦੀ ਚੋਣ ਰਾਹੀਂ ਪਾਠਕ ਦੇ ਮਨ ਵਿਚ ਸਿਆਸੀ ਚੇਤਨਾ ਨੂੰ ਜਗਾਉਣ ਦੀ ਕੋਸ਼ਿਸ਼ ਕਰਨ ਵਾਲੀ ਨਵਤੇਜ ਸਿੰਘ ਦੀ ਇਹ ਖ਼ਾਸੀਅਤ ਹੋਰ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਵਿਚਲੀਆਂ ਬਹੁਤ ਸਾਰੀਆਂ ਕਹਾਣੀਆਂ ਜਿਵੇਂ 'ਨਵੀਂ ਰੁੱਤ', 'ਮਨੁੱਖ ਦੇ ਪਿਓ', 'ਮਲਾਇਆ ਦੀ ਕੁੜੀ ਦੇ ਨਾਂ', 'ਪਰੀ ਕਹਾਣੀ ਵਰਗੀ ਛੋਹ ਤੇਰੀ', 'ਜਲ੍ਹਿਆਂਵਾਲਾ ਜਾਗ ਪਿਆ', 'ਮੰਗਦੇ ਆਂ ਰੋਟੀਆਂ ਦੇਂਦੇ ਨੇ ਗੋਲੀਆਂ', 'ਜਦੋਂ ਲੋਕੀ ਸੌਂ ਜਾਂਦੇ ਨੇ', 'ਰੇਲ ਕਾ ਪਹੀਆ ਜਾਮ ਕਰੇਂਗੇ', 'ਭੋਲੂ ਦੀ ਚਿੱਠੀ', 'ਕਵੀ ਦੀ ਮੌਤ' ਤਿੱਖੀ ਸਮਾਜਕ ਤੇ ਰਾਜਨੀਤਕ ਚੇਤਨਾ ਨਾਲ ਓਤ ਪੋਤ ਹਨ। ਨਵਤੇਜ ਸਿੰਘ ਨੂੰ ਖੁਦ ਵੀ ਏਸ ਗੱਲ ਦਾ ਅਹਿਸਾਸ ਸੀ ਕਿ ਇਹਨਾਂ ਕਹਾਣੀਆਂ ਵਿਚ ਸਿਆਸਤ ਭਾਰੂ ਹੈ ਅਤੇ ਉਹਨਾਂ ਨੇ ਇਸ ਸੰਗ੍ਰਹਿ ਲਈ ਲਿਖੇ ਗਏ ਆਪਣੇ ਮੁੱਖ ਬੰਦ ਵਿਚ ਇਸ ਬਾਰੇ ਜ਼ਿਕਰ ਵੀ ਕੀਤਾ।

ਉਹਨਾਂ ਲਿਖਿਆ: *'ਨਵੀਂ ਰੁੱਤ' ਸੰਗ੍ਰਹਿ ਵਿਚ 17 ਲਿਖਤਾਂ ਹਨ। ਇਹਨਾਂ ਵਿਚੋਂ ਬਹੁਤੀਆਂ ਉੱਤੇ ਆਪਣੇ ਸਮੇਂ ਦੀ ਛਾਪ ਬੜੀ ਪਰਬਲ ਹੈ।*

*ਮੇਰਾ ਵਿਸ਼ਵਾਸ ਹੈ ਕਿ ਸਦੀਵੀ ਲਿਖਤਾਂ ਲਿਖਣ ਦੀ ਲਿਲ੍ਹ ਪਿੱਛੇ ਸਾਨੂੰ ਲੇਖਕਾਂ ਨੂੰ ਆਪਣੇ ਸਮੇਂ ਦੀਆਂ ਉਚੇਚੀਆਂ ਸਮੱਸਿਆਵਾਂ ਤੋਂ ਕੰਨੀ ਨਹੀਂ ਕਤਰਾਉਣੀ ਚਾਹੀਦੀ। ਆਪਣੇ ਸਮੇਂ ਦਾ ਵਰਣਨ, ਜਿਸ ਕਾਸੇ ਵਿਚੋਂ ਸਾਡੇ ਲੋਕ ਲੰਘਦੇ ਹਨ ਉਸਦਾ ਬਿਆਨ ਸਾਹਿਤ ਦਾ ਵਿਸ਼ੇਸ਼ ਅੰਗ ਹੈ। ਹਾਂ, ਇਹ ਬਿਆਨ ਉਸ ਤਰ੍ਹਾਂ ਦਾ ਉਪਰਲਾ ਉਪਰਲਾ ਨਹੀਂ ਹੋਣਾ ਚਾਹੀਦਾ ਜਿਸ ਤਰ੍ਹਾਂ ਦਾ ਅਖ਼ਬਾਰੀ ਖ਼ਬਰਾਂ ਵਿਚ ਹੁੰਦਾ ਹੈ। ਇਸ ਵਿਚ ਡੂੰਘਾਈ, ਜਜ਼ਬੇ, ਤੇ ਮਨੁੱਖ ਦੇ ਅੰਦਰਲੇ ਨੂੰ ਛੂਹਣ ਤੇ ਪ੍ਰੇਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ। ਮੈਂ ਨਹੀਂ ਕਹਿੰਦਾ ਕਿ ਇਸ ਟੀਚੇ ਮੁਤਾਬਕ ਮੈਂ ਸਫਲ ਰਿਹਾ ਹਾਂ ਪਰ ਜਤਨ ਜ਼ਰੂਰ ਕੀਤਾ ਹੈ।*

*ਇਸ ਸੰਗ੍ਰਹਿ ਦੀਆਂ ਕਈ ਕਹਾਣੀਆਂ ਵਿਚ ਕਹਾਣੀ ਦੇ ਰੂਪਕ ਪੱਖ ਤੋਂ ਕੁਝ ਖੁੱਲ੍ਹਾਂ ਲਈਆਂ ਗਈਆਂ ਹਨ। ਪ੍ਰਮਾਣਿਕ ਪੱਛਮੀ ਕਹਾਣੀ ਦੇ ਅਨੁਯਾਈ ਇਹਨਾਂ ਖੁਲ੍ਹਾਂ ਨੂੰ ਚੰਗਾ ਨਹੀਂ ਸਮਝਦੇ, ਪਰ ਸਾਡੇ ਸਾਧਾਰਨ ਲੋਕ ਇਹਨਾਂ ਖੁੱਲ੍ਹਾਂ ਦਾ ਸਵਾਗਤ ਕਰਦੇ ਹਨ; ਤੇ ਰਚਨਾਤਮਕ ਦਲੇਰੀ ਰੱਖਣ ਵਾਲੇ ਲੇਖਕਾਂ ਨੂੰ ਅਜਿਹੇ ਤਜਰਬਿਆਂ ਵਿਚ ਪੈਣਾ ਹੀ ਪੈਂਦਾ ਹੈ। ਸਾਡਾ ਕੌਮੀ ਸੁਭਾਅ ਪੱਛਮੀ ਲੋਕਾਂ ਦੇ ਸੁਭਾਅ ਨਾਲੋਂ ਕਿਤੇ ਵੱਧ ਕਾਵਿਮਈ ਹੈ। ਸਾਡੀਆਂ ਪੁਰਾਣੀਆਂ ਕਹਾਣੀਆਂ ਦੀ ਇਕ ਵਿਸ਼ੇਸ਼ ਪਰੰਪਰਾ ਹੈ। ਮੇਰਾ ਵਿਸ਼ਵਾਸ ਹੈ ਕਿ ਸਾਨੂੰ ਕਹਾਣੀ ਲੇਖਕਾਂ ਨੂੰ ਇਹ ਕੌਮੀ ਅੰਸ਼ ਆਪਣੀ ਸ਼ੈਲੀ ਵਿਚ ਰਚਾਣੇ ਚਾਹੀਦੇ ਹਨ। ਅਸੀਂ ਪੱਛਮੀ ਕਹਾਣੀ ਕੋਲੋਂ ਬਹੁਤ ਕੁਝ ਸਿੱਖਿਆ ਹੈ ਤੇ ਸਿੱਖ ਸਕਦੇ ਹਾਂ – ਪ੍ਰਮਾਣਿਕ ਕਹਾਣੀ ਰੂਪ ਦੀ ਸਾਨੂੰ ਪੂਰੀ ਪਕੜ ਹੋਣੀ ਚਾਹੀਦੀ ਹੈ; ਪਰ ਇਹਦੀਆਂ ਵਲਗਣਾਂ ਵਿਚ ਹੀ ਸਿਮਟ ਕੇ ਨਹੀਂ ਰਹਿ ਜਾਣਾ ਚਾਹੀਦਾ।*

*ਇਹਨਾਂ ਨੂੰ ਖੁੱਲ੍ਹਾਂ ਸਮਝੋ ਜਾਂ ਤਜਰਬੇ, ਇਹ ਨਾ ਮੇਰੀ ਕੋਈ ਉਚੇਚੀ ਵਡਿਆਈ ਹਨ, ਨਾ ਹੀ ਇਹਨਾਂ ਨੂੰ ਮੈਂ ਆਪਣਾ ਕਸੂਰ ਮੰਨਦਾ ਹਾਂ। ਇਹ ਸਾਡੇ ਜੁਗ ਦੀ ਵਿਸ਼ੇਸ਼ ਉਪਜ ਹਨ। ਅੱਜ ਲੇਖਕ ਕੇਵਲ ਸਮੱਸਿਆ ਪੇਸ਼ ਕਰਕੇ ਹੀ ਤਸੱਲੀ ਨਹੀਂ ਲੈ ਸਕਦਾ, ਸਮੱਸਿਆ ਦੇ ਹੱਲ ਦਾ ਸੁਝਾਅ ਵੀ ਦੇਣਾ ਚਾਹੁੰਦਾ ਹੈ, ਪਰ ਦੂਜੇ ਪਾਸੇ ਇਹ ਹੱਲ ਸਾਡੀ ਜ਼ਿੰਦਗੀ ਵਿਚ ਅਜੇ ਇਨਾ ਵਿਆਪਕ ਨਹੀਂ ਹੋਇਆ ਕਿ ਅਚੇਤ ਹੀ ਪਾਤਰਾਂ ਦੇ ਕਹਾਣੀ ਵਿਕਾਸ ਵਿਚ ਪ੍ਰਗਟਾਇਆ ਜਾ ਸਕੇ ; ਸੋ ਲੇਖਕ ਆਪਣੇ ਵੱਲੋਂ ਕੁਝ ਕਹਿ ਕੇ ਚਿੰਨ੍ਹਾਤਮਕ ਤੇ ਹੋਰ ਕਈ ਕਲਾ ਸਾਧਨ ਵਰਤ ਕੇ ਇਸ ਹੱਲ ਦਾ ਸੁਝਾ ਦਿੰਦਾ ਹੈ। ਇਹ ਭਾਵੇਂ ਪ੍ਰਮਾਣਿਕ ਕਹਾਣੀ ਰੂਪ ਨਹੀਂ, ਨਾ ਹੀ ਇਹ ਅੰਤਿਮ ਹੈ, ਪਰ ਅੱਜ ਦੇ ਸਮੇਂ ਲਈ ਅਤੀ ਲੋੜੀਂਦਾ ਹੈ। ਅਜਿਹੀ ਕਹਾਣੀ ਲਿਖਣ ਦਾ ਹੀਆ ਕੀਤੇ ਬਿਨਾਂ ਕਈ ਵਾਰ ਕਹਾਣੀ ਲੇਖਕ ਆਪਣੀ ਪੂਰੀ ਉਡਾਰੀ ਤੋਂ ਵਿਰਵਾ ਰਹਿ ਜਾਂਦਾ ਹੈ, ਤੇ ਫਸਿਆ-ਫਸਿਆ, ਊਣਾ-ਊਣਾ ਮਹਿਸੂਸ ਕਰਦਾ ਹੈ।*

*ਇਹ ਸੰਗ੍ਰਹਿ ਵਿਚ ਸੱਤ ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਵਿਚ ਪ੍ਰਮਾਣਿਕ ਕਹਾਣੀ ਰੂਪ ਨਾਲ ਖੁੱਲ੍ਹ ਲੈ ਕੇ ਨਵਾਂ ਤਜਰਬਾ ਕੀਤਾ ਗਿਆ ਹੈ। ਚਾਰ ਅਜਿਹੀਆਂ ਲਿਖਤਾਂ ਹਨ ਜਿਨ੍ਹਾਂ ਨੂੰ ਸਕੈੱਚ ਕਿਹਾ ਜਾ ਸਕਦਾ ਹੈ, ਤੇ ਛੇ ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਦੀ ਬਣਤਰ ਪ੍ਰਮਾਣਿਕ ਕਹਾਣੀ ਦੇ ਨੇਮਾਂ ਦੇ ਅਨੁਕੂਲ ਹੈ। ਆਪਣੀਆਂ ਇਹ ਲਿਖਤਾਂ ਪੁਸਤਕ ਰੂਪ ਵਿਚ ਪਾਠਕਾਂ ਦੇ ਸਾਹਮਣੇ ਪੇਸ਼ ਕਰਕੇ ਅੱਜ ਮੈਨੂੰ ਬੜੀ ਖ਼ੁਸ਼ੀ ਹੋ ਰਹੀ ਹੈ।* (8 ਅਕਤੂਬਰ 1959)

ਏਸੇ ਸੰਗ੍ਰਹਿ ਦੇ ਸ਼ੁਰੂ ਵਿਚ ਇਕ ਖੁੱਲ੍ਹੀ ਕਵਿਤਾ ਵੀ ਦਰਜ ਹੈ ਜਿਹੜੀ ਨਵਤੇਜ ਹੋਰਾਂ ਦੀ ਲਿਖੀ ਹੋਈ ਸ਼ਾਇਦ ਇਕ ਮਾਤਰ ਕਵਿਤਾ ਹੈ। ਇਹਦੇ ਵਿਚ ਹੀ ਉਹਨਾਂ ਦੀ ਉਹ ਕਹਾਣੀ 'ਮਨੁੱਖ ਦੇ ਪਿਓ' ਸ਼ਾਮਿਲ ਹੈ ਜਿਹਨੂੰ 1953 ਵਿਚ ਬੁਖ਼ਾਰੈਸਟ (ਰੁਮਾਨੀਆ) ਵਿਖੇ ਹੋਏ ਚੌਥੇ ਕੌਮਾਂਤਰੀ ਨੌਜਵਾਨ ਮੇਲੇ ਸਮੇਂ ਸੰਸਾਰ ਸਾਹਿਤ ਮੁਕਾਬਲੇ ਵਿਚ ਪਹਿਲਾ ਇਨਾਮ ਮਿਲਿਆ ਸੀ। ਉਸ ਮੁਕਾਬਲੇ ਸਮੇਂ ਇਸ ਕਹਾਣੀ ਦਾ ਸਿਰਲੇਖ 'ਬਿਨ ਚੱਪੂਆਂ ਤਰਦੀਆਂ ਬੇੜੀਆਂ' ਸੀ। ਜਦੋਂ ਤਕ 'ਨਵੀਂ ਰੁੱਤ' ਪੰਜਾਬੀ ਵਿਚ ਛਪੀ, ਨਵਤੇਜ ਸਿੰਘ ਦੀਆਂ ਅੱਠ ਕਹਾਣੀਆਂ ਦਾ ਸੰਗ੍ਰਹਿ ਚੀਨੀ ਵਿਚ ਤੇ 16 ਕਹਾਣੀਆਂ ਦਾ ਸੰਗ੍ਰਹਿ ਰੋਮਾਨੀਅਨ ਭਾਸ਼ਾਵਾਂ ਵਿਚ ਛਪ ਚੁੱਕੇ ਸਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਕਈ ਕਹਾਣੀਆਂ ਸੋਵੀਅਤ ਰੂਸ ਦੇ ਪ੍ਰਸਿੱਧ ਰਸਾਲਿਆਂ ਅਤੇ ਰੂਸੀ, ਸਲੋਵਾਕ, ਪੋਲਿਸ਼ ਤੇ ਹੋਰ ਬੋਲੀਆਂ ਵਿਚ ਪ੍ਰਕਾਸ਼ਤ ਹੋਈਆਂ ਹਿੰਦੁਸਤਾਨੀ ਲੇਖਕਾਂ ਦੀਆਂ ਚੋਣਵੀਆਂ ਕਹਾਣੀਆਂ ਦੇ ਸੰਗ੍ਰਹਿਆਂ ਵਿਚ ਛਪ ਚੁੱਕੀਆਂ ਸਨ। ਇਹੋ ਜਿਹਾ ਮਾਣ ਉਸ ਸਮੇਂ ਤਕ (ਅਤੇ ਸ਼ਾਇਦ ਹੁਣ ਤੀਕ ਵੀ) ਪੰਜਾਬੀ ਦੇ ਕਿਸੇ ਹੋਰ ਲੇਖਕ ਨੂੰ ਨਹੀਂ ਮਿਲਿਆ।

1960 ਵਿਚ ਨਵਤੇਜ ਸਿੰਘ ਦਾ ਤੀਜਾ ਕਹਾਣੀ ਸੰਗ੍ਰਹਿ 'ਬਾਸਮਤੀ ਦੀ ਮਹਿਕ' ਛਪਿਆ ਜਿਸ ਵਿਚ 12 ਕਹਾਣੀਆਂ ਸਨ। 'ਬਾਸਮਤੀ ਦੀ ਮਹਿਕ' ਤਕ ਪਹੁੰਚਦਿਆਂ ਪਹੁੰਚਦਿਆਂ ਨਵਤੇਜ ਦੀ ਲੇਖਣੀ ਵਿਚ ਇਕ ਨਵੀਂ ਗੱਲ ਉਭਰ ਕੇ ਸਾਹਮਣੇ ਆਂਦੀ ਹੈ – ਉਹਨਾਂ ਦਾ ਮੁਹੱਬਤ ਦੇ ਵਿਸ਼ਿਆਂ ਨਾਲ ਜੁੜੀਆਂ ਕਹਾਣੀਆਂ ਨੂੰ ਵੀ ਆਪਣੀ ਕਲਮ ਰਾਹੀਂ ਬਿਆਨਣ ਵੱਲ ਮੋੜ ਕੱਟਣਾ; ਜਿਨ੍ਹਾਂ ਵਿਚ 'ਬਾਸਮਤੀ ਦੀ ਮਹਿਕ', 'ਇਕ ਕੁੜੀ ਤੇ ਇਕ ਸਰਾਪ' ਵਰਗੀਆਂ ਕਹਾਣੀਆਂ ਹਨ ਅਤੇ ਨਾਲ ਹੀ 'ਦਿਲ ਦੀ ਥਾਂ ਤੇ ਜੰਦਰਾ' ਵਰਗੀ ਕਹਾਣੀ ਵੀ ਹੈ ਜਿਹੜੀ ਇਕ ਬੇਮੇਲ ਵਿਆਹ (ਕੋਮਲ ਸੱਧਰਾਂ ਵਾਲੀ ਔਰਤ ਅਤੇ ਰੁੱਖੇ ਕੁਰਖਤ ਕਿਸਮ ਦੇ ਆਦਮੀ ਦੀ ਜੋੜੀ) ਦੀ ਦਾਸਤਾਨ ਹੈ। ਪਰ ਅਜਿਹੇ ਵਿਸ਼ਿਆਂ ਦੇ ਨਾਲ ਨਾਲ ਹੀ ਉਹਨਾਂ ਦੀਆਂ ਉਹ ਕਹਾਣੀਆਂ ਵੀ ਹਨ ਜਿਹੜੀਆਂ ਸਾਡੇ ਸਮਾਜਕ ਪਾੜੇ ਦੀ ਗੱਲ ਕਰਦੀਆਂ ਹਨ। ਇਹਨਾਂ ਵਿਚ 'ਕੋਟ ਤੇ ਮਨੁੱਖ', 'ਅੰਨ ਤੇ ਸੁਫਨਾ', 'ਤਾਮੀਲ–ਕੁਨਿੰਦਾ', 'ਦੂਜੀ ਵਾਰ ਫਿਰ ਜੇਬ ਕੱਟੀ ਗਈ', 'ਭੈਣ ਦੀ ਮਹਿਕ', ਤੇ 'ਸੱਤੇ ਦੇ ਸੱਤੇ ਅਜੂਬੇ' ਖਾਸ ਧਿਆਨਯੋਗ ਹਨ। ਜਿੱਥੇ 'ਤਾਮੀਲ– ਕੁਨਿੰਦਾ' ਵਿਚ ਲੇਖਕ ਅਮੀਰ ਗ਼ਰੀਬ ਦਾ ਵਖਰੇਵਾਂ ਪੇਸ਼ ਕਰਦਿਆਂ ਉਤਲੇ ਤਬਕੇ ਦੇ ਪਾਤਰ ਵਿਚ ਵੀ ਸੰਵੇਦਨਸ਼ੀਲਤਾ ਦੀ ਹੋਂਦ ਦਰਸਾਂਦਾ ਹੈ, ਓਥੇ 'ਦੂਜੀ ਵਾਰੀ ਜੇਬ ਕੱਟੀ ਗਈ' ਵਿਚ ਉਹ ਇਕ ਅਜਿਹੇ ਸਰਦੇ–ਪੁਜਦੇ ਕਿਰਦਾਰ ਨੂੰ ਵੀ ਚਿਤਰਦਾ ਹੈ ਜੋ ਵਾਹ ਲੱਗਿਆਂ ਨਿਰੋਲ ਨਿਤਾਣੇ ਮਜ਼ਦੂਰ ਦਾ ਸ਼ੋਸ਼ਣ ਕਰਨ ਤੋਂ ਵੀ ਬਾਜ਼ ਨਹੀਂ ਆਂਦਾ।

ਨਵਤੇਜ ਸਿੰਘ ਦਾ ਚੌਥਾ ਕਹਾਣੀ ਸੰਗ੍ਰਹਿ 'ਚਾਨਣ ਦੇ ਬੀਜ' 1963 ਵਿਚ ਛਪਿਆ, ਜਿਸ ਵਿਚ 23 ਕਹਾਣੀਆਂ ਹਨ। 'ਦਸਤਾਰ..ਝੂਲਾ..ਮੁਸਕਰਾਹਟ' ਨਾਂ ਦੀ ਸ਼ਾਹਕਾਰ ਕਹਾਣੀ ਏਸੇ ਸੰਗ੍ਰਹਿ ਵਿਚ ਸ਼ਾਮਲ ਹੈ, ਜੋ ਲੇਖਕ ਦੀ ਡੂੰਘੀ ਸਮਾਜਕ ਸੂਝ, ਨਿੱਕੇ ਨਿੱਕੇ ਫ਼ਿਕਰਿਆਂ ਰਾਹੀਂ ਬਹੁਤ ਵੱਡੀਆਂ ਗੱਲਾਂ ਕਹਿ ਜਾਣ ਦੀ ਖ਼ਾਸ ਪ੍ਰਤਿਭਾ ਅਤੇ ਤਿੱਖੀ ਨਜ਼ਰ ਦੀ ਬਹੁਤ ਵਧੀਆ ਮਿਸਾਲ ਹੈ। ਉਨ੍ਹਾਂ ਦਾ ਆਖ਼ਰੀ ਕਹਾਣੀ ਸੰਗ੍ਰਹਿ 'ਭਾਈਆਂ ਬਾਝ' 1974 ਵਿਚ ਛਪਿਆ ਜਿਸ ਵਿਚ 21 ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਪੰਜ ਕਹਾਣੀ ਸੰਗ੍ਰਹਿਆਂ ਵਿਚ ਕੁਲ ਮਿਲਾ ਕੇ 89 ਕਹਾਣੀਆਂ ਮਿਲਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਦੋ ਕਿਤਾਬਾਂ ਹੋਰ ਵੀ ਛਪੀਆਂ। 1966 ਵਿਚ ਛਪਣ ਵਾਲੀ

'ਦੋਸਤੀ ਦੇ ਪੰਧ', ਜਿਸਦਾ ਜ਼ਿਕਰ ਪਹਿਲੋਂ ਵੀ ਕੀਤਾ ਜਾ ਚੁੱਕਾ ਹੈ, ਅਤੇ ਜਿਹੜੀ ਉਨ੍ਹਾਂ ਦੇ ਯਾਤ੍ਰਾ-ਲੇਖਾਂ ਅਤੇ ਯਾਦਾਂ ਦਾ ਸੰਗ੍ਰਹਿ ਹੈ ਅਤੇ 'ਸਭ ਤੋਂ ਵੱਡਾ ਖ਼ਜ਼ਾਨਾ' ਜਿਸਨੂੰ ਬਾਲ-ਸਾਹਿਤ ਲੜੀ ਤਹਿਤ ਛਾਪਿਆ ਗਿਆ। 'ਸਭ ਤੋਂ ਵੱਡਾ ਖ਼ਜ਼ਾਨਾ' ਵਿਚ ਹੋਰਨਾਂ ਸੰਗ੍ਰਹਿਆਂ ਵਿਚੋਂ ਲਈਆਂ ਗਈਆਂ ਉਹ ਕਹਾਣੀਆਂ ਸ਼ਾਮਲ ਹਨ ਜਿਨ੍ਹਾਂ ਨੂੰ ਵਿਸ਼ੇ, ਉਸਦੇ ਨਿਭਾਅ ਅਤੇ ਕਿਰਦਾਰਾਂ ਕਾਰਨ ਬਾਲ-ਸਾਹਿਤ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ।

ਨਵਤੇਜ ਸਿੰਘ ਉਨ੍ਹਾਂ ਗਿਣਤੀ ਦੇ ਪੰਜਾਬੀ ਲੇਖਕਾਂ ਵਿਚੋਂ ਸਨ ਜਿਨ੍ਹਾਂ ਨੂੰ ਨਾ ਸਿਰਫ਼ ਰਵਾਇਤੀ ਜ਼ਬਾਨ (ਪਿੰਡਾਂ ਵਿਚ ਬੋਲੀ ਜਾਂਦੀ) ਦੀ ਭਰਵੀਂ ਜਾਣਕਾਰੀ ਸੀ, ਬਲਕਿ ਜਿਨ੍ਹਾਂ ਨੇ ਆਪਣੀ ਜ਼ਬਾਨ ਨੂੰ ਹੋਰ ਸਮਰੱਥ ਬਣਾਉਣ ਦੇ ਭਰਪੂਰ ਜਤਨ ਵੀ ਕੀਤੇ ਅਤੇ ਇਸਦੀਆਂ ਸੰਭਾਵਨਾਵਾਂ ਨੂੰ ਆਪਣੀਆਂ ਸਿਰਜਣਾਤਮਕ ਉਡਾਣਾਂ ਨਾਲ ਹੋਰ ਅਮੀਰ ਕੀਤਾ। ਜੇ ਇਕ ਪਾਸੇ 'ਨਵੀਂ ਰੁੱਤ' ਵਰਗੀ ਕਹਾਣੀ ਪੇਂਡੂ ਧਰਾਤਲ ਅਤੇ ਪਾਤਰਾਂ ਦੀ ਬੋਲੀ ਉੱਤੇ ਉਨ੍ਹਾਂ ਦੀ ਡੂੰਘੀ ਪਕੜ ਦਾ ਪ੍ਰਮਾਣ ਹੈ ਤਾਂ ਦੂਜੇ ਪਾਸੇ ਉਨ੍ਹਾਂ ਦੀਆਂ ਕਹਾਣੀਆਂ ਵਿਚ ਇਹੋ ਜਿਹੇ ਫ਼ਿਕਰੇ ਥਾਂ ਥਾਂ ਲਿਸ਼ਕਦੇ ਹਨ : *ਬੜੇ ਹੀ ਅਲੋਕਾਰ ਦਿਨ ਸਨ ਉਹ। ਮੇਰੀ ਜਵਾਨੀ ਜਾਗਣ ਦੇ ਦਿਨ, ਸਰੀਰ ਦੀ ਸੋਝੀ ਦੇ ਨਾਲ ਨਾਲ ਮਨ ਦੇ ਸੁੱਝਣ ਹੋਣ ਦੇ ਦਿਨ..* (ਮੇਰਾ ਹਬੀਬ), *ਤੇ ਉਹ ਕਿੰਨੀਆਂ ਰਜ਼ਾਈਆਂ ਵਿਚ ਵਲ੍ਹੇਟੀ ਅਲਸਾਈ ਪਈ ਸੀ, ਤੇ ਰਜ਼ਾਈਆਂ ਵਿਚ ਰੂੰ ਨਹੀਂ, ਧੁੱਪਾਂ ਬੰਦ ਸਨ..*(ਕੋਟ ਤੇ ਮਨੁੱਖ), *ਕਿਹਾ ਜੱਗ ਸੀ ਇਹ, ਜਿਸ ਵਿਚ ਜਿੰਦ ਦੇ ਸੁੱਚੇ ਚਾਨਣ ਨੂੰ ਮਾਨਣ ਲਈ ਹਨੇਰਿਆਂ ਦੀ ਓਟ ਲੱਭਣੀ ਪੈਂਦੀ ਏ..* (ਸੋਹਣੀ ਮਹੀਵਾਲ)।

ਏਨਾ ਹੀ ਨਹੀਂ, ਉਨ੍ਹਾਂ ਦੀਆਂ ਕਹਾਣੀਆਂ ਵਿਚ ਕਿਤੇ ਵੀ ਅੰਗਰੇਜ਼ੀ ਦੇ ਸ਼ਬਦ ਨਹੀਂ ਰੜਕਦੇ (ਜਿਨ੍ਹਾਂ ਦੀ ਹੁਣ ਲਿਖੇ ਜਾ ਰਹੇ ਆਲਸੀ ਪੰਜਾਬੀ ਸਾਹਿਤ ਵਿਚ ਭਰਮਾਰ ਹੋ ਗਈ ਹੈ) ਸਗੋਂ ਕਮਰਾ-ਸਾਥਣ ਵਰਗੀਆਂ ਨਿਰੋਲ ਨਵੀਂਆਂ ਘਾੜਤਾਂ ਲੱਭਦੀਆਂ ਹਨ। ਮੈਨੂੰ ਚੇਤੇ ਆਉਂਦਾ ਹੈ ਕਿ 1973 ਵਿਚ ਜਦੋਂ ਮੈਂ ਪਹਿਲੀ ਵਾਰ ਕਹਾਣੀ ਲਿਖੀ ਤਾਂ 'ਪ੍ਰੀਤ ਲੜੀ' ਵਿਚ ਛਪਣ ਲਈ ਭੇਜੀ। ਇਸ ਵਿਚ ਦੋ ਤਿੰਨ ਥਾਂਵਾਂ 'ਤੇ ਮੈਂ ਮਨੋਪਲੀ, ਕਲਾਸਫ਼ੈਲੋ ਵਰਗੇ ਅੰਗਰੇਜ਼ੀ ਸ਼ਬਦ ਵਰਤੇ ਸਨ, ਜਿਨ੍ਹਾਂ ਨੂੰ ਨਵਤੇਜ ਸਿੰਘ ਜੀ ਨੇ ਬਦਲ ਕੇ ਸੁਚੱਜੀ ਪੰਜਾਬੀ ਵਿਚ ਢਾਲ ਦਿੱਤਾ ਅਤੇ ਕਹਾਣੀ ਦੀ ਮਨਜ਼ੂਰੀ ਦਾ ਖ਼ਤ ਭੇਜਦਿਆਂ ਹਿਦਾਇਤ ਕੀਤੀ ਕਿ ਅੰਗਰੇਜ਼ੀ ਦੇ ਲਫ਼ਜ਼ ਵਰਤਣ ਤੋਂ ਗੁਰੇਜ਼ ਕਰਿਆ ਕਰਾਂ ਅਤੇ ਪਹਿਲੋਂ ਪੰਜਾਬੀ ਬਦਲ ਲੱਭਾਂ ਜਾਂ ਘੜਨ ਦੀ ਕੋਸ਼ਿਸ਼ ਕਰਾਂ। ਉਨ੍ਹਾਂ ਦੀ ਇਸ ਹਿਦਾਇਤ ਨੂੰ ਮੈਂ ਕਦੇ ਨਹੀਂ ਭੁਲਾਇਆ ਅਤੇ ਵਾਹ ਲਗਦਿਆਂ ਹਮੇਸ਼ਾ ਇਸ ਦੀ ਪਾਲਣਾ ਵੀ ਕੀਤੀ ਹੈ। ਹੁਣ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦਿਆਂ ਮੁੜ ਅਹਿਸਾਸ ਹੁੰਦਾ ਹੈ ਕਿ ਇਸ ਮਸਲੇ ਬਾਰੇ ਉਹ ਕਿੰਨੇ ਸੁਚੇਤ ਅਤੇ ਸਿਰੜੀ ਸਨ।

ਨਵਤੇਜ ਸਿੰਘ ਨੇ ਮਨੋਵਿਗਿਆਨ ਦੀ ਐੱਮ.ਏ. ਕੀਤੀ ਸੀ: ਇਸ ਵਿਦਿਅਕ ਯੋਗਤਾ ਦੀ ਵਰਤੋਂ ਅਤੇ ਛਾਪ ਉਨ੍ਹਾਂ ਦੀਆਂ ਕਈ ਕਹਾਣੀਆਂ ਵਿਚ ਸਪਸ਼ਟ ਹੈ। 'ਕੋਟ ਤੇ ਮਨੁੱਖ' ਵਿਚ ਸਿੱਧੇ ਤੌਰ 'ਤੇ, ਅਤੇ 'ਦਿਲ ਦੀ ਥਾਂ ਤੇ ਜੰਦਰਾ' ਤੇ 'ਹਵਾਲਦਾਰ ਸ਼ਿੰਗਾਰਾ ਸਿੰਘ' ਵਰਗੀਆਂ ਕਹਾਣੀਆਂ ਵਿਚ ਪਿਛੋਕੜੀ ਰੂਪ ਵਿਚ। ਏਨਾ ਹੀ ਨਹੀਂ, ਮਨੁੱਖੀ ਮਨ ਨੂੰ ਡੂੰਘਾਈ ਵਿਚ ਜਾ ਕੇ ਫਰੋਲ ਸਕਣ ਦੀ ਇਹ ਮੁਹਾਰਤ ਨਵਤੇਜ ਸਿੰਘ ਦੇ ਪਾਤਰਾਂ ਨੂੰ ਨਿਰੋਲ ਕਾਲ਼ੇ-ਚਿੱਟੇ ਜਮਾਤੀ ਖਾਨਿਆਂ ਵਿਚ ਧੱਕਣ ਤੋਂ ਵੀ ਬਚਾਂਦੀ ਹੈ। ਨਵਤੇਜ ਸਿੰਘ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਸਨ, ਅਤੇ ਉਨ੍ਹਾਂ ਦੇ ਜੀਵਨ ਕਾਲ਼ ਵਿਚ ਜਮਾਤੀ ਘੋਲ਼ ਹੁਣ ਨਾਲੋਂ ਕਿਤੇ ਤਿਖੇਰੇ ਸਨ। ਇਸ ਦੇ ਬਾਵਜੂਦ ਨਵਤੇਜ ਸਿੰਘ ਆਪਣੇ ਗ਼ੈਰ-ਕਿਰਤੀ ਜਮਾਤ ਵਾਲੇ ਕਿਰਦਾਰਾਂ ਨੂੰ ਸਿੱਧੜ ਨਾਂਹ-ਪੱਖੀ ਸੱਚਿਆਂ ਵਿਚ ਨਹੀਂ ਦਰੜਦੇ। 'ਕੋਟ ਤੇ ਮਨੁੱਖ' ਦੇ ਰਾਏ ਸਾਹਬ ਵਿਚ ਜਮਾਤੀ ਹੈਂਕੜ ਤਾਂ ਹੈ, ਪਰ ਉਸ ਉੱਤੇ ਤਹਿਜ਼ੀਬ ਦਾ ਮੁਲੰਮਾ ਵੀ ਹੈ ਜਿਸਨੂੰ ਸ਼ਾਇਦ ਰਾਏ ਸਾਹਬ ਖ਼ੁਦ ਵੀ ਨਹੀਂ ਸਮਝਦੇ। ਦੂਜੇ ਪਾਸੇ 'ਮੈਨੂੰ ਮਨੁੱਖਾਂ ਵਿਚ ਸ਼ਾਮਲ ਕਰ ਲਓ' ਕਹਾਣੀ ਦਾ ਪਾਤਰ, ਆੜ੍ਹਤੀ ਜੋਧਾ ਮੱਲ ਆਮ ਖ਼ੂਨ-ਚੂਸੂ ਬਾਣੀਆ ਨਹੀਂ, ਗੁਨਾਹ ਦੇ ਅਹਿਸਾਸ ਦਾ ਡੰਗਿਆ ਹੋਇਆ ਮਨੁੱਖ ਹੈ। ਪਾਤਰਾਂ ਦੀ ਮਾਨਸਕਤਾ ਨੂੰ ਕਈ ਪਾਸਿਆਂ

ਤੋਂ ਘੋਖ ਸਕਣ ਦੀ ਇਹ ਸਮਰੱਥਾ ਨਵਤੇਜ ਸਿੰਘ ਦੇ ਕਿਰਦਾਰਾਂ ਨੂੰ ਗੋਲ਼ਾਈ ਦੇਂਦੀ ਹੈ ਅਤੇ ਉਹ ਵਡੇਰੇ ਅਰਥਾਂ ਵਿਚ ਮਨੁੱਖਵਾਦੀ ਲੇਖਕ ਬਣ ਕੇ ਉਭਰਦੇ ਹਨ। ਇਕ ਤਾਂ ਉਨ੍ਹਾਂ ਦੇ ਸਰੋਕਾਰ ਵਡੇਰੇ ਹਨ ਜੋ ਮਲਾਇਆ ਦੇ ਆਜ਼ਾਦੀ ਘੁਲਾਟੀਆਂ ਤੋਂ ਲੈ ਕੇ (ਮਲਾਇਆ ਦੀ ਇਕ ਕੁੜੀ ਦੇ ਨਾਂ) ਅੰਮ੍ਰਿਤਸਰ ਦੇ ਉਸ ਰਿਕਸ਼ੇ ਵਾਲੇ ਤਕ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ ਜਿਸਨੇ ਲਾਲ ਝੰਡੇ ਦਾ ਨਾਂਅ ਵੀ ਨਹੀਂ ਸੁਣਿਆ ਹੋਇਆ (ਤਿੰਨ ਜੀਆਂ ਦੀਆਂ ਅੱਖਾਂ), ਤੇ ਦੂਜੇ ਪਾਸੇ 'ਇਕ ਕੁੜੀ ਤੇ ਇਕ ਸਰਾਪ' ਅਤੇ 'ਦਿਲ ਦੀ ਥਾਂ ਤੇ ਜੰਦਰਾ' ਵਰਗੀਆਂ ਉਨ੍ਹਾਂ ਦੀਆਂ ਅਜਿਹੀਆਂ ਕਹਾਣੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਨਾਰੀ ਮਨ ਦੀ ਵੇਦਨਾ ਨੂੰ ਉਸ ਸਮੇਂ ਜ਼ੁਬਾਨ ਦਿੱਤੀ ਜਦੋਂ ਅਜੇ ਨਾਰੀਵਾਦ ਦਾ ਸ਼ਬਦ ਤਕ ਨਹੀਂ ਸੀ ਘੜਿਆ ਗਿਆ। ਕੁਝ ਕਹਾਣੀਆਂ ਸਿਆਸੀ ਲੇਖਾਂ ਨੂੰ ਬਿਲਕੁਲ ਕਹਾਣੀ ਵਾਲਾ ਰੂਪ ਦੇ ਕੇ ਲਿਖੀਆਂ ਗਈਆਂ ਹਨ ਮਸਲਨ : 'ਮੁੜ ਇਹੋ ਜਿਹੀ ਹੀ ਕਹਾਣੀ ਨਾ ਲਿਖਣੀ ਪਵੇ'। ਇਹ ਕਹਾਣੀ ਅੰਮ੍ਰਿਤਸਰ ਵਿਚ ਪੰਜਾਬੀ ਸੂਬੇ ਦੀ ਜਦੋਜਹਿਦ ਦੇ ਸਮੇਂ ਹਿੰਦੂ ਸਿੱਖ ਫਸਾਦ ਵੇਲੇ ਮਾਰੇ ਗਏ ਇਕ ਆਦਮੀ ਦੀ ਕਹਾਣੀ ਹੈ ਅਤੇ ਲਿਖੀ ਇਸ ਢੰਗ ਨਾਲ ਗਈ ਹੈ ਕਿ ਇਹ ਜਾਪਦੀ ਭਾਵੇਂ ਕਹਾਣੀ ਹੈ, ਪਰ ਹੈ ਇਹ ਦਰਅਸਲ ਉਸ ਵੇਲ਼ੇ ਦੀ ਭਿਆਨਕ ਅਤੇ ਮੰਦਭਾਗੀ ਸੱਚਾਈ ਦਾ ਚਿਤਰਣ।

ਨਵਤੇਜ ਸਿੰਘ ਦੀਆਂ ਕਹਾਣੀਆਂ ਲੰਮੀਆਂ ਨਹੀਂ; ਕਈ ਤਾਂ ਮੁਸ਼ਕਲ ਨਾਲ ਤਿੰਨ-ਚਾਰ ਸਫ਼ਿਆਂ ਦੀਆਂ ਹਨ। ਪਰ ਇਸਦੇ ਬਾਵਜੂਦ ਇਹ ਇਕਹਿਰੀਆਂ ਨਹੀਂ। ਮਿਸਾਲ ਦੇ ਤੌਰ 'ਤੇ ਉਨ੍ਹਾਂ ਦੀ ਕਹਾਣੀ 'ਮਾਂ ਦੇ ਦਿਲ ਵਿਚ ਐਲੋਰਾ ਦਾ ਮੰਦਰ' ਨਿੱਕੜੀ ਹੋਣ ਦੇ ਬਾਵਜੂਦ ਅਛੋਪਲੇ ਹੀ ਆਪਣੇ ਸਮੇਂ ਅਤੇ ਸਥਾਨ ਦੀ ਬਹੁਪੱਖੀ ਤਸਵੀਰ ਪੇਸ਼ ਕਰ ਜਾਂਦੀ ਹੈ। ਇਸਤੋਂ ਇਲਾਵਾ ਉਨ੍ਹਾਂ ਦੀਆਂ ਕਹਾਣੀਆਂ ਰੂਪ ਪੱਖੋਂ ਵੀ ਕਈ ਤਜਰਬੇ ਕਰਦੀਆਂ ਹਨ। 'ਸਭ ਤੋਂ ਵੱਡਾ ਖਜ਼ਾਨਾ' ਲੋਕ-ਕਥਾਈ ਸ਼ੈਲੀ ਵਿਚ ਲਿਖੀ ਗਈ ਹੈ ਅਤੇ 'ਜਲ੍ਹਿਆਂਵਾਲਾ ਜਾਗ ਪਿਆ' ਤਕਰੀਬਨ ਪਰਾ-ਯਥਾਰਥਵਾਦੀ ਢੰਗ ਨਾਲ। 'ਮਨੁੱਖ ਅਤੇ ਉਸਦਾ ਝੰਡਾ' ਤਾਂ ਕਈ ਰੂਪਾਂ ਦਾ ਸੁਮੇਲ ਹੈ: ਇਸ ਵਿਚ ਵੇਲ਼ੇ ਦੀਆਂ ਰਾਜਸੀ ਘਟਨਾਵਾਂ ਦਾ ਇੰਨ-ਬਿੰਨ ਚਿਤਰਣ ਵੀ ਹੈ, ਅੱਗੜ-ਪਿੱਛੜ ਤੁਰਦੇ ਬਿਰਤਾਂਤ ਦੀ ਵਿਧੀ ਵੀ ਅਤੇ ਸੁਪਨੀਲਾ ਪਰਾ-ਯਥਾਰਥਵਾਦ ਵੀ। ਸਿਰਫ਼ ਛੇ ਸਫ਼ਿਆਂ ਦੀ ਕਹਾਣੀ ਵਿਚ ਏਨੀਆਂ ਸਾਰੀਆਂ ਸ਼ੈਲੀਆਂ ਵਰਤ ਕੇ ਉਨ੍ਹਾਂ ਵਿਚ ਸਮਤੋਲ ਕਾਇਮ ਰੱਖ ਸਕਣਾ ਨਵਤੇਜ ਸਿੰਘ ਵਰਗੇ ਵਿਲੱਖਣ ਹੁਨਰ ਰਾਹੀਂ ਹੀ ਸੰਭਵ ਸੀ।000

***(ਈਮੇਲ: sukirat.anand@gmail.com)***

## ਨਵਤੇਜ ਸਿੰਘ: ਕਹਾਣੀ: ਬਾਸਮਤੀ ਦੀ ਮਹਿਕ

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਸਾਡਾ ਵਤਨ ਨਵਾਂ ਨਵਾਂ ਵੰਡਿਆ ਗਿਆ ਸੀ ਤੇ ਇਹਦੇ ਦੋਵਾਂ ਹਿੱਸਿਆਂ ਵਿਚ ਭੂਤਾਂ ਨੇ ਉਧੜ-ਧੁੰਮੀ ਮਚਾਈ ਹੋਈ ਸੀ।

ਰਣਧੀਰ ਅੰਮ੍ਰਿਤਸਰ ਵਿਚ ਫਸਿਆ ਹੋਇਆ ਸੀ। ਉਹਨੇ ਦਿੱਲੀ ਆਪਣੇ ਮਾਪਿਆਂ ਕੋਲ਼ ਪੁੱਜਣਾ ਸੀ, ਪਰ ਗੱਡੀਆਂ ਰੁਕੀਆਂ ਹੋਈਆਂ ਸਨ, ਜਾਂ ਕਦੇ ਕਦੇ ਸ਼ਰਨਾਰਥੀਆਂ ਨਾਲ ਤੂੜੀਆਂ ਚੱਲਦੀਆਂ ਸਨ।

ਹਾਰ ਕੇ ਅਖ਼ੀਰ ਉਹ ਆਪਣੇ ਦੋਸਤ ਬਲਬੀਰ ਨਾਲ ਉਹਦੇ ਮੋਟਰਸਾਈਕਲ ਉੱਤੇ ਹੀ ਜਲੰਧਰ ਵੱਲ ਤੁਰ ਪਿਆ।

ਬਲਬੀਰ ਨੇ ਵੀ ਦਿੱਲੀ ਕਿਸੇ ਬੜੇ ਜ਼ਰੂਰੀ ਕੰਮ ਲਈ ਜਾਣਾ ਸੀ। "ਫ਼ੌਜੀ ਟਰੱਕਾਂ ਅੱਜ ਕੱਲ੍ਹ ਜਲੰਧਰੋਂ ਆਮ ਦਿੱਲੀ ਜਾਂਦੀਆਂ ਨੇ", ਬਲਬੀਰ ਨੇ ਉਹਨੂੰ ਦੱਸਿਆ ਸੀ, "ਟਰੱਕਾਂ ਦਾ ਇੰਚਾਰਜ

ਮੇਜਰ ਮੇਰਾ ਚੰਗਾ ਵਾਕਫ਼ ਏ, ਉਹਦੇ ਰਾਹੀਂ ਦਿੱਲੀ ਜਾਣ ਦਾ ਕੋਈ ਰਾਹ ਨਿਕਲ ਹੀ ਆਏਗਾ।"

ਅੱਜ ਕੱਲ੍ਹ ਤਾਂ ਭਾਵੇਂ ਜਲੰਧਰ ਅੰਮ੍ਰਿਤਸਰੋਂ ਇਕ ਦੁਰਾਡੇ ਮੁਹੱਲੇ ਵਾਂਗ ਜਾਪਦਾ ਹੈ, ਪਰ ਉਨ੍ਹੀਂ ਦਿਨੀਂ ਦੋਵਾਂ ਸ਼ਹਿਰਾਂ ਵਿਚਾਲ਼ੇ ਲਾਸ਼ਾਂ ਨਾਲ ਹੜ੍ਹੇ ਹੋਏ ਨਾਲ਼ੇ ਵਗਦੇ ਸਨ ਤੇ ਸੜਕਾਂ ਕਾਫ਼ਲਿਆਂ ਨਾਲ ਡੱਕੀਆਂ ਹੋਈਆਂ ਸਨ। ਕਾਫ਼ਲਾ-ਸਾਲਾਰ ਊਠਾਂ ਉੱਤੇ ਨਹੀਂ ਸਨ, ਟੈਂਕਾਂ ਵਿਚ ਸਨ, ਤੇ ਕਾਫ਼ਲੇ ਵਾਲੇ ਆਪਣੀ ਮੰਜ਼ਲ ਵੱਲ ਨਹੀਂ ਸਨ ਵਧ ਰਹੇ, ਮੰਜ਼ਲੋਂ ਭਟਕਾਏ ਔਝੜਾਂ ਨੂੰ ਹਿੱਕੇ ਜਾ ਰਹੇ ਸਨ। ਰਾਹ ਵਿਚ ਟੈਂਕਾਂ ਦੇ ਹੁੰਦਿਆਂ-ਸੁੰਦਿਆਂ ਆਪਣੇ ਹੀ ਵਤਨੀ, ਆਪਣੇ ਹੀ ਹਮਸਾਇਆਂ ਦੇ ਮੁਹਾਂਦਰੇ ਵਾਲੇ ਲੋਕ, ਧਾੜਵੀ ਬਣ ਕੇ ਟੁੱਟ ਪੈਂਦੇ ਸਨ ਤੇ ਚੀਕਾਂ ਸਨ, ਕੁਰਲਾਹਟਾਂ ਸਨ, ਅੱਖਾਂ ਸਨ। ਰਾਹ ਸਨ ਜਿਵੇਂ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਹੋਵੇ, ਤੇ ਡੰਗਰ ਤੇ ਉਨ੍ਹਾਂ ਦੇ ਮਨੁੱਖ ਮਾਲਕ ਇਕੱਠੇ ਮੋਏ ਪਏ ਸਨ, ਤੇ ਰਜ਼ਾਈਆਂ ਦੇ ਡਕਰੇ ਕੀਤੇ ਪਏ ਸਨ, ਸੜਕ ਕੰਢੇ ਦੇ ਰੁੱਖ ਰੁੰਡ-ਮੁੰਡ ਸਨ-ਕੁਰੁੱਤੀ ਪੱਤਝੜ।

ਰਣਧੀਰ ਤੇ ਉਹਦਾ ਦੋਸਤ ਛੇ ਘੰਟਿਆਂ ਵਿਚ ਜਲੰਧਰ ਸ਼ਹਿਰ ਪੁੱਜੇ। ਸ਼ਹਿਰੋਂ ਬਲਬੀਰ ਨੇ ਛਾਉਣੀ ਆਪਣੇ ਵਾਕਫ਼ ਮੇਜਰ ਨੂੰ ਫੋਨ ਕੀਤਾ। ਮੇਜਰ ਨੇ ਅੱਗਿਉਂ ਦੱਸਿਆ ਕਿ ਸਬੱਬ ਨਾਲ ਕੱਲ੍ਹ ਸਵੇਰ ਸਾਰ ਚਾਰ ਵਜੇ ਦਿੱਲੀ ਜਾਣ ਵਾਲੀ ਟਰੱਕ ਵਿਚ ਦੋ ਜਣਿਆਂ ਦੀ ਥਾਂ ਹੈ ਸੀ। ਉਹਨੇ ਬੜੇ ਖੁੱਲ੍ਹੇ ਦਿਲ ਨਾਲ ਬਲਬੀਰ ਨੂੰ ਦੋਸਤ ਸਣੇ ਰਾਤ ਛਾਉਣੀ ਉਨ੍ਹਾਂ ਦੇ ਘਰ ਰਹਿਣ ਲਈ ਕਿਹਾ, "ਏਨੀ ਸਵੇਰੇ ਤੁਸੀਂ ਸ਼ਹਿਰੋਂ ਪੁੱਜ ਨਹੀਂ ਸਕਣ ਲੱਗੇ।"

ਦੋਵੇਂ ਕਿਸੇ ਹੋਟਲ ਵਿਚੋਂ ਰੋਟੀ ਖਾ ਕੇ ਛਾਉਣੀ ਵੱਲ ਹੋ ਪਏ। ਮੇਜਰ ਸਾਹਿਬ ਦੀ ਕੋਠੀ ਛੇਤੀ ਹੀ ਲੱਭ ਪਈ। ਸੁਡੌਲ ਤਕੜੇ ਸਰੀਰ ਵਾਲੇ ਮੇਜਰ ਸਾਹਿਬ ਬੜੇ ਖਿੜੇ ਮੱਥੇ ਅੱਗਿਉਂ ਮਿਲੇ, ਅਰਦਲੀ ਨੂੰ ਮੋਟਰਸਾਈਕਲ ਦੀ ਸੌਂਪਣਾ ਕਰ, ਦੋਵਾਂ ਪ੍ਰਾਹੁਣਿਆਂ ਨੂੰ ਆਪਣੇ ਡਰਾਇੰਗ ਰੂਮ ਵਿਚ ਲੈ ਗਏ।

ਅੰਦਰ ਉਨ੍ਹਾਂ ਦੇ ਹੋਰ ਦੋਸਤ ਵਰਦੀਆਂ ਪਾਈ ਬੈਠੇ ਸਨ। ਸ਼ਰਾਬ ਦੀਆਂ ਬੋਤਲਾਂ ਸਨ। ਊਣੇ ਤੇ ਭਰੇ ਬਲੌਰੀ ਗਲਾਸ ਸਨ। ਬੜੇ ਬਰੀਕ ਸੁਹਜ ਨਾਲ ਕਮਰਾ ਸਜਾਇਆ ਹੋਇਆ ਸੀ ਤੇ ਇਕ ਇਸਤਰੀ ਸੀ, "ਮੇਰੀ ਵਾਈਫ ਸੁਖਵੰਤ, ਤੇ ਡਾਰਲਿੰਗ ਇਹ ਬਲਬੀਰ ਜੀ ਨੇ। ਮੈਂ ਜ਼ਿਕਰ ਕੀਤਾ ਸੀ ਨਾ ਇਨ੍ਹਾਂ ਦਾ, ਜਿਹੜੇ ਮੈਨੂੰ ਗੁਲਮਰਗ ਮਿਲੇ ਸਨ ਤੇ ਬੜੀਆਂ ਸੁਹਣੀਆਂ ਤਸਵੀਰਾਂ ਖਿੱਚਦੇ ਹਨ, ਤੇ ਇਹ ਨੇ ਇਨ੍ਹਾਂ ਦੇ ਦੋਸਤ।"

"ਰਣਧੀਰ ਜੀ, ਸ਼ਾਇਦ ਤੁਸੀਂ ਇਨ੍ਹਾਂ ਦੀਆਂ ਕਵਿਤਾਵਾਂ।" ਬਲਬੀਰ ਨੇ ਕਿਹਾ।

"ਰਣਧੀਰ ਜੀ, ਜੀਅ ਆਇਆਂ ਨੂੰ। ਕਿਹਾ ਚੰਗਾ ਇਤਫਾਕ ਏ। ਡਾਰਲਿੰਗ, ਇਨ੍ਹਾਂ ਤੋਂ ਤਾਂ ਚੰਗੀ ਤਰ੍ਹਾਂ ਜਾਣੂੰ ਹਾਂ। ਅਸੀਂ ਕਾਲਿਜ ਵਿਚ ਇਕੱਠੇ ਪੜ੍ਹਦੇ ਰਹੇ ਹਾਂ। ਇਨ੍ਹਾਂ ਦੇ ਪਿਤਾ ਜੀ ਮੇਰੇ ਪਿਤਾ ਜੀ ਦੇ ਬੜੇ ਦੋਸਤ ਨੇ। ਹਾਂ, ਰਣਧੀਰ ਜੀ, ਸੁਣਾਓ ਕੀ ਹਾਲ ਏ ਤੁਹਾਡਾ।"

ਕੁਝ ਰਸਮੀ ਗੱਲਾਂ ਪਿੱਛੋਂ ਮੇਜਰ ਸਾਹਿਬ ਤੇ ਬਲਬੀਰ ਪੀਣ ਵਾਲਿਆਂ ਵਿਚ ਜਾ ਸ਼ਾਮਲ ਹੋਏ।

ਰਣਧੀਰ ਪੀਂਦਾ ਨਹੀਂ ਸੀ, ਉਹਨੂੰ ਸੁਖਵੰਤ ਨੇ ਮਹਿਫ਼ਲ ਤੋਂ ਦੁਰੇਡੇ ਆਪਣੇ ਕੋਲ਼ ਬਿਠਾ ਲਿਆ।

ਸੁਖਵੰਤ ਤੇ ਰਣਧੀਰ ਜਿੱਥੇ ਬੈਠੇ ਸਨ, ਉੱਥੇ ਇਕ ਅਜੀਬ ਜਿਹੀ ਚੁੱਪ ਸੀ।

ਕਦੇ ਕਦੇ ਚੁੱਪ ਟੁੱਟਦੀ: "ਤੁਹਾਡੇ ਮਾਤਾ ਜੀ ਰਾਜ਼ੀ ਨੇ? ਕਿੱਥੇ ਹੁੰਦੇ ਨੇ ਅੱਜ ਕੱਲ੍ਹ?"

"ਹਾਂ, ਬੜੇ ਰਾਜ਼ੀ, ਤੇ ਤੁਹਾਡੀ ਮਾਤਾ ਜੀ ਠੀਕ ਨੇ?"

"ਹਾਂ ਤੇ ਤੁਹਾਡੀਆਂ ਕਵਿਤਾਵਾਂ ਦਾ ਕੀ ਹਾਲ ਏ?"

"ਕਵਿਤਾਵਾਂ! ਉਹ ਰਾਜ਼ੀ ਨਹੀਂ, ਤੇ ਤੁਹਾਡੇ ਗਾਉਣ ਦਾ ਕੀ ਹਾਲ ਏ?"

"ਉਹ ਵੀ ਰਾਜ਼ੀ ਨਹੀਂ।"

ਰਣਧੀਰ ਤੇ ਸੁਖਵੰਤ ਦੋਵੇਂ ਹੱਸ ਪਏ, ਪਰ ਜਿਵੇਂ ਕਈ ਵਾਰ ਕਿਸੇ ਚਿੱਟੀ ਸ਼ੈਅ ਵਿਚ ਚਿਟਿਆਈ ਘੱਟ ਤੇ ਹੋਰ ਕੋਈ ਭਾਅ ਵੱਧ ਹੁੰਦੀ ਹੈ, ਇੰਝ ਹੀ ਦੋਵਾਂ ਦੇ ਹਾਸੇ ਵਿਚ ਹਾਸਾ ਘੱਟ ਤੇ ਹੋਰ ਕਿਸੇ ਜਜ਼ਬੇ ਦੀ ਭਾਅ ਵੱਧ ਸੀ।

ਦੂਜੇ ਪਾਸੇ ਮਹਿਫ਼ਲ ਜੰਮਦੀ ਜਾ ਰਹੀ ਸੀ, ਗਲਾਸ ਖਣਕ ਰਹੇ ਸਨ, ਕੋਈ ਵਲੈਤੀ ਸੁਰ ਟੁਣਟੁਣਾ ਰਿਹਾ ਸੀ।

ਸੁਖਵੰਤ ਤੇ ਰਣਧੀਰ ਵਿਚਾਲ਼ੇ ਫੇਰ ਕੁਝ ਚਿਰ ਪਿੱਛੋਂ ਚੁੱਪ ਟੁੱਟੀ: "ਧੀਰ ਤੂੰ ਮੇਰੇ ਨਾਲ ਨਾਰਾਜ਼ ਏਂ?" ਸੁਖਵੰਤ ਦੇ ਬੁੱਲ੍ਹ ਬੇਮਲੂਮੇ ਕੰਬ ਰਹੇ ਸਨ।

ਜਦੋਂ ਦਾ ਉਹ ਆਇਆ ਸੀ, ਉਦੂੰ ਪਿੱਛੋਂ ਹੁਣ ਕਿਤੇ ਰਣਧੀਰ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਸੁਖਵੰਤ ਨਾਲ ਆਪਣੀਆਂ ਅੱਖਾਂ ਭਰ ਲਈਆਂ। ਭਰੇ ਭਾਂਡੇ ਬੇਆਵਾਜ਼ ਹੁੰਦੇ ਹਨ।

"ਧੀਰ, ਤੂੰ ਮੈਨੂੰ ਮੁਆਫ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਏਨਾ ਦੁੱਖ ਦਿੱਤਾ ਏ।"

"ਤੂੰ ਮੈਨੂੰ ਅਨੰਤ ਬਣਾ ਦਿੱਤਾ, ਅਜਿਹਾ ਹੈ ਤੇਰਾ ਅਨੰਦ।" ਟੈਗੋਰ ਦੀਆਂ ਇਹ ਸਤਰਾਂ ਕਦੇ ਰਣਧੀਰ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ ਉੱਤੇ ਲਿਖ ਕੇ ਸੁਖਵੰਤ ਨੂੰ ਦਿੱਤੀਆਂ ਸਨ"।

"ਧੀਰ ਮੈਨੂੰ ਮੁਆਫ਼।"

ਮੇਜਰ ਸਾਹਿਬ ਆ ਗਏ, "ਐਕਸਕਯੂਜ਼ ਮੀ, ਡਾਰਲਿੰਗ। ਡਾਕਟਰ ਕਹਿ ਰਿਹਾ ਏ, ਹੋਰ ਲੇਟ ਤੁਹਾਨੂੰ ਨਹੀਂ ਜਾਗਣਾ ਚਾਹੀਦਾ, ਤੇ ਬੇਬੀ ਦੇ ਫੀਡ ਦਾ ਵੀ ਵਕਤ ਹੋ ਗਿਆ ਏ, ਆਯਾ ਬੁਲਾਣ ਆਈ ਸੀ।"

ਮੇਜਰ ਸਾਹਿਬ ਦੇ ਬੋਲ ਕੁਝ ਥਥਲਾ ਰਹੇ ਸਨ, ਲੱਤਾਂ ਵਿਚ ਬੇਮਲੂਮੀ ਕੰਬਣੀ ਸੀ, ਹੱਥ ਵਿਚ ਫੜਿਆ ਗਲਾਸ ਵੀ ਕੰਬ ਰਿਹਾ ਸੀ।

"ਚੰਗਾ ਰਣਧੀਰ ਜੀ, ਮੁਆਫ ਕਰਨਾ ਬੇਬੀ ਛੋਟਾ ਏ, ਤੇ ਨਾਲੇ ਮੈਂ ਹੁਣੇ ਹੁਣੇ ਟਾਈਫ਼ਾਈਡ ਤੋਂ ਉੱਠੀ ਹਾਂ"।"

ਤੇ ਸੁਖਵੰਤ ਚਲੀ ਗਈ।

ਇਕਦਮ ਰਣਧੀਰ ਨੂੰ ਜਾਪਿਆ ਕਿ ਕਮਰੇ ਵਿਚ ਹੁਣ ਸ਼ਰਾਬ ਦੀ ਬੂਅ ਹੀ ਬਾਕੀ ਰਹਿ ਗਈ ਸੀ।

"ਤੁਸੀਂ ਸਾਡੇ ਵਿਚ ਤਾਂ ਮਿਕਸ ਨਹੀਂ ਹੁੰਦੇ। ਉਨ੍ਹਾਂ ਕਿਤਾਬਾਂ ਨਾਲ ਹੀ ਦਿਲ ਲਾ ਲਓ। ਹੈਰਾਨ ਕਿਉਂ ਹੁੰਦੇ ਹੋ, ਉਹ ਸੁਖਵੰਤ ਦੀਆਂ ਕਿਤਾਬਾਂ ਦੀ ਅਲਮਾਰੀ ਏ। ਅਸੀਂ ਫੌਜੀ ਆਦਮੀ ਕਿੱਥੇ ਲਿਟਰੇਚਰ ਨਾਲ ਮਗਜ਼ ਮਾਰਦੇ ਹਾਂ, ਉਮੀਦ ਏ ਕੁਝ ਇੰਟਰਸਟਿੰਗ ਤੁਹਾਨੂੰ ਉਸ ਅਲਮਾਰੀ ਵਿਚੋਂ ਲੱਭ ਪਏਗਾ। ਵੈਸੇ ਸੌਂਣ ਲਈ ਬਾਹਰ ਵਰਾਂਡੇ ਵਿਚ ਤੁਹਾਡੇ ਦੋਵਾਂ ਦੇ ਬਿਸਤਰ ਲੁਆਏ ਹੋਏ ਨੇ। ਜਦੋਂ ਵੀ ਸੌਣਾ ਚਾਹੋ, ਯੂ ਆਰ ਵੈਲਕਮ, ਆਪਣਾ ਘਰ ਸਮਝੋ। ਹਾਂ, ਤੇ ਬਲਬੀਰ ਤਾਂ ਯਾਰ ਬਾਸ਼ ਬੰਦਾ ਏ, ਉਹ ਤਾਂ ਸਾਡੇ ਕੋਲ਼ ਦੇਰ ਲਾਏਗਾ। ਅੱਛਾ ਐਕਸਕਯੂਜ਼ ਮੀ।" ਮੇਜਰ ਸਾਹਿਬ ਆਪਣੀ ਮਹਿਫ਼ਲ ਵਿਚ ਜਾ ਰਲ਼ੇ।

ਸੁਖਵੰਤ ਦੀਆਂ ਕਿਤਾਬਾਂ ਕੋਲ਼ ਰਣਧੀਰ ਇਕੱਲਾ ਖੜੋਤਾ ਰਿਹਾ। ਕਿੰਨੀਆਂ ਹੀ ਕਿਤਾਬਾਂ ਉਹਦੀਆਂ ਜਾਣੀਆਂ ਪਛਾਣੀਆਂ ਸਨ। ਉਹ ਟੈਗੋਰ ਦੀ ਚੋਣਵੀਂ ਰਚਨਾ ਸੀ, ਉਹ ਕਾਲੀਦਾਸ ਦੀ 'ਸ਼ਕੁੰਤਲਾ', ਉਹ ਚੈਖੋਵ ਦੀਆਂ ਕਹਾਣੀਆਂ ਸਨ ਤੇ ਉਹ ਗੋਰਕੀ ਦਾ ਨਾਵਲ 'ਮਾਂ'। ਤੇ ਕੋਲ਼ ਉਹਦਾ ਆਪਣਾ ਪਹਿਲਾ ਕਾਵਿ ਸੰਗ੍ਰਹਿ ਪਿਆ ਸੀ।

ਉਹਨੇ ਚੁਪਾਸੀਂ ਝਾਤੀ ਮਾਰੀ ਤੇ ਚੋਰਾਂ ਵਾਂਗ ਆਪਣੇ ਸੰਗ੍ਰਹਿ ਦਾ ਪਹਿਲਾ ਵਰਕਾ ਫੋਲਿਆ, ਉਹਨੂੰ ਦਿਸਿਆ:

*ਸੁਖਵੰਤ!*
*ਤੂੰ ਮੈਨੂੰ ਅਨੰਤ ਬਣਾ ਦਿੱਤਾ,*
*ਅਜਿਹਾ ਹੈ ਤੇਰਾ ਅਨੰਦ*
*-ਰਣਧੀਰ*

ਤੇ ਉਹਦਾ ਦੂਜਾ ਸੰਗ੍ਰਹਿ ਵੀ ਹੈ ਸੀ, ਤੇ ਤੀਜਾ ਵੀ, ਤੇ ਉਹਦੀਆਂ ਕਵਿਤਾਵਾਂ ਵਾਲੇ ਰਿਸਾਲੇ ਵੀ।

ਹੁਣ ਸੁਖਵੰਤ ਚਲੀ ਗਈ ਸੀ। ਸਵੇਰੇ ਚਾਰ ਵਜੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ।

ਹੁਣੇ ਸੁਖਵੰਤ ਨੇ ਦੋ ਵਾਰ ਕਿਹਾ ਸੀ, "ਧੀਰ, ਤੂੰ ਮੈਨੂੰ ਮੁਆਫ਼ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਬੜਾ ਦੁੱਖ ਦਿੱਤਾ ਏ।"

ਤੇ ਰਣਧੀਰ ਚੁੱਪ ਰਿਹਾ ਸੀ, ਪਿਛਲੇ ਸਾਰੇ ਵਰ੍ਹੇ ਉਹਦੀ ਚੁੱਪ ਤੇ ਉਹਦੇ ਬੋਲ ਵਿਚਾਲੇ ਆਣ ਖੜੋਤੇ ਸਨ। ਨਾਰਾਜ਼ ਤਾਂ ਉਹ ਕਦੇ ਵੀ ਸੁਖਵੰਤ ਨਾਲ ਨਹੀਂ ਸੀ ਹੋਇਆ, ਤੇ ਜਦੋਂ ਵੀ ਸੁਖਵੰਤ ਨੇ ਉਹਦੇ ਕੋਲ਼ੋਂ ਕੁਝ ਮੰਗਿਆ ਸੀ, ਰਣਧੀਰ ਨੇ ਉਹਨੂੰ ਉਹ ਦਿੱਤਾ ਸੀ। ਤੇ ਅੱਜ ਸੁਖਵੰਤ ਨੇ ਮੁਆਫੀ ਮੰਗੀ ਸੀ। ਤੇ ਉਹ ਚੁੱਪ ਰਹਿ ਗਿਆ ਸੀ ਤੇ ਹੁਣ ਸੁਖਵੰਤ ਚਲੀ ਗਈ ਸੀ ਤੇ ਸਵੇਰੇ ਉਹਦੇ ਉਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ। ਉਹਦੀ ਇਹ ਮੰਗ ਹੁਣ ਉਹ ਕਿਸ ਤਰ੍ਹਾਂ ਪੂਰੀ ਕਰ ਸਕੇਗਾ। ਕਿਸ ਤਰ੍ਹਾਂ ਰਣਧੀਰ ਉਨ੍ਹਾਂ ਕਿਤਾਬਾਂ ਨਾਲ ਬੋਲਣਾ ਚਾਹੁੰਦਾ ਸੀ, ਸੁਖਵੰਤ ਦੀਆਂ ਕਿਤਾਬਾਂ ਨਾਲ; ਕਿਤਾਬਾਂ ਜਿਹੜੀਆਂ ਬੜਾ ਚਿਰ ਹੋਇਆ, ਉਹਦੇ ਤੇ ਸੁਖਵੰਤ ਦੇ ਦਿਲ ਵਿਚਾਲ਼ੇ ਪੁਲ ਬਣੀਆਂ ਸਨ।

ਉਹ ਕਿਵੇਂ ਲੋਚਦਾ ਸੀ ਕਿ ਕਦੇ ਜ਼ਿੰਦਗੀ ਦੇ ਇਨ੍ਹਾਂ ਵਿਸ਼ਾਲ ਰਾਹਾਂ ਉੱਤੇ ਉਹਨੂੰ ਸੁਖਵੰਤ ਪਲ ਦੀ ਪਲ ਮਿਲ ਪਏ। ਉਹਨੇ ਇਕ ਵਾਰੀ ਇਸ ਤਾਂਘ ਨੂੰ ਬਿਆਨ ਕਰਦਿਆਂ ਲਿਖਿਆ ਸੀ:

*"ਫੋਲ ਕੇ ਦਿਲ ਦੀ ਜੰਤਰੀ,*
*ਮੈਂ ਢੂੰਡਦਾ ਹਾਂ ਮਿਲਣ ਵਾਰ।"*

ਤੇ ਕਿਹੋ ਜਿਹੀ ਰੁੱਤੇ ਮਿਲਣ ਵਾਰ ਆਇਆ ਸੀ ਅੱਜ। ਇਨ੍ਹੀਂ ਦਿਨੀਂ ਜਦੋਂ ਧਰਤੀਆਂ ਤੋੜੀਆਂ-ਵਿਛੋੜੀਆਂ ਜਾ ਰਹੀਆਂ ਸਨ, ਜਦੋਂ ਉਹ ਉਨ੍ਹਾਂ ਰਾਹਾਂ ਉੱਤੇ ਲੰਘ ਕੇ ਆਇਆ ਸੀ, ਜਿਨ੍ਹਾਂ ਉੱਤੇ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਸੀ।

ਬਿੰਦ ਦੀ ਬਿੰਦ ਉਹ ਮਿਲੇ ਸਨ। ਸੰਗਦੀ ਸੰਗਦੀ ਖ਼ੁਸ਼ਬੋਆਂ ਦੀ ਨਦੀ ਉਹਦੇ ਵੱਲ ਵਗਣ ਲੱਗੀ ਸੀ, ਤੇ ਸ਼ਰਾਬ ਦੀ ਹਵਾੜ ਨੇ ਬੰਨ੍ਹ ਮਾਰ ਦਿੱਤਾ ਸੀ।

ਰਣਧੀਰ ਵਰਾਂਡੇ ਵਿਚ ਚਲਿਆ ਗਿਆ। ਬਿਸਤਰੇ ਉੱਤੇ ਲੇਟ ਗਿਆ। ਨੀਂਦ ਨਾ ਆਈ, ਪਰ ਬੀਤੇ ਵਰ੍ਹੇ ਪੋਲੇ ਪੱਬੀਂ ਉਹਦੇ ਕੋਲ਼ ਆਉਂਦੇ ਰਹੇ।

ਉਨ੍ਹਾਂ ਦੇ ਪਿੰਡ ਦੇ ਨੇੜੇ ਬੜਾ ਰਮਣੀਕ ਨਾਲ਼ਾ ਵਗਦਾ ਸੀ। ਸਾਲ ਦੇ ਅਖੀਰ ਉੱਤੇ ਰਣਧੀਰ ਦੇ ਘਰ ਵਾਲੇ ਸ਼ਹਿਰੋਂ ਆਪਣੇ ਦੋਸਤਾਂ ਸਬੰਧੀਆਂ ਨੂੰ ਬੁਲਾ ਇਸ ਨਾਲੇ ਉੱਤੇ ਪਿਕਨਿਕ ਕਰਨ ਜਾਂਦੇ ਹੁੰਦੇ ਸਨ। ਅੱਠ ਵਰ੍ਹੇ ਹੋਏ ਪਿਕਨਿਕ ਵਿਚ ਪਹਿਲੀ ਵਾਰ ਸੁਖਵੰਤ ਆਈ ਸੀ। ਉੱਥੇ ਰਣਧੀਰ ਨੇ ਕਵਿਤਾ ਸੁਣਾਈ ਸੀ ਜਿਸ ਵਿਚ ਉਦਾਸੀ ਦਾ ਰੰਗ ਹੱਦੋਂ ਗੂੜ੍ਹਾ ਸੀ। ਸਭਨਾਂ ਨੇ ਪ੍ਰਸੰਸਾ ਵਿਚ ਜ਼ੋਰ ਜ਼ੋਰ ਨਾਲ ਤਾੜੀਆਂ ਮਾਰੀਆਂ ਸਨ, ਪਰ ਸੁਖਵੰਤ ਅਡੋਲ ਰਹੀ ਸੀ। ਪਿਕਨਿਕ ਦੀ ਗਹਿਮਾ-ਗਹਿਮੀ ਵਿਚ ਇਕੱਲੇ ਕਿਸੇ ਪਲ ਸੁਖਵੰਤ ਨੇ ਰਣਧੀਰ ਨੂੰ ਅਡੋਲ ਪੁੱਛਿਆ ਸੀ, "ਕੀ ਤੁਸੀਂ ਸੱਚੀ-ਮੁੱਚੀਂ ਏਨੇ ਹੀ ਉਦਾਸ ਹੋ ਜਿੰਨੀ ਤੁਹਾਡੀ ਕਵਿਤਾ ਏ? ਮੇਰਾ ਜੀਅ ਨਹੀਂ ਕਰਦਾ ਕਿ ਤੁਸੀਂ ਏਨੇ ਉਦਾਸ ਹੋਵੋ।"

ਤੇ ਰਣਧੀਰ ਨੇ ਵੇਖਿਆ, ਸੁਖਵੰਤ ਦੀਆਂ ਅੱਖਾਂ ਨਿਸੰਗ, ਪੂਰੀਆਂ ਖੁੱਲ੍ਹੀਆਂ ਉਹਦੇ ਵੱਲ ਉਤਾਂਹ ਨੂੰ ਤੱਕ ਰਹੀਆਂ ਸਨ ਤੇ ਇਹ ਮਮੋਲੇ ਨੈਣ, ਇਕ ਦੁਨੀਆਂ ਆਪਣੇ ਅੰਦਰ ਸਾਂਭੀ ਰਣਧੀਰ ਵੱਲ ਉਵੇਂ ਦੇ ਉਵੇਂ ਤੱਕੀ ਜਾ ਰਹੇ ਸਨ।

ਉਦੋਂ ਵੀ ਰਣਧੀਰ ਅੱਜ ਵਾਂਗ ਹੀ ਚੁੱਪ ਰਿਹਾ ਸੀ। ਏਸ ਤੱਕਣੀ ਤੇ ਏਸ ਚੁੱਪ ਤੋਂ ਉਨ੍ਹਾਂ ਦੋਵਾਂ ਦੀ ਸਾਂਝੀ ਜ਼ਿੰਦਗੀ ਸ਼ੁਰੂ ਹੁੰਦੀ ਸੀ।

ਆਦਿ ਚੁੱਪ। ਅੰਤ ਚੁੱਪ।

"ਤੇ ਫੇਰ ਉਹ ਦੋਵੇਂ ਬੀ.ਏ. ਕਰ ਕੇ ਐੱਮ. ਏ. ਵਿਚ ਇਕੱਠੇ ਇਕੋ ਕਾਲਿਜ ਵਿਚ ਪੜ੍ਹੇ ਸਨ।

ਵੰਨ-ਸੁਵੰਨੀਆਂ ਕਿਤਾਬਾਂ ਨੇ ਦੋਵਾਂ ਦਿਲਾਂ ਵਿਚਾਲ਼ੇ ਬੜਾ ਪਿਆਰਾ ਤੇ ਨਿੱਗਰ ਪੁਲ ਉਸਾਰ ਲਿਆ ਸੀ। ਰਣਧੀਰ ਦੀ ਕਵਿਤਾ ਸੁਖਵੰਤ ਨੂੰ ਬੜੀ ਚੰਗੀ ਲੱਗਦੀ ਸੀ। ਹੁਣ ਉਹਦੀ ਕਵਿਤਾ ਵਿਚ ਪਹਿਲਾਂ ਵਾਂਗ ਉਦਾਸੀ ਦਾ ਹੀ ਇਕ-ਰੰਗਾਪਣ ਨਹੀਂ ਸੀ ਰਿਹਾ, ਮਮੋਲੇ ਨੈਣਾਂ ਅੰਦਰ ਸਾਂਭੀ ਦੁਨੀਆਂ ਨੇ ਜਜ਼ਬਿਆਂ ਦੀ ਸਾਰੀ ਸਤਰੰਗੀ ਉਹਦੀਆਂ ਕਵਿਤਾਵਾਂ ਵਿਚ ਰਚਾ ਦਿੱਤੀ ਸੀ। ਰਣਧੀਰ ਨੂੰ ਸੰਗੀਤ ਬੜਾ ਪਿਆਰਾ ਲੱਗਦਾ ਸੀ ਤੇ ਸੁਖਵੰਤ ਦਾ ਕੋਈ ਗਲ਼ਾ ਸੀ!

"ਤੇ ਫੇਰ ਉਹ ਦੋਵੇਂ ਸਾਰੇ ਕਾਲਿਜ ਵਿਚ ਟੈਨਿਸ ਦੇ ਜੇਤੂ ਖਿਡਾਰੀ ਹੋ ਗਏ।

ਕਿਤਾਬਾਂ ਪੜ੍ਹਦਿਆਂ ਤੇ ਖਿਆਲਾਂ ਵਿਚ ਤੂਫ਼ਾਨ ਆ ਗਿਆ। ਦੋਵਾਂ ਦੀ ਜਵਾਨੀ ਦੇ ਪਵਿੱਤਰ ਜਜ਼ਬਿਆਂ ਨੂੰ ਸੂਝ ਦੀ ਟੋਹਣੀ ਲੱਭ ਪਈ। ਉਨ੍ਹਾਂ ਮਨੁੱਖ ਦੀ ਸਾਂਝੀ ਖੁਸ਼ੀ ਸੰਗਰਾਮ ਤੇ ਇਸ ਸੰਗਰਾਮ ਵਿਚ ਸਾਥੀਆਂ ਵਿਚਾਲੇ ਪੁੰਗਰਦੀ ਮੁਹੱਬਤ ਦੇ ਰੰਗ ਆਪਣੇ ਵਿਚ ਰਚਾ ਲਏ। ਹੁਣ ਰਣਧੀਰ ਤੇ ਸੁਖਵੰਤ ਟੈਨਿਸ ਕੋਰਟ ਵਿਚ ਘੱਟ ਦਿਸਦੇ ਸਨ ਤੇ ਮੀਟਿੰਗਾਂ, ਬਹਿਸਾਂ, ਜਲਸਿਆਂ ਵਿਚ ਵੱਧ। ਰਣਧੀਰ ਦੀਆਂ ਕਵਿਤਾਵਾਂ ਵਿਚ ਲੋਕ ਪੀੜ ਦੀ ਚੀਸ, ਤੇ ਸਾਂਝੀਆਂ ਖੁਸ਼ੀਆਂ ਦੀ ਆਸ ਵੀ ਰਲ਼ ਗਈ। ਸੁਖਵੰਤ ਉਹਦੇ ਲਿਖੇ ਗੀਤ ਬੜੇ ਜੋਸ਼ ਨਾਲ ਗਾਉਂਦੀ। "ਇਹ ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਸਾਡਾ ਦੋਗਾਣਾ ਏ", ਸੁਖਵੰਤ ਨੇ ਇਕ ਵਾਰ ਰਣਧੀਰ ਨੂੰ ਕਿਹਾ ਸੀ।

ਕਾਲਿਜ ਦੀ ਪੜ੍ਹਾਈ ਮੁਕਾ ਲੈਣ ਪਿੱਛੋਂ ਇਕ ਵਾਰ ਸੁਖਵੰਤ ਰਣਧੀਰ ਦੇ ਪਿੰਡ ਆਈ ਸੀ। ਉਹ ਇਕੱਠੇ ਸੈਰ ਕਰਨ ਲਈ ਬਾਹਰ ਪੈਲ਼ੀਆਂ ਵੱਲ ਦੂਰ ਨਿਕਲ ਗਏ ਸਨ।

ਇਕ ਪੈਲ਼ੀ ਕੋਲ਼ ਸੁਖਵੰਤ ਰੁਕ ਗਈ ਤੇ ਉਹਨੇ ਬੜੀ ਹੈਰਾਨੀ ਨਾਲ ਪੁੱਛਿਆ ਸੀ, "ਇੱਥੇ ਤੇ ਇੰਝ ਏ ਜਿਵੇਂ ਬੜੇ ਸੁਹਣੇ ਪੁਲਾਅ ਦੀ ਖੁਸ਼ਬੋ ਆ ਰਹੀ ਹੋਵੇ। ਬੜੀ ਹੈਰਾਨੀ ਦੀ ਗੱਲ ਏ, ਵਸੋਂ ਤਾਂ ਏਥੋਂ ਬੜੀ ਦੂਰ ਏ।"

ਤੇ ਰਣਧੀਰ ਨੇ ਦੱਸਿਆ ਸੀ, "ਇਹ ਬਾਸਮਤੀ ਦੀ ਈ ਤਾਂ ਪੈਲ਼ੀ ਏ। ਝੱਲੀਏ ਸ਼ਹਿਰਨੇ, ਇਹਦੀ ਖੁਸ਼ਬੋ ਈ ਤਾਂ ਪੁਲਾਵਾਂ ਵਿਚ ਹੁੰਦੀ ਏ।"

ਤੇ ਸੁਖਵੰਤ ਜਿਦ੍ਹਾ ਪਿਓ ਚੌਲ਼ਾਂ ਦਾ ਉੱਘਾ ਵਪਾਰੀ ਸੀ, ਆਪਣੇ ਅਣਜਾਣਪੁਣੇ ਉੱਤੇ ਬੜੀ ਸ਼ਰਮਾਈ। ਉਹਦੀਆਂ ਪੁਸ਼ਾਕਾਂ, ਉਹਦੀ ਪੜ੍ਹਾਈ, ਉਹਦਾ ਸੰਗੀਤ ਬਾਸਮਤੀ ਵਿਚੋਂ ਹੀ ਉਪਜੇ ਸਨ, ਪਰ ਉਹਨੇ ਬਾਸਮਤੀ ਦੀ ਪੈਲ਼ੀ ਕਦੇ ਨਹੀਂ ਸੀ ਤੱਕੀ।

ਆਥਣ ਦੇ ਮਟਕ ਚਾਨਣੇ ਵਿਚ ਸੁਖਵੰਤ ਤੇ ਰਣਧੀਰ ਬਾਸਮਤੀ ਦੀ ਪੈਲ਼ੀ ਦੇ ਇਕ ਬੰਨੇ ਬਹਿ ਗਏ ਸਨ।

ਸੁਖਵੰਤ ਨੇ ਬੜੇ ਲਾਡ ਨਾਲ ਬਾਸਮਤੀ ਦੀਆਂ ਮੁੰਜਰਾਂ ਨੂੰ ਦੁਲਾਰਿਆ। ਉਹਨੇ ਉਨ੍ਹਾਂ ਸੁਬਕ ਲੜੀਆਂ ਵਿਚੋਂ ਦੂਧੀਆ ਦਾਣੇ ਕੱਢੇ, ਰਣਧੀਰ ਦੇ ਮੂੰਹ ਵਿਚ ਪਾਏ ਤੇ ਫੇਰ ਆਪਣੇ ਮੂੰਹ ਵਿਚ।

"ਮੈਂ ਬਾਸਮਤੀ ਦੀ ਪੂੰਜੀ ਉੱਤੇ ਪਲ਼ ਕੇ ਏਡੀ ਹੋਈ ਹਾਂ, ਪਰ ਮੈਂ ਬਾਸਮਤੀ ਹੁਣ ਤੋਂ ਪਹਿਲਾਂ ਕਦੇ ਨਹੀਂ ਵੇਖੀ। ਤੇ ਜਿਹੜੇ ਨਿੱਤ ਬਾਸਮਤੀਆਂ ਉਗਾਣ ਲਈ ਏਨੀ ਮਿਹਨਤ ਕਰਦੇ ਨੇ, ਸ਼ਾਇਦ ਉਨ੍ਹਾਂ ਪੂੰਜੀ ਕਦੇ ਨਹੀਂ ਦੇਖੀ।"

ਤੇ ਫੇਰ ਇੰਝ ਸੀ ਜਿਵੇਂ 'ਮਾਂ' ਦਾ ਲੇਖਕ ਗੋਰਕੀ ਉਨ੍ਹਾਂ ਦੋਵਾਂ ਕੋਲ਼ ਇਸ ਪੈਲ਼ੀ ਦੇ ਬੰਨੇ ਆਣ ਬੈਠਾ ਹੋਵੇ, ਤੇ ਜਵਾਨੀ ਨੇ ਬੜੇ ਇਰਾਦੇ ਬਣਾਏ, ਨਵੀਂ ਦੁਨੀਆਂ ਸਾਜਣ ਦੇ, ਸੰਗਰਾਮ ਵਿਚ ਰਲ਼ਣ ਦੇ, ਇਕੱਠੇ ਇਸ ਰਾਹ ਉੱਤੇ ਤੁਰਨ ਦੇ, ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਆਪਣਾ ਦੋਗਾਣਾ ਸਦਾ ਗਾਉਂਦੇ ਰਹਿਣ ਦੇ। ਤੇ ਦੋਵਾਂ ਨੇ ਇਕ ਦੂਜੇ ਦੇ ਹੱਥ ਘੁੱਟ ਲਏ, ਇਕ ਦੂਜੇ ਦੁਆਲ਼ੇ ਬਾਹਵਾਂ ਘੁੱਟ ਲਈਆਂ। ਬਾਸਮਤੀ ਦੀ ਮਹਿਕ ਤੇ ਜ਼ਿੰਦਗੀ ਦੇ ਨਵੇਂ ਇਰਾਦਿਆਂ ਵਿਚ ਅਜਿਹਾ ਨਸ਼ਾ ਸੀ ਕਿ ਦੋਵਾਂ ਦੇ ਬੁੱਲ੍ਹ ਜੁੜ ਗਏ। ਦੂਧੀਆ ਦਾਣਿਆਂ ਦਾ ਸਵਾਦ ਦੁਵੱਲੀਂ ਰਲ਼ ਗਿਆ।

ਉਹ ਬਾਸਮਤੀ ਦੀ ਪੈਲ਼ੀ ਤੋਂ ਬੜੇ ਨਰੋਏ ਹੋ ਕੇ ਪਰਤੇ ਸਨ। ਇਨ੍ਹੀਂ ਦਿਨੀਂ ਹੀ ਰਣਧੀਰ ਦਾ

ਪਹਿਲਾ ਕਾਵਿ ਸੰਗ੍ਰਹਿ ਛਪਿਆ ਸੀ।

*"ਸੁਖਵੰਤ!*
*ਤੂੰ ਮੈਨੂੰ ਅਨੰਤ ਬਣਾ ਦਿੱਤਾ ਏ,*
*ਅਜਿਹਾ ਹੈ ਤੇਰਾ ਅਨੰਦ।"*

ਤੇ ਫੇਰ ਬੁੱਢੀਆਂ ਕਾਲ਼ੀਆਂ ਕੀਮਤਾਂ ਨੇ ਜਵਾਨੀ ਨੂੰ ਪੱਛਣਾ ਸ਼ੁਰੂ ਕੀਤਾ।

ਸੁਖਵੰਤ ਦੇ ਘਰ ਦੇ ਬੜੇ ਖੁੱਲ੍ਹੇ ਦਿਲ ਦੇ ਸਨ, ਪਰ ਕੋਈ ਹੱਦ ਹੁੰਦੀ ਏ।

ਏਡੇ ਚੰਗੇ ਘਰ ਦੀ ਕੁੜੀ ਕਿਸੇ ਕਵੀ ਨਾਲ ਕਿਵੇਂ ਵਿਆਹੀ ਜਾ ਸਕਦੀ ਹੈ! ਤੇ ਉਹ ਵੀ ਇਨਕਲਾਬ ਦਾ ਜਨੂੰਨੀ ਕਵੀ।

ਫੇਰ ਮੇਲ-ਜੋਲ ਬੰਦ। ਚਿੱਠੀ ਪੱਤਰ ਬੰਦ।ਇਕ-ਦੂਜੇ ਦੀ ਸੋਅ ਬੰਦ।

ਮਾਪਿਆਂ ਨੇ ਸੁਖਵੰਤ ਨੂੰ ਦੂਰ ਬੰਬਈ ਉਹਦੇ ਵੱਡੇ ਭਰਾ ਕੋਲ ਭੇਜ ਦਿੱਤਾ।

ਪਹਿਰੇ ਤਣ ਗਏ।

ਇਕ ਸਾਲ ਬੀਤ ਗਿਆ, ਹੋਰ ਸਾਲ ਤੇ ਇਕ ਹੋਰ।

ਅਵਾਈਆਂ ਆਉਂਦੀਆਂ ਰਹੀਆਂ। ਸੁਖਵੰਤ ਡਟੀ ਰਹੀ, ਜਦੋਂ ਕੋਈ ਰਣਧੀਰ ਦਾ ਨਾਂ ਲਏ, ਉਹਦੀ ਮਾਂ ਨੂੰ ਗਸ਼ ਪੈ ਜਾਂਦੀ; ਉਹਦਾ ਪਿਓ ਉਹਦੇ ਨਾਲ ਬੋਲਦਾ ਨਾ; ਉਹਦਾ ਭਰਾ ਕਿਸੇ ਫੌਜੀ ਅਫ਼ਸਰ ਨਾਲ ਉਹਨੂੰ ਵਿਆਹੁਣ ਦਾ ਆਹਰ-ਪਾਹਰ ਕਰ ਰਿਹਾ ਹੈ।

ਅਖੀਰਲੀ ਮਿਲਣੀ ਤੋਂ ਚਾਰ ਵਰ੍ਹਿਆਂ ਪਿੱਛੋਂ, ਇਕ ਦਿਨ 'ਇਲਸਟਰੇਟਿਡ ਵੀਕਲੀ' ਵਿਚ ਵਿਆਹੇ ਜੋੜਿਆਂ ਦੀਆਂ ਕਿੰਨੀਆਂ ਸਾਰੀਆਂ ਤਸਵੀਰਾਂ ਵਿਚ ਰਣਧੀਰ ਨੇ ਸੁਖਵੰਤ ਦੀ ਤਸਵੀਰ ਤੱਕੀ।

ਅੱਜ ਜ਼ਿੰਦਗੀ ਦੇ ਵਿਸ਼ਾਲ ਰਾਹਾਂ ਉੱਤੇ ਰਣਧੀਰ ਸੁਖਵੰਤ ਨੂੰ ਮਿਲ ਪਿਆ ਸੀ। ਪਲ ਦੇ ਪਲ ਲਈ ਮਿਲਣ-ਵਾਰ ਚੜ੍ਹਿਆ ਸੀ। ਏਨੀ ਦੇਰ ਮਗਰੋਂ ਉਹ ਮਿਲੇ ਸਨ, ਤੇ ਏਨੀ ਕੁ ਦੇਰ ਲਈ! ਰਾਹ ਜੂ ਵੱਖ ਹੋ ਗਏ ਹੋਏ ਸਨ ਉਨ੍ਹਾਂ ਦੇ। ਬਾਸਮਤੀ ਦੀ ਪੈਲ਼ੀ ਦੇ ਕੰਢੇ ਜਿਸ ਰਾਹ ਉੱਤੇ ਚੱਲਣ ਦਾ ਪ੍ਰਣ ਉਨ੍ਹਾਂ ਦੋਵਾਂ ਕੀਤਾ ਸੀ, ਉਸੇ ਰਾਹ ਉੱਤੇ ਰਣਧੀਰ ਸਾਬਤ-ਕਦਮੀਂ ਚੱਲ ਰਿਹਾ ਸੀ।

ਪਰ ਸੁਖਵੰਤ ਸੁਖਵੰਤ!

ਲੜਖੜਾਂਦੇ ਬਲਬੀਰ ਨੂੰ ਮੇਜਰ ਸਾਹਿਬ ਨਾਲ ਦੇ ਬਿਸਤਰੇ ਉਤੇ ਛੱਡਣ ਆਏ। ਦੂਰ ਦੂਰ ਤਕ ਸ਼ਰਾਬ ਦੀ ਹਵਾੜ ਖਿੱਲਰ ਗਈ।

ਬਾਸਮਤੀ ਦੀ ਮਹਿਕ ਕਿੰਨੀ ਦੂਰ ਸੀ, ਕਿੰਨੀ ਦੂਰ! 000

## ਚੰਦਰ ਮੋਹਨ: ਲੇਖ: 'ਲਿਖਤਮ ਸੁਖਬੀਰ'

ਪੰਜਾਬੀ ਸਾਹਿਤ-ਜਗਤ ਵਿਚ ਬਹੁਤ ਹੀ ਆਦਰ ਨਾਲ ਲਿਆ ਜਾਣ ਵਾਲਾ ਨਾਂ ਹੈ, ਸੁਖਬੀਰ। ਮੈਂ ਬਹੁਤ ਖੁਸ਼ਕਿਸਮਤ ਹਾਂ ਕਿ ਮੇਰੇ ਸੁਖਬੀਰ ਜੀ ਨਾਲ ਬਹੁਤ ਨੇੜਲੇ ਸੰਬੰਧ ਰਹੇ ਹਨ। ਇਹਨਾਂ ਸੰਬੰਧਾਂ ਦੀ ਸ਼ੁਰੂਆਤ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਤੋਂ ਲਗਪਗ ਤਿੰਨ ਦਹਾਕੇ ਪਹਿਲਾਂ ਜਦੋਂ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਸੁਖਬੀਰ ਦੇ ਨਾਵਲਾਂ ਦਾ ਸਮਾਜ-ਸ਼ਾਸਤਰੀ ਅਧਿਐਨ' ਵਿਸ਼ੇ ਉਪਰ ਪੀ.ਐੱਚ.ਡੀ ਦੀ ਪੱਧਰ ਦਾ ਖੋਜ-ਕਾਰਜ ਕਰ ਰਿਹਾ ਸਾਂ, ਉਦੋਂ ਮੈਨੂੰ ਸੁਖਬੀਰ ਜੀ ਦੇ ਨਾਵਲਾਂ ਨੂੰ ਡੂੰਘਾਈ ਨਾਲ ਪੜ੍ਹਨ ਦਾ ਮੌਕਾ ਮਿਲਿਆ। ਨਾਵਲਾਂ ਨੇ ਮੈਨੂੰ ਏਨਾ ਪ੍ਰਭਾਵਤ ਕੀਤਾ ਕਿ ਇਹਨਾਂ ਨੂੰ ਪੜ੍ਹਦਿਆਂ-ਪੜ੍ਹਦਿਆਂ ਮੇਰੇ ਅੰਦਰ ਸੁਖਬੀਰ ਜੀ ਨਾਲ ਸੰਪਰਕ

ਬਣਾਉਣ ਦੀ ਇੱਛਾ ਪੈਦਾ ਹੋਈ। ਇਹ ਗੱਲ, ਜਦੋਂ ਮੈਂ ਆਪਣੇ ਗੁਰੂਦੇਵ, ਡਾ. ਰਘਬੀਰ ਸਿੰਘ ਸਿਰਜਣਾ ਜੀ, ਨੂੰ ਦੱਸੀ, ਤਾਂ ਉਹਨਾਂ ਨੇ ਮੈਨੂੰ ਸੁਖਬੀਰ ਜੀ ਦਾ ਬੰਬਈ ਵਾਲਾ ਪਤਾ ਦਿੰਦਿਆਂ ਕਿਹਾ ਕਿ, 'ਤੂੰ ਸੁਖਬੀਰ ਨੂੰ ਖਤ ਲਿਖ।' ਉਹਨਾਂ ਇਹ ਵੀ ਦੱਸਿਆ ਕਿ, 'ਸੁਖਬੀਰ ਜੀ ਬਹੁਤ ਹੀ ਮਿਲਾਪੜੇ, ਸਾਊ ਤੇ ਮਿਹਨਤੀ ਕਿਸਮ ਦੇ ਇਨਸਾਨ ਹਨ, ਸਾਹਿਤਕਾਰ ਤਾਂ ਉਹ ਵੱਡੇ ਹਨ ਹੀ। ਤੇਰੇ ਖਤ ਦਾ ਉਹ ਜਵਾਬ ਅਵੱਸ਼ ਦੇਣਗੇ'। ਗੱਲ ਕੀ, ਮੈਂ ਉਹਨਾਂ ਨੂੰ ਇਕ ਖਤ ਲਿਖ ਕੇ ਡਾਕ ਰਾਹੀਂ ਭੇਜ ਦਿੱਤਾ। ਤੇ ਸੱਚ ਹੀ, ਉਹਨਾਂ ਦਾ ਜਵਾਬ ਆ ਗਿਆ। ਤੇ ਫਿਰ, ਸੁਖਬੀਰ ਜੀ ਨਾਲ ਖਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇੰਝ, ਇਸ ਖੋਜ-ਕਾਰਜ ਦੌਰਾਨ ਸੁਖਬੀਰ ਜੀ ਦੇ ਨਾਵਲਾਂ ਨੂੰ ਪੜ੍ਹਦਿਆਂ ਉਹਨਾਂ ਨਾਲ ਖਤਾਂ ਰਾਹੀਂ ਮੇਰੀ ਸਾਂਝ ਪਈ। ਤੇ ਖਤਾਂ ਰਾਹੀਂ ਪਈ ਇਸ ਸਾਂਝ ਨੇ ਮੇਰੇ ਦਿਲ-ਦਿਮਾਗ਼ ਵਿਚ ਸੁਖਬੀਰ ਜੀ ਨੂੰ ਵੇਖ-ਮਿਲ ਕੇ ਸਮਝਣ ਦੀ ਜਗਿਆਸਾ ਤੇ ਉਤਾਵਲ ਪੈਦਾ ਕੀਤੀ। ਉਪਰੰਤ ਉਹਨਾਂ ਨਾਲ ਕਈ ਮਿਲਣੀਆਂ ਹੋਈਆਂ। ਇਹਨਾਂ ਮਿਲਣੀਆਂ ਦੌਰਾਨ ਖਾਸ ਗੱਲ ਇਹ ਰਹੀ ਕਿ ਉਹਨਾਂ ਨਾਲ ਉਹਨਾਂ ਦੀ ਸੁਪਤਨੀ, ਸ੍ਰੀ ਮਤੀ ਜਸਬੀਰ ਕੌਰ ਜੀ, ਵੀ ਹੁੰਦੇ ਸਨ। ਜਦੋਂ ਜਦੋਂ ਵੀ ਮੈਂ ਉਹਨਾਂ ਨੂੰ ਮਿਲਿਆ, ਉਦੋਂ ਉਦੋਂ ਹੀ ਮੈਨੂੰ ਸੁਖਬੀਰ ਜੀ ਘਰ-ਪਰਿਵਾਰ ਨੂੰ ਪਹਿਲ ਦੇਣ ਵਾਲੇ ਮੁਹੱਬਤੀ ਇਨਸਾਨ ਤਾਂ ਜਾਪੇ ਹੀ, ਨਾਲ ਦੀ ਨਾਲ ਲੇਖਕ-ਸਮੁਦਾਇ ਨੂੰ ਪ੍ਰੇਰਨਾ ਦੇਣ ਵਾਲੇ ਬੁੱਧ-ਪ੍ਰਤਿਮਾ ਸ਼ਖਸ ਵੀ ਜਾਪੇ। ਉਹਨਾਂ ਦੀ ਅਜਿਹੀ ਸ਼ਖਸੀਅਤ ਤੋਂ ਪ੍ਰਭਾਵਤ ਹੋਏ ਬਿਨਾਂ ਮੈਂ ਰਹਿ ਨਾ ਸਕਿਆ। ਤੇ ਮੈਨੂੰ ਉਹਨਾਂ ਅਤੇ ਉਹਨਾਂ ਦੇ ਰਚੇ ਸਾਹਿਤ ਨਾਲ ਪਿਆਰ ਹੋ ਗਿਆ। ਤੇ ਪੰਜਾਬੀ ਲੇਖਕਾਂ 'ਚੋਂ ਸੁਖਬੀਰ ਜੀ ਮੇਰੇ ਪ੍ਰਿਯ ਮਹਿਬੂਬ ਲੇਖਕ ਬਣ ਗਏ।

ਇਕ ਦਿਨ ਜਦੋਂ ਇਹ ਗੱਲ ਮੈਂ ਆਪਣੇ ਪਿਤਾ, ਪ੍ਰੋਫੈਸਰ ਰਾਮ ਰਤਨ ਜੀ, ਨੂੰ ਦੱਸੀ ਤਾਂ ਉਹਨਾਂ ਨੇ ਮੈਥੋਂ ਸੁਖਬੀਰ ਜੀ ਬਾਰੇ ਜਾਨਣਾ ਚਾਹਿਆ, ਤਾਂ ਮੈਂ ਸੁਖਬੀਰ ਜੀ ਦੇ ਗਲਪ ਬਾਰੇ ਉਹਨਾਂ ਨਾਲ ਗੱਲਾਂ ਕੀਤੀਆਂ। ਪਿਤਾ ਜੀ ਨੇ ਕਿਹਾ, "ਗਲਪ ਤਾਂ ਠੀਕ ਹੈ, ਤੈਨੂੰ ਸੁਖਬੀਰ ਦੇ ਜੀਵਨ ਬਾਰੇ ਵੀ ਪਤਾ ਹੋਣਾ ਚਾਹੀਦਾ ਹੈ।" ਪਿਤਾ ਜੀ ਨਾਲ ਗੱਲਾਂ ਗੱਲਾਂ ਦੌਰਾਨ ਇਕ ਦਿਲਚਸਪ ਤੱਥ ਇਹ ਉੱਭਰ ਕੇ ਸਾਹਵੇਂ ਆਇਆ ਕਿ ਸੁਖਬੀਰ ਜੀ ਦੇ ਵੱਡੇ-ਵਡੇਰਿਆਂ ਦੇ ਪਿੰਡ ਦੀ ਹੱਦ ਤਾਂ ਮੇਰੇ ਪਿੰਡ, ਨੰਗਲ ਫਰੀਦ (ਗੜ੍ਹੀ), ਜ਼ਿਲ੍ਹਾ ਹੁਸ਼ਿਆਰਪੁਰ ਦੀ ਹੱਦ ਨਾਲ ਲਗਦੀ ਹੈ ਤੇ ਉਹਨਾਂ ਦੇ ਤਾਇਆ, ਸਰਦਾਰ ਜਗਤ ਸਿੰਘ ਜੀ, ਦੀ ਮੇਰੇ ਦਾਦਾ, ਸ੍ਰੀ ਜੌਹਰੀ ਰਾਮ ਜੀ, ਨਾਲ ਘਣੀ ਦੋਸਤੀ ਰਹੀ ਹੈ। ਦਾਦਾ ਜੀ ਕੋਲ਼ ਉਹਨਾਂ ਦਾ ਅਕਸਰ ਆਉਣਾ-ਜਾਣਾ ਰਹਿੰਦਾ ਸੀ। ਐਪਰ, ਸੁਖਬੀਰ ਜੀ ਦੇ ਪਿਤਾ, ਸਰਦਾਰ ਮਨਸ਼ਾ ਸਿੰਘ ਜੀ, ਰੇਲਵੇ ਦੀ ਨੌਕਰੀ ਕਰਦਿਆਂ ਕਾਫੀ ਲੰਮੇ ਸਮੇਂ ਤੋਂ ਬੰਬਈ ਰਹਿ ਰਹੇ ਸਨ। ਤੇ ਉਹਨਾਂ ਨੇ ਆਪਣੇ ਪਿੰਡ, ਬੀਰਮਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਦੇ ਕਈ ਟੱਬਰਾਂ ਨੂੰ ਬੰਬਈ ਲਿਜਾ ਕੇ ਵਸਾ ਲਿਆ ਸੀ। ਤੇ ਸੁਖਬੀਰ ਜੀ ਦਾ ਜਨਮ-ਸਥਾਨ ਵੀ ਬੰਬਈ ਬਣ ਗਿਆ ਸੀ।

ਇਕ ਦਿਨ ਫੋਨ ਉਪਰ ਗੱਲਾਂ ਦੌਰਾਨ ਸੁਖਬੀਰ ਜੀ ਨੂੰ ਜਦ ਮੈਂ ਉਹਨਾਂ ਦੇ ਪਿੰਡ ਤੇ ਆਪਣੇ ਪਿੰਡ ਬਾਰੇ ਦੱਸਿਆ ਤੇ ਪੁੱਛਿਆ, ਤਾਂ ਉਹ ਬਹੁਤ ਪ੍ਰਸੰਨ ਹੋਏ। ਇਸ ਤਰ੍ਹਾਂ ਸੁਖਬੀਰ ਜੀ ਨਾਲ ਬੰਨੇ-ਚੰਨੇ ਦੀ ਸਾਂਝ ਨੇ ਸਾਡੇ ਰਿਸ਼ਤੇ ਦੀ ਤੰਦ ਨੂੰ ਹੋਰ ਪਕੇਰੀ ਕਰ ਦਿੱਤਾ। ਤੇ ਮੈਨੂੰ ਜਾਪਿਆ ਕਿ ਸੁਖਬੀਰ ਜੀ ਨਾਲ ਹੁਣ ਮੇਰੀ ਸਾਹਿਤਕ ਸਾਂਝ ਹੀ ਨਹੀਂ ਰਹੀ, ਸਗੋਂ ਪਰਿਵਾਰਕ-ਭਾਈਚਾਰਕ ਸਾਂਝ ਨਾਲੋਂ ਵੀ ਅਗਾਂਹ ਸੱਚੇ-ਸੁੱਚੇ ਮਨੁੱਖੀ ਰਿਸ਼ਤਿਆਂ ਵਾਲੀ ਸਾਂਝ ਬਣ ਗਈ ਹੈ। ਇੰਝ, ਮੈਨੂੰ, ਸੁਖਬੀਰ ਜੀ ਮੇਰੇ ਹੋਰ ਵੀ ਨੇੜੇ ਜਾਪੇ ਤੇ ਆਪਣੇ ਆਪਣੇ ਲੱਗੇ। ਤੇ ਮੈਂ ਉਹਨਾਂ ਨੂੰ ਮਨੁੱਖ ਤੇ ਲੇਖਕ ਵਜੋਂ ਜਾਣਨ ਲਈ ਉਹਨਾਂ ਦੀਆਂ ਸਮੂਲਚੀਆਂ ਰਚਨਾਵਾਂ ਨੂੰ ਲੱਭ ਲੱਭ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਜਿਉਂ ਜਿਉਂ ਮੈਂ ਸੁਖਬੀਰ ਜੀ ਦੀਆਂ ਲਿਖਤਾਂ ਨੂੰ ਪੜ੍ਹਦਾ ਗਿਆ, ਤਿਉਂ ਤਿਉਂ ਉਹਨਾਂ ਦੀ ਸਾਹਿਤਕ ਸ਼ਖਸੀਅਤ ਦੇ ਵਿਭਿੰਨ ਰੂਪਾਂ ਦੀ ਕੇਂਦਰੀ ਤੰਦ ਤਕ ਅੱਪੜਦਾ ਗਿਆ। ਮੈਨੂੰ ਜਾਪਿਆ ਕਿ ਸੁਖਬੀਰ ਜੀ ਨੇ ਤਾਂ ਆਪਣੀ ਖੁਦੀ ਦੇ ਪਰਚਮ ਨੂੰ ਹੀ ਆਪਣੀਆਂ ਰਚਨਾਵਾਂ ਦੇ

ਕੇਂਦਰ ਵਿਚ ਰਖ ਕੇ ਲਹਿਰਾਇਆ ਹੈ।

ਖੁਦੀ ਅਧੀਨ ਰਜ਼ਾ ਨੂੰ ਕਰਕੇ ਆਪਣੀ ਤਕਦੀਰ ਆਪ ਬਣਾਉਣ ਵਾਲੀ ਇਸ ਖੁਦਾ-ਰੂਪੀ ਸ਼ਖਸੀਅਤ ਨੇ ਤਕਨੀਕੀ ਪੱਖ ਤੋਂ ਸੁਹਜ-ਸਿਰਜਣਾ ਦੀਆਂ ਅਨੇਕਾਂ ਤਸਵੀਰਾਂ (ਮੌਲਿਕ ਤੇ ਅਨੁਵਾਦਤ ਰਚਨਾਵਾਂ) ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪੰਨਿਆਂ ਉਪਰ ਆਧੁਨਿਕ ਦ੍ਰਿਸ਼ਟੀ ਦੁਆਰਾ ਰੇਖਾਂਕਤ ਕੀਤੀਆਂ ਹਨ। ਉਹ ਤਸਵੀਰਾਂ ਅਥਵਾ ਰਚਨਾਵਾਂ, ਚਾਹੇ ਕਵਿਤਾਵਾਂ ਹੋਵਣ, ਨਾਵਲ ਕਹਾਣੀਆਂ ਹੋਵਣ ਜਾਂ ਸ਼ੁੱਧ ਵਾਰਤਕ। ਸੁਖਬੀਰ ਜੀ ਦੀਆਂ ਕਵਿਤਾਵਾਂ ਨੂੰ ਸਮਝਣਾ ਰਤਾ ਮੁਸ਼ਕਲ ਹੈ ਕਿਉਂਕਿ ਉਹਨਾਂ ਵਿਚ ਵੱਡੇ ਬੱਝਵੇਂ ਖਿਆਲਾਂ ਨੂੰ ਘੱਟ ਤੋਂ ਘੱਟ ਸ਼ਬਦਾਂ ਰਾਹੀਂ ਸੂਖਮ ਬਣਾ ਕੇ ਲੈਅਬੱਧ ਕੀਤਾ ਗਿਆ ਹੈ। ਆਧੁਨਿਕ ਚਿੱਤਰਕਲਾ ਦੀ ਤਕਨੀਕ ਨਾਲ ਸਿਰਜੀਆਂ ਇਹ ਕਵਿਤਾਵਾਂ ਸੁਖਬੀਰ ਜੀ ਨੂੰ ਸਿਰਜਕ ਵਜੋਂ ਇਕ ਕਾਵਿਕ-ਚਿੱਤਰਕਾਰ ਬਣਾਉਂਦੀਆਂ ਹਨ। ਇਹ ਆਮ ਪਾਠਕ ਦੀ ਪਕੜ ਵਿਚ ਆਉਣੀਆਂ ਜ਼ਰਾ ਮੁਸ਼ਕਲ ਹਨ। ਗਲਪ ਵਿਚ ਵੀ ਉਹਨਾਂ ਨੇ ਨਿਵੇਕਲੀ ਵਸਤੂ ਨੂੰ 'ਪ੍ਰਗੀਤਕ-ਪ੍ਰਤੀਕਕ ਸ਼ੈਲੀ' ਰਾਹੀਂ ਰੂਪਮਾਨ ਕਰ ਕੇ ਪੰਜਾਬੀ ਗਲਪ ਦੇ ਖੇਤਰ ਨੂੰ ਹੀ ਚੌੜੇਰਾ ਹੀ ਨਹੀਂ ਕੀਤਾ, ਸਗੋਂ ਇਸ ਉੱਤੇ ਨਵੀਆਂ ਪੈੜਾਂ ਵੀ ਛੱਡੀਆਂ ਹਨ। ਨਾਵਲ ਅਤੇ ਕਹਾਣੀ ਰਚਨਾ ਦੇ ਸੰਬੰਧ ਵਿਚ ਇਹ ਸਰਬ ਪ੍ਰਵਾਨਤ ਹੈ ਕਿ ਮਹਾਂਨਗਰ ਦੇ ਅਨੁਭਵ ਨੂੰ ਚਿਤਰਨ ਵਾਲੇ ਪੰਜਾਬੀ ਦੇ ਉਹ ਇਕੋ ਇਕ ਨਾਮਵਰ ਲੇਖਕ ਹਨ, 'ਸੜਕਾਂ ਤੇ ਕਮਰੇ' ਨਾਂ ਦਾ ਨਾਵਲ ਉਹਨਾਂ ਦੀ ਗਲਪ ਰਚਨਾ ਦੀ ਸ੍ਰੇਸ਼ਟ ਮਿਸਾਲ ਹੈ। ਪੰਜਾਬੀ ਅਨੁਵਾਦ ਦੇ ਖੇਤਰ ਵਿਚ ਦੇਣ ਵੀ ਨਾ ਭੁੱਲਣਯੋਗ ਹੈ। ਖਤਨੁਮਾ-ਲੇਖ ਤਾਂ ਹਨ ਹੀ ਨਸਰ ਦੀ ਇਕ ਨਵੀਂ ਵਿਧਾ। ਸੁਖਬੀਰ ਜੀ ਦੇ ਖਤ ਪੰਜਾਬੀ ਸਾਹਿਤ ਦਾ ਅਨੂਪਮ ਖਜ਼ਾਨਾ ਹਨ।

ਸੁਖਬੀਰ ਜੀ ਦੀਆਂ ਕਵਿਤਾ, ਕਹਾਣੀ, ਨਾਵਲ ਤੇ ਅਨੁਵਾਦਤ ਪੁਸਤਕਾਂ ਤਾਂ ਸਹਿਜੇ ਹੀ ਲੱਭ ਪੈਂਦੀਆਂ ਹਨ ਪਰ ਵਾਰਤਕ ਦੀਆਂ ਨਹੀਂ ਸਨ ਲੱਭਦੀਆਂ। ਇਸ ਲਈ ਥਾਂ-ਪੁਰ-ਥਾਂ ਖਿੰਡਰੀਆਂ ਅਜਿਹੀਆਂ ਰਚਨਾਵਾਂ ਨੂੰ ਇਕੱਠਿਆਂ ਕਰਕੇ ਤੇ ਉਹਨਾਂ ਵਿਚੋਂ ਕੁਝ ਕੁ ਨੂੰ ਚੁਣ ਕੇ 'ਲਿਖਤਮ ਸੁਖਬੀਰ' ਨਾਂ ਦੀ ਪੁਸਤਕ ਨੂੰ ਤਿਆਰ ਕੀਤਾ ਗਿਆ। ਅਜਿਹਾ ਇਕ ਹੋਰ ਯਤਨ 'ਆਰਸੀ ਤੇ ਸੁਖਬੀਰ' ਨਾਮਕ ਪੁਸਤਕ ਵੀ ਹੈ। ਇਹਨਾਂ ਦੋਹਾਂ ਪੁਸਤਕਾਂ ਦੇ ਨਾਮਕਰਨ ਤੋਂ ਲੈ ਕੇ ਰਚਨਾ-ਸਮੱਗਰੀ ਬਾਰੇ ਸੁਖਬੀਰ ਜੀ ਨਾਲ ਮੇਰੀ ਵਿਚਾਰ-ਵਿਮਰਸ਼ ਹੁੰਦੀ ਰਹਿੰਦੀ ਸੀ। ਪਰ ਅਫਸੋਸ ਕਿ ਸ਼ੁਧ ਵਾਰਤਕ ਦੀਆਂ ਇਹ ਦੋਵੇਂ ਪੁਸਤਕਾਂ ਸੁਖਬੀਰ ਜੀ ਦੇ ਜਿਉਂਦੇ-ਜੀਅ ਪ੍ਰਕਾਸ਼ਤ ਨਾ ਹੋ ਸਕੀਆਂ। ਜੀਵਨ ਦੇ ਅੰਤਲੇ ਦਿਨਾਂ ਵਿਚ ਸੁਖਬੀਰ ਜੀ ਆਪਣੀਆਂ ਕਵਿਤਾਵਾਂ ਨੂੰ ਕਿਤਾਬੀ ਰੂਪ ਦੇਣ ਵਿਚ ਲੀਨ ਸਨ ਕਿ ਇਕ ਦਿਨ ਅਚਾਨਕ ਸਖਤ ਬਿਮਾਰ ਪੈ ਗਏ ਤੇ ਥੋੜ੍ਹਾ ਸਮਾਂ ਬੀਮਾਰ ਰਹਿਣ ਪਿੱਛੋਂ ਉਹ ਇਸ ਦੁਨੀਆ ਤੋਂ ਦੂਸਰੀ ਦੁਨੀਆ ਦੇ ਵਾਸੀ ਬਣ ਗਏ। ਬਿਮਾਰ ਹੋਣ ਤੋਂ ਕੁਝ ਦਿਨ ਪਹਿਲਾਂ ਹੀ ਮੇਰੀ ਸੁਖਬੀਰ ਜੀ ਨਾਲ ਫੋਨ ਉੱਤੇ ਗੱਲਬਾਤ ਹੋ ਰਹੀ ਸੀ। ਉਦੋਂ ਉਹ, ਕਾਵਿ-ਸੰਗ੍ਰਹਿ 'ਇਬਾਦਤਗਾਹਾਂ' ਦੀ ਪ੍ਰੈੱਸ ਕਾਪੀ ਤਿਆਰ ਕਰ ਰਹੇ ਸਨ। । ਮੈਨੂੰ ਉਹਨਾਂ ਨੇ ਬਹੁਤ ਹੀ ਖੁਸ਼ ਹੋ ਕੇ ਕਿਹਾ ਸੀ, "ਇਹ ਕਿਤਾਬ ਮੈਂ ਤੈਨੂੰ ਸਮਰਪਿਤ ਕਰ ਰਿਹਾ ਹਾਂ।" ਸੁਖਬੀਰ ਜੀ ਦੇ ਇਹ ਬੋਲ ਸੁਣ ਕੇ ਮੈਂ ਹੈਰਾਨ ਰਹਿ ਗਿਆ ਸਾਂ, ਤੇ ਖੁਸ਼ੀ ਵਿਚ ਮੇਰੇ ਕੋਲ਼ੋਂ ਕੁਝ ਨਾ ਬੋਲਿਆ ਗਿਆ। ਸੁਖਬੀਰ ਜੀ ਨੇ ਮੈਨੂੰ ਦੋ ਵਾਰ ਇਹ ਸਮਰਪਣੀ ਸ਼ਬਦ ਪੜ੍ਹ ਕੇ ਸੁਣਾਏ :

*ਚੰਦਰ ਮੋਹਨ ਨੂੰ*<br>*ਜਿਸ ਨੇ ਅਲੋਚਕ ਵਜੋਂ*<br>*ਅਪਣੀਆਂ ਦੋ ਪੁਸਤਕਾਂ ਵਿਚ ਮੇਰੇ ਨਾਵਲਾਂ ਤੇ ਕਵਿਤਾਵਾਂ ਨੂੰ*<br>*ਰੂਪਮਾਨ ਕਰਦਿਆਂ ਮੈਨੂੰ ਵੀ ਸਾਕਾਰ ਕੀਤਾ ਹੈ।*

ਸੁਖਬੀਰ ਜੀ ਦੇ ਜਾਣ ਤੋਂ ਬਾਅਦ ਉਹਨਾਂ ਦੇ ਪਰਿਵਾਰਕ ਮੈਂਬਰਾਂ- ਪਤਨੀ ਸ੍ਰੀਮਤੀ

ਜਸਬੀਰ ਕੌਰ ਜੀ, ਪੁੱਤਰ ਨਵਰਾਜ ਸਿੰਘ, ਨੂੰਹ-ਰਾਣੀ ਪ੍ਰੀਤੀ ਸਿੰਘ, ਧੀਆਂ- ਨਵਨੀਤ ਤੇ ਜਸਪਾਲ , ਪੋਤਰੀ ਅਨਵੀਕਸ਼ਾ ਸਿੰਘ ਨੇ ਰਲ਼ ਮਿਲ ਕੇ ਉਹਨਾਂ ਦੇ ਅਧੂਰੇ ਰਹਿ ਗਏ ਪ੍ਰਕਾਸ਼ਨ ਦੇ ਕਾਰਜ ਨੂੰ ਪੂਰਿਆਂ ਕਰਨ ਦਾ ਬੀੜਾ ਚੁੱਕਿਆ। ਸਿੱਟੇ ਵਜੋਂ, ਸੁਖਬੀਰ ਜੀ ਦੀ ਕਵਿਤਾ ਦੀਆਂ ਤਿੰਨ ਕਿਤਾਬਾਂ- 'ਸਿਰਨਾਵਾਂ ਸਮੁੰਦਰ ਦਾ'(2012), 'ਇਬਾਦਤਗਾਹਾਂ'(2013),' 'ਵਣ-ਤ੍ਰਿਣ'(2016) ਅਤੇ ਬਾਲ ਕਹਾਣੀਆਂ ਦੀਆਂ ਚਾਰ ਕਿਤਾਬਾਂ: 'ਛੱਪੜ ਤੇ ਅਸਮਾਨ'(2019), 'ਗਾਉਣ ਵਾਲਾ ਫੁੱਲ' (2019), 'ਕੰਧਾਂ 'ਤੇ ਉੱਡਣ ਵਾਲਾ ਘੋੜਾ'' (2021), 'ਕਦੇ ਨਾ ਬੁਝਣ ਵਾਲਾ ਦੀਵਾ' (2021) ਪ੍ਰਕਾਸ਼ਤ ਹੋਈਆਂ। ਕਹਾਣੀਆਂ ਦੇ ਇਹ ਸੰਗ੍ਰਹਿ ਸੁਖਬੀਰ ਜੀ ਨੂੰ ਬਾਲ-ਸਾਹਿਤ ਲੇਖਕ ਦੇ ਰੂਪ ਵਿਚ ਸਮੂਰਤ ਕਰਦੇ ਹਨ।'ਗਰਦਸ਼' (2021), 'ਅੱਧੇ ਪੌਣੇ'(2023), ਤੇ 'ਸੜਕਾਂ ਤੇ ਕਮਰੇ' (2023) ਨਾਵਲਾਂ ਦਾ ਵੀ ਮੁੜ ਪ੍ਰਕਾਸ਼ਨ ਹੋਇਆ। ਪ੍ਰਕਾਸ਼ਨ ਦੇ ਇਹ ਸਾਰੇ ਉੱਦਮ ਪਰਿਵਾਰ ਵੱਲੋਂ ਕੀਤੀ ਗਈ ਸੁਖਬੀਰ ਜੀ ਦੀ ਸਾਹਿਤਕ ਕਦਰ ਦਾ ਜਿਉਂਦਾ ਜਾਗਦਾ ਸਬੂਤ ਹਨ। ਇੰਝ ਹੀ, ਪੰਜਾਬੀ ਸਾਹਿਤ-ਜਗਤ ਵਿਚ ਉਹਨਾਂ ਦੀ ਕਦਰਦਾਨੀ ਦਾ ਪ੍ਰਤੱਖ ਪ੍ਰਮਾਣ ਬਣਦਾ ਹੈ 'ਸੁਖਬੀਰ ਸਿਮਰਿਤੀ ਗ੍ਰੰਥ' (2015) ਦਾ ਪ੍ਰਕਾਸ਼ਨ।

ਸੁਖਬੀਰ ਜੀ ਦੇ ਜਾਣ ਤੋਂ ਬਾਅਦ ਛਪੀਆਂ ਉਹਨਾਂ ਦੀਆਂ ਲਗਪਗ ਸਾਰੀਆਂ ਕਿਤਾਬਾਂ ਦੇ ਕਵਰ ਵੀ ਸੁਖਬੀਰ ਜੀ ਦੀ ਚਿੱਤਰਕਾਰ ਧੀ, ਨਵਨੀਤ, ਨੇ ਡੀਜ਼ਾਈਨ ਕੀਤੇ ਹਨ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਬਣਦਾ ਹੈ ਕਿ ਸੁਖਬੀਰ ਜੀ ਨੂੰ ਚਿੱਤਰਕਲਾ ਦਾ ਸ਼ੌਕ ਹੀ ਨਹੀਂ, ਉਸਦੀ ਤਕਨੀਕ ਦੀ ਵੀ ਭਰਪੂਰ ਸਮਝ ਸੀ। ਉਹ ਇੰਜੀਨੀਅਰ ਬਣਨਾ ਚਾਹੁੰਦੇ ਸਨ ਪਰ ਇੰਜੀਨੀਅਰ ਬਣਦੇ ਬਣਦੇ ਉਹ ਸਾਹਿਤ ਦੇ ਇੰਜੀਨੀਅਰ ਬਣ ਬੈਠੇ। ਲਗਦੈ, ਸੁਖਬੀਰ ਜੀ ਦੀਆਂ ਲਿਖਤਾਂ ਵਿਚਲੀ ਤਕਨੀਕ ਦੀ ਸਫਾਈ ਸੁਖਬੀਰ ਜੀ ਦੀ ਇੰਜੀਨੀਅਰੀ ਸੋਚ ਦੀ ਦੇਣ ਹੈ, ਅਤੇ ਰਚਨਾਵਾਂ ਵਿਚਲੇ ਕਲਾਤਮਕ ਸੌਂਦਰਯ ਦਾ ਵਹਾਓ ਉਹਨਾਂ ਦੀ ਚਿੱਤਰ-ਕਲਾ ਦੀ ਡੂੰਘੀ ਸਮਝ ਤੇ ਗਿਆਨ ਦਾ ਸਿੱਟਾ। ਸੁਖਬੀਰ ਜੀ ਦੀ ਸ਼ਖ਼ਸੀਅਤ ਦੇ ਇਹਨਾਂ ਦੋਹਾਂ ਪਹਿਲੂਆਂ ਦੇ ਜਿਉਂਦੇ-ਜਗਦੇ ਰੂਪਾਂ ਨੂੰ ਉਹਨਾਂ ਦੇ ਪੁੱਤਰ, ਨਵਰਾਜ ਸਿੰਘ ਤੇ ਧੀ, ਨਵਨੀਤ ਨੇ ਕ੍ਰਮਵਾਰ ਇੰਜੀਨੀਅਰ ਤੇ ਆਧੁਨਿਕ ਚਿੱਤਰਕਲਾ ਦੀ ਮਾਹਿਰ ਕਲਾਕਾਰ ਬਣਕੇ ਸਾਕਾਰ ਕੀਤਾ ਹੈ। ਵੈਸੇ ਸੁਖਬੀਰ ਜੀ ਦਾ ਸਾਰਾ ਪਰਿਵਾਰ ਹੀ ਕਲਾ ਦੇ ਵਿਭਿੰਨ ਖੇਤਰਾਂ ਨਾਲ ਜੁੜਿਆ ਹੋਣ ਕਰਕੇ ਇਹਨਾਂ ਦੀ ਭਰਪੂਰ ਸਮਝ ਰੱਖਦਾ ਹੈ।

ਸੁਖਬੀਰ ਜੀ ਦੇ ਹੁੰਦਿਆਂ ਮੇਰੀ ਉਹਨਾਂ ਦੇ ਪਰਿਵਾਰ ਨਾਲ ਸਾਂਝ ਤਾਂ ਸੀ ਹੀ, ਪਰ ਉਹਨਾਂ ਦੇ ਜਾਣ ਤੋਂ ਬਾਅਦ ਉਹ ਹੋਰ ਵਧ ਗਈ। ਫੋਨ ਉੱਤੇ ਨਵਰਾਜ ਭਾਅ ਜੀ ਨਾਲ ਸੁਖਬੀਰ ਜੀ ਦੇ ਅਧੂਰੇ ਰਹਿ ਗਏ ਉਹਨਾਂ ਦੇ ਸਾਹਿਤ ਦੇ ਪ੍ਰਕਾਸ਼ਨ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਬਾਰੇ ਮੇਰੀਆਂ ਅਕਸਰ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਇਹਨਾਂ ਗੱਲਾਂ ਦੌਰਾਨ ਸੁਖਬੀਰ ਜੀ ਦੀ ਸਾਹਿਤਕ ਸੂਝ-ਸਮਝ ਦਾ ਡੂੰਘਾ ਤੇ ਭਰਵਾਂ ਅਸਰ ਮੈਂ ਨਵਰਾਜ ਭਾਅ ਜੀ ਉਪਰ ਸਹਿਵਨ ਹੀ ਮਹਿਸੂਸ ਕਰਦਾ ਰਿਹਾ ਹਾਂ। ਅੰਟੀ ਜੀ (ਸੁਖਬੀਰ ਜੀ ਦੀ ਪਤਨੀ ਜੋ 90 ਵਰ੍ਹਿਆਂ ਦੀ ਉਮਰ ਭੋਗ ਕੇ ਚਾਰ ਵਰ੍ਹੇ ਪਹਿਲਾਂ ਸਦੀਵੀ ਵਿਛੋੜਾ ਦੇ ਗਏ) ਤਾਂ ਸਾਹਿਤ ਦੇ ਰਸੀਏ ਤੇ ਸਾਹਿਤ ਦੀ ਸਮਝ ਰੱਖਣ ਵਾਲੇ ਸਨ ਹੀ, ਆਪਣੇ ਸਾਹਿਤਕਾਰ ਪਤੀ ਦੇ ਰਚੇ ਸਾਹਿਤ ਦੀ ਸਾਂਭ-ਸੰਭਾਲ਼ ਦਾ ਫਰਜ਼ ਨਿਭਾਉਣ ਵੇਲੇ ਦੇ ਦ੍ਰਿੜ-ਵਿਸ਼ਵਾਸ ਅਤੇ ਇਕ ਇੰਜੀਨੀਅਰ ਪੁੱਤਰ ਦੇ ਆਪਣੇ ਸਾਹਿਤਕਾਰ ਪਿਤਾ ਦੀਆਂ ਸਾਹਿਤਕ ਰਚਨਾਵਾਂ ਲਈ ਡੁੱਲ੍ਹ-ਡੁੱਲ੍ਹ ਪੈਂਦੇ ਪਿਆਰ ਤੇ ਸਤਿਕਾਰ ਕਾਰਨ ਹੀ 'ਆਰਸੀ ਤੇ ਸੁਖਬੀਰ' (2019), ਅਤੇ ਫਿਰ 'ਲਿਖਤਮ ਸੁਖਬੀਰ' ਨਾਂ ਦੀਆਂ ਪੁਸਤਕਾਂ ਦਾ ਪ੍ਰਕਾਸ਼ਨ ਸੰਭਵ ਹੋ ਪਾਇਆ। ਇਹ ਦੋਵੇਂ ਪੁਸਤਕਾਂ ਨਵਰਾਜ ਭਾਅ ਜੀ ਅਤੇ ਅੰਟੀ (ਸ੍ਰੀਮਤੀ ਜਸਬੀਰ ਕੌਰ) ਦੀ ਅਣਥੱਕ ਮਿਹਨਤ ਤੇ ਸਹਿਯੋਗ ਦਾ ਸਿੱਟਾ, ਤੇ ਮੇਰੀ ਸੰਪਾਦਨਾ ਉਪਰ ਉਹਨਾਂ ਦੇ ਭਰੋਸੇ ਦਾ ਫਲ ਹਨ।

'ਲਿਖਤਮ ਸੁਖਬੀਰ' ਅੰਦਰ ਦੋ ਪੁਸਤਕਾਂ ਦਾ ਸੁਮੇਲ ਵੇਖਿਆ ਜਾ ਸਕਦਾ ਹੈ। ਪਹਿਲੀ

ਪੁਸਤਕ ਦਾ ਨਾਂ ਹੈ : 'ਖੁਦੀ ਖੁਦਾ ਤੇ ਤਕਦੀਰ'। ਦੂਸਰੀ ਪੁਸਤਕ ਦਾ ਨਾਂ ਹੈ : 'ਸੁਹਜ-ਸਿਰਜਣਾ ਦੀ ਤਸਵੀਰ'। ਪਹਿਲੀ ਪੁਸਤਕ ਦੀ ਰਚਨਾ-ਸਮੱਗਰੀ ਨੂੰ ਸਰ ਮੁਹੰਮਦ ਇਕਬਾਲ ਦੇ ਇਕ ਸ਼ਿਅਰ ਦੇ ਚਾਰ ਹਿੱਸਿਆਂ ਦੇ ਸਿਰਲੇਖ ਬਣਾ ਕੇ ਉਹਨਾਂ ਅਧੀਨ ਦਰਜ ਕੀਤਾ ਗਿਆ ਹੈ। ਅਤੇ ਕੋਸ਼ਿਸ਼ ਕੀਤੀ ਗਈ ਹੈ ਕਿ ਪੁਸਤਕ ਦੀ ਬਣਤਰ ਤੇ ਲਿਖਤ ਦੀ ਸਮੱਗਰੀ ਇਕਸੁਰ ਹੋ ਜਾਏ ਅਥਵਾ ਦੋਹਾਂ ਵਿਚ ਪਾੜ ਨਜ਼ਰ ਨਾ ਆਏ। ਤੇ ਸੁਖਬੀਰ ਜੀ ਦੀ ਪੂਰੀ ਸ਼ਖਸੀਅਤ ਇਸ ਰਾਹੀਂ ਝਲਕੇ। ਦੂਸਰੀ ਪੁਸਤਕ ਦਾ ਨਾਮਕਰਨ, 'ਸੁਹਜ-ਸਿਰਜਣਾ ਦੀ ਤਸਵੀਰ', ਇਸ ਲਈ ਕੀਤਾ ਗਿਆ ਹੈ ਕਿ ਪੰਜਾਬੀ ਸਾਹਿਤ ਦੀ ਅਮਿੱਟ ਤਸਵੀਰ ਬਣ ਚੁੱਕੀ ਇਸ ਸਾਹਿਤਕ ਸ਼ਖਸੀਅਤ ਦੀਆਂ ਵਿਭਿੰਨ ਕਿਸਮ ਦੀਆਂ ਸੁਹਜ-ਸਿਰਜਣਈ ਵਾਰਤਕ ਰਚਨਾਵਾਂ ਪੰਜਾਬੀ ਪਾਠਕਾਂ ਨੂੰ ਇਕੋ ਜਿਲਦ ਵਿਚ ਪ੍ਰਾਪਤ ਹੋ ਸਕਣ।

ਸੁਖਬੀਰ ਜੀ ਤਾਂ ਸੱਚੀਓਂ ਹੀ ਪੰਜਾਬੀ ਸੁਹਜ-ਸਿਰਜਣਾ ਦੀ ਵਿਲੱਖਣ ਤਕਦੀਰ ਦੇ ਸਿਰਜਣਹਾਰ ਸਨ ਜਿਨ੍ਹਾਂ ਨੇ ਆਪਣੇ ਜੀਵਨ-ਕਾਲ (9 ਜੁਲਾਈ 1925 ਤੋਂ 22 ਫਰਵਰੀ 2012) ਵਿਚ ਵਿਸ਼ਵ ਦੇ ਮਹਾਨ ਸਾਹਿਤ ਨੂੰ ਆਪਣੇ ਅੰਦਰ ਸਮੋ ਕੇ ਵੱਖ-ਵੱਖ ਸਮਿਆਂ ਉੱਤੇ ਪੰਜਾਬੀ ਸਾਹਿਤ ਦੀ ਧਰੋਹਰ ਕਹਿਲਾਉਣ ਲਾਇਕ ਅਨੇਕਾਂ ਸਿਰਜਣਾਤਮਕ ਰਚਨਾਵਾਂ ਦੇ ਨਾਲ ਨਾਲ ਲੇਖਾਂ ਤੇ ਖਤਨੁਮਾ-ਲੇਖਾਂ ਵਰਗੀਆਂ ਸੁਹਜ-ਸਿਰਜਣਈ ਰਚਨਾਵਾਂ ਨੂੰ ਵੀ ਜਨਮ ਦਿੱਤਾ। ਇਹਨਾਂ ਰਚਨਾਵਾਂ ਦੀ ਸਿਰਜਣਾ ਰਾਹੀਂ ਜਾਪਦਾ ਇੰਝ ਹੈ, ਜਿਵੇਂ, ਸੁਖਬੀਰ ਜੀ ਮਨੁੱਖ ਤੇ ਲੇਖਕ ਦੇ ਤੌਰ 'ਤੇ ਆਪਣੇ ਬਹੁ ਭਾਂਤੀ ਅਨੁਭਵਾਂ ਨੂੰ ਇਮਾਨਦਾਰੀ ਨਾਲ ਪੰਜਾਬੀ ਪਾਠਕਾਂ ਤੇ ਲੇਖਕਾਂ ਸਾਹਵੇਂ ਪੇਸ਼ ਕਰ ਰਹੇ ਹੋਵਣ। ਇਹ ਰਚਨਾਵਾਂ ਸੁਖਬੀਰ ਜੀ ਦੇ ਸਵੈਜੀਵਨਕ ਅੰਸ਼ਾਂ ਦੀ ਭਾਹ ਵੀ ਮਾਰਦੀਆਂ ਹਨ। ਇਸ ਲਈ ਇਸ ਪੁਸਤਕ ਨੂੰ ਸਵੈ-ਜੀਵਨੀ ਦੇ ਤੌਰ 'ਤੇ ਪੜ੍ਹ ਕੇ ਸੁਖਬੀਰ ਜੀ ਦੀ ਸ਼ਖਸੀਅਤ ਦੇ ਵਿਭਿੰਨ ਪਹਿਲੂਆਂ ਨੂੰ ਜਾਣਿਆ ਜਾ ਸਕਦਾ ਹੈ।

ਸੁਖਬੀਰ ਜੀ ਮੋਹ-ਮਾਇਆ ਤੋਂ ਨਿਰਲੇਪ ਅਜਿਹੇ ਵਿਅਕਤੀ ਸਨ ਜਿਹਨਾਂ ਨੇ ਪਰਿਵਾਰ ਤੇ ਸਮਾਜ ਵੱਲੋਂ ਮਿਲੇ ਬਲਬੀਰ ਸਿੰਘ ਵਾਲੇ ਆਪਣੇ ਨਾਂ ਨੂੰ ਲਾਂਭੇ ਕਰਕੇ ਆਪਣਾ ਖੁਦ ਦਾ ਨਾਂ, ਸੁਖਬੀਰ, ਰੱਖ ਕੇ ਇਸ ਨਾਂ ਦੀ ਇਕ ਨਿਵੇਕਲੀ ਸਾਹਿਤਕ ਪਛਾਣ ਬਣਾਈ। ਨਾਂ ਦੀ ਵਿਰਾਸਤੀ ਪਛਾਣ (ਬਲਬੀਰ ਸਿੰਘ) ਤਾਂ ਉਹਨਾਂ ਨੇ ਇਕ ਪਾਸੇ ਰੱਖੀ ਹੀ, ਜੱਦੀ ਜਾਇਦਾਦ ਤੇ ਦੌਲਤ ਨੂੰ ਵੀ ਉਹਨਾਂ ਪਾਸੇ ਕਰ ਕੇ ਬੰਬਈ ਦੇ ਵਰਸੋਵਾ-ਰੋਡ ਉੱਤੇ ਖੁਦ ਦੇ ਘਰ, 'ਸੂਰਜ ਅਤੇ ਸਮੁੰਦਰ' ਦੇ ਮਕਾਨ ਨੰਬਰ 'ਉੱਨੀ' ਵਿਚ ਵਾਸਾ ਕੀਤਾ। ਇੱਥੇ ਹੀ ਉਹਨਾਂ ਇਕੱਲਤਾ ਭਰਪੂਰ ਜੀਵਨ ਜਿਉਂਦਿਆਂ ਆਪਣਾ ਸਿਰਜਣਾਤਮਕ ਕਾਰਜ ਕੀਤਾ। ਉਹਨਾਂ ਨੇ ਆਪਣੀ ਇਕੱਲਤਾ ਨੂੰ ਸਾਰਥਕਤਾ ਬਣਾਇਆ ਸੀ। ਇਸੇ ਲਈ ਉਹਨਾਂ ਦੇ ਇਸ ਘਰ ਵਿਚ ਬਹੁਤ ਸਾਰੇ ਹਿੰਦੀ, ਪੰਜਾਬੀ, ਉਰਦੂ, ਮਰਾਠੀ ਤੇ ਅੰਗਰੇਜ਼ੀ ਦੇ ਲੇਖਕਾਂ ਤੇ ਕਲਾਕਾਰਾਂ ਦਾ ਆਉਣਾ-ਜਾਣਾ ਰਹਿੰਦਾ ਸੀ। ਖੁਦ 'ਚ ਖੁਦੀ ਨੂੰ ਜਗਾ ਕੇ ਆਪਣਾ ਖੁਦਾ ਆਪ ਬਣਨ ਵਾਲੇ ਬਲਬੀਰ ਸਿੰਘ ਨੇ ਸੁਖਬੀਰ ਨਾਂ ਦੇ ਇਕ ਬੇਮਿਸਾਲ ਪੰਜਾਬੀ ਸਾਹਿਤਕਾਰ ਦੀ ਤਕਦੀਰ ਨੂੰ ਘੜਿਆ ਸੀ, ਤੇ ਜਿਸਨੇ ਆਪਣੇ ਆਪ ਨੂੰ ਬੰਬਈ ਦਾ ਲੇਖਕ ਨਹੀਂ, ਬਲਕਿ ਪੰਜਾਬੀ ਦਾ ਲੇਖਕ ਮੰਨਿਆ ਸੀ। ਅਤੇ ਇਹ ਵੀ ਮੰਨਿਆ ਸੀ ਕਿ ਕਿਸੇ ਵੀ ਲੇਖਕ ਦੀ ਪਛਾਣ ਤਾਂ ਕੇਵਲ ਲੇਖਕ ਵਜੋਂ ਹੋਣੀ ਚਾਹੀਦੀ ਹੈ। ਨਾ ਕਿ ਕਿਸੇ ਭੁਗੋਲਿਕ, ਭਾਸ਼ਕ, ਵਾਦਕ, ਸਮਾਜਕ ਆਦਿ ਦੀਆਂ ਹੱਦਬੰਦੀਆ ਦੇ ਤੌਰ'ਤੇ।

ਬਹੁਮੁਖੀ ਤੇ ਬਹੁਪੱਖੀ ਇਸ ਸਾਹਿਤਕ ਸ਼ਖਸੀਅਤ ਨੇ ਆਪਣੇ ਜੀਵਨ ਵਿਚ ਜਿਤਨੇ ਵੀ ਕੰਮ-ਧੰਦੇ ਕੀਤੇ, ਉਹ ਸਾਰੇ ਦੇ ਸਾਰੇ ਹੀ ਇਮਾਨਦਾਰੀ ਦੇ ਸਾਹਵੇਂ; ਖੁਦੀ ਨੂੰ ਬੁਲੰਦ ਕਰ ਕੇ ਕੀਤੇ। ਇੱਥੋਂ ਤਕ ਕਿ ਕੁਲਵਕਤੀ ਲੇਖਕ ਬਣ ਕੇ ਵੀ ਉਹਨਾਂ ਨੇ ਆਪਣੇ ਤੇ ਆਪਣੇ ਪਰਿਵਾਰ ਦੇ ਜੀਵਨ-ਨਿਰਬਾਹ ਲਈ ਜੋ ਜੋ ਵੀ ਕਿੱਤੇ ਕੀਤੇ, ਭਾਵੇਂ ਉਹ ਐਡਵਰਟਾਈਜ਼ਿੰਗ ਦਾ ਹੋਵੇ, ਹਿੰਦੀ

ਫਿਲਮਾਂ ਦੇ ਲੇਖਨ ਤੇ ਨਿਰਦੇਸ਼ਨ ਦਾ ਹੋਵੇ, ਅਨੁਵਾਦ ਦਾ ਹੋਵੇ, ਪੱਤਰਕਾਰੀ ਦਾ ਹੋਵੇ, ਅਧਿਆਪਨ ਦਾ ਹੋਵੇ; ਉਹਨਾਂ ਦਾ ਪਰਛਾਵਾਂ ਆਪਣੇ ਮੌਲਿਕ ਲੇਖਨ ਦੇ ਕਾਰਜ ਉੱਤੇ ਨਹੀਂ ਪੈਣ ਦਿੱਤਾ। ਕੁਲਵਕਤੀ ਲੇਖਕ ਲਈ ਅਜਿਹੇ ਅਸਰ ਤੋਂ ਬਚਣਾ ਬਹੁਤ ਮੁਸ਼ਕਲ ਹੁੰਦਾ ਹੈ। ਅਜਿਹਾ ਸੁਖਬੀਰ ਜੀ ਦੀ ਦਰਵੇਸ਼ੀ ਸ਼ਖਸੀਅਤ ਕਰਕੇ ਹੀ ਸੰਭਵ ਹੋ ਸਕਿਆ। ਉਹਨਾਂ ਨੇ ਆਪਣੇ ਜੀਵਨ ਵਿਚ ਕਿਸੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਵੱਲੋਂ ਦਿੱਤੇ ਗਏ ਇਨਾਮਾਂ-ਸਨਮਾਨਾਂ ਨੂੰ ਵੀ ਕਦੇ ਨਾ ਸਵੀਕਾਰਿਆ। ਖੁਦੀ ਨੂੰ ਬੁਲੰਦ ਰੱਖਣ ਵਾਲਾ ਲੇਖਕ ਹੀ ਅਜਿਹਾ ਸੋਚ ਸਕਦਾ ਹੈ ਤੇ ਕਰ ਕੇ ਵਿਖਾ ਸਕਦਾ ਹੈ, ਸਮੂਹ ਤੋਂ ਅਲੱਗ ਖਲੋ ਕੇ ਨਵੇਂ ਰਾਹ ਬਣਾਉਂਦਿਆਂ ਉਹਨਾਂ ਉੱਤੇ ਪੱਕੇ ਪੈਰੀਂ ਤੁਰ ਸਕਦਾ ਹੈ। ਉਸ ਲਈ ਅਜਿਹਾ ਕੁਝ ਕਰਨਾ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਉਸਦਾ ਪੜ੍ਹਿਆ ਹੋਇਆ; ਗੁੜ੍ਹਿਆ ਵੀ ਹੋਵੇ। ਸੁਖਬੀਰ ਜੀ ਅਜਿਹੇ ਹੀ ਲੇਖਕ ਸਨ।

ਹਿੰਦੀ ਵਿਚ ਰਚਨਾਵਾਂ ਰਚ ਕੇ ਆਪਣਾ ਸਿਰਜਣਾਤਮਕ ਸਫਰ ਸ਼ੁਰੂ ਕਰਨ ਵਾਲੇ ਸਾਡੇ ਇਸ ਪੰਜਾਬੀ ਸਾਹਿਤਕਾਰ ਦਾ ਘੇਰਾ ਬਹੁਤ ਵਿਸ਼ਾਲ ਸੀ। ਲਗਪਗ ਹਰ ਵੱਡਾ ਪੰਜਾਬੀ ਲੇਖਕ ਤਾਂ ਇਸ ਘੇਰੇ ਵਿਚ ਸ਼ਾਮਲ ਸੀ ਹੀ, ਨਾਲ ਦੀ ਨਾਲ ਹਿੰਦੀ, ਉਰਦੂ ਤੇ ਅੰਗਰੇਜ਼ੀ ਭਾਸ਼ਾਵਾਂ ਦੇ ਕਈ ਵੱਡੇ ਸਾਹਿਤਕਾਰ, ਫਿਲਮੀ ਜਗਤ ਦੀਆਂ ਕਈ ਮਹਾਨ ਹਸਤੀਆਂ, ਗੀਤਕਾਰ, ਸੰਗੀਤਕਾਰ, ਪੱਤਰਕਾਵਾਂ ਦੇ ਸੰਪਾਦਕ ਅਤੇ ਹੋਰਨਾਂ ਕਲਾਤਮਕ ਖੇਤਰਾਂ ਨਾਲ ਜੁੜੀਆਂ ਅਜ਼ੀਮ ਸ਼ਖਸੀਅਤਾਂ ਵੀ ਇਸ ਘੇਰੇ ਵਿਚ ਸ਼ਾਮਲ ਸਨ।ਜੇ ਇਹਨਾਂ ਹਸਤੀਆਂ ਵਿਚੋਂ ਕੁਝ ਨਾਵਾਂ ਦੀ ਚੋਣ ਕਰਨੀ ਹੋਵੇ, ਤਾਂ ਸਹਿਜੇ ਹੀ ਇਹ ਨਾਂ ਗਿਣਾਏ ਜਾ ਸਕਦੇ ਹਨ – ਬਲਰਾਜ ਸਾਹਨੀ, ਰਾਜਿੰਦਰ ਸਿੰਘ ਬੇਦੀ, ਧਰਮਵੀਰ ਭਾਰਤੀ, ਖੁਸ਼ਵੰਤ ਸਿੰਘ, ਸਰਦਾਰ ਜਾਫਰੀ, ਸਾਗਰ ਸਰਹੱਦੀ, ਕੁੱਰਤੁਲਏਨ ਹੈਦਰ, ਜਗਜੀਤ ਸਿੰਘ ਤੇ ਗੁਲਜ਼ਾਰ।

ਆਮ ਲੋਕਾਂ ਅਤੇ ਵਿਭਿੰਨ ਖੇਤਰਾਂ ਦੀਆਂ ਮਾਹਿਰ ਸ਼ਖਸੀਅਤਾਂ ਨਾਲ ਸਾਹਿਤਕ ਤੇ ਮਨੁੱਖੀ ਸਾਂਝਾਂ ਪਾ ਕੇ ਨਿਭਾਉਣ ਵਾਲੇ ਸਾਡੇ ਇਸ ਪ੍ਰਬੁੱਧ ਸਾਹਿਤਕਾਰ ਬਾਰੇ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਅੱਜ ਤੋਂ ਸੱਠ ਸੱਤਰ ਸਾਲ ਪਹਿਲਾਂ ਉਸਨੇ ਵਿਸ਼ਵ ਸਾਹਿਤ ਦੀਆਂ ਵਿਭਿੰਨ ਵਿਚਾਰਧਾਰਾਵਾਂ ਨਾਲ ਸੰਬੰਧਤ ਕਈ ਮਹਾਨ ਲੇਖਕਾਂ, ਚਿੰਤਕਾਂ ਤੇ ਕਲਾਕਾਰਾਂ ਦੇ ਲਿਖੇ ਸਾਹਿਤ ਨੂੰ ਪ੍ਰਾਪਤ ਕਿਵੇਂ ਕੀਤਾ ਹੋਵੇਗਾ? ਅੱਜ ਦੇ ਸੂਚਨਾ ਤੇ ਤਕਨਾਲੋਜੀ ਦੇ ਯੁਗ ਵਿਚ ਅਜਿਹੀ ਪ੍ਰਾਪਤੀ ਤਾਂ ਬਹੁਤ ਆਸਾਨ ਹੈ। ਇਸਦਾ ਇਕੋ ਇਕ ਜਵਾਬ ਇਹ ਬਣਦਾ ਹੈ ਕਿ ਮਿਹਨਤੀ, ਸਿਰੜੀ ਤੇ ਨਿਪੁੰਨਤਾ ਵਿਚ ਯਕੀਨ ਰੱਖਣ ਵਾਲਾ ਅਜਿਹਾ ਵਿਅਕਤੀ ਹੀ ਇਹ ਸਭ ਕੁਝ ਕਰ ਸਕਦਾ ਹੈ ਜਿਸਨੇ ਆਪਣਾ ਸਮੁੱਚਾ ਜੀਵਨ ਹੀ ਸਾਹਿਤ ਨੂੰ ਸਮਰਪਿਤ ਕੀਤਾ ਹੋਵੇ, ਜਿਸਨੇ ਵਿਸ਼ਵ ਸਾਹਿਤ ਦਾ ਭਰਪੂਰ ਮੁਤਾਲਿਆ ਕੀਤਾ ਹੋਵੇ ਅਤੇ ਜਿਸਦੇ ਮਨ-ਮਸਤਕ ਅੰਦਰ ਗਿਆਨ ਨੂੰ ਪਾਉਣ ਦੀ ਲਾਟ ਮੱਚ ਰਹੀ ਹੋਵੇ। ਸੁਖਬੀਰ ਜੀ ਅਜਿਹੀ ਹੀ ਸ਼ਖਸੀਅਤ ਦੇ ਮਾਲਕ ਸਨ।

ਵਿਸ਼ਵ ਸਾਹਿਤ ਨੂੰ ਪੜ੍ਹ ਕੇ ਆਤਮਸਾਤ ਕਰਨ ਵਾਲੀ ਅਜਿਹੀ ਸ਼ਖਸੀਅਤ ਹੀ ਕਾਲ-ਮੁਕਤ ਸਰੂਪ ਦੀਆਂ ਧਾਰਨੀ ਰਚਨਾਵਾਂ ਸਿਰਜ ਕੇ ਇਹ ਬੋਲ ਉਚਾਰ ਸਕਦੀ ਹੈ ਕਿ, *'ਸੰਸਾਰ ਭਰ ਦਾ ਸਾਹਿਤ ਲੇਖਕ ਦਾ ਵਿਰਸਾ ਹੋਣਾ ਚਾਹੀਦਾ ਹੈ ਅਤੇ ਲੇਖਕ ਨੂੰ ਪਾਠਕਾਂ ਦੀ ਪਸੰਦ-ਨਾ-ਪਸੰਦ ਜਾਂ ਕਿਸੇ ਖਾਸ ਵਿਚਾਰਧਾਰਾ ਜਾਂ ਵਾਦ ਦੀ ਥਾਂ ਮਹਾਨ ਸਾਹਿਤ ਦੀਆਂ ਕਲਾਤਮਕ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸਾਹਮਣੇ ਰੱਖ ਕੇ ਲਿਖਣਾ ਚਾਹੀਦਾ ਹੈ।'* ਅਜਿਹੀਆਂ ਅਨੇਕਾਂ ਧਾਰਨਾਵਾਂ 'ਲਿਖਤਮ ਸੁਖਬੀਰ' ਵਿਚ ਉਪਲਬਧ ਹਨ ਜੋ ਵਰਤਮਾਨ ਵਿਚ ਵਿਚਰ ਰਹੇ ਅਤੇ ਭਵਿੱਖ ਦੇ ਪੰਜਾਬੀ ਲੇਖਕਾਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਦੀਆਂ ਹਨ। ਮਨੁੱਖੀ ਤੇ ਕਲਾਤਮਕ ਕਦਰਾਂ-ਕੀਮਤਾਂ ਨੂੰ ਪਰਨਾਏ ਸਾਹਿਤਕਾਰ ਦਾ ਉੱਚਾ-ਸੁੱਚਾ ਕਿਰਦਾਰ ਹੀ ਅਜਿਹੀਆਂ ਕਿਰਤਾਂ ਦਾ ਸਿਰਜਣਹਾਰ ਹੁੰਦਾ ਹੈ।ਅਜਿਹਾ ਸਾਹਿਤਕਾਰ ਹੀ ਲੇਖਕਾਂ ਦਾ ਲੇਖਕ ਤੇ ਚਿੰਤਕਾਂ ਦਾ ਚਿੰਤਕ ਕਹਿਲਾਉਣ ਦਾ ਹੱਕਦਾਰ ਹੈ।

ਵਿਚਾਰਧਾਰਕ ਤੌਰ 'ਤੇ ਸੁਖਬੀਰ ਜੀ ਅਹਿਲ-ਅਡੋਲ ਸ਼ਖਸੀਅਤ ਵਾਲੇ ਚਿੰਤਕ ਸਨ।

ਇਸ ਦੀ ਇਕ ਮਿਸਾਲ 'ਸਿਰਜਣਾ' ਦੇ ਸੰਪਾਦਕ, ਡਾ.ਰਘਬੀਰ ਸਿੰਘ ਜੀ, ਨੂੰ ਲਿਖਿਆ ਇਕ ਖਤਨੁਮਾ ਲੇਖ ਹੈ, ਜੋ ਅਪਰੈਲ-1991 ਦੇ ਅੰਕ ਵਿਚ ਛਪਿਆ ਸੀ, ਅਤੇ ਜਿਸ ਵਿਚ ਸੁਖਬੀਰ ਜੀ ਨੇ 'ਸਮਾਜਵਾਦੀ ਮੁਲਕਾਂ ਵਿਚ ਸਮਾਜਵਾਦ ਦੀਆਂ ਜੜ੍ਹਾਂ ਪੁੱਟੀਆਂ ਜਾਣ' ਬਾਰੇ ਚਿੰਤਾ ਜਤਾਈ ਸੀ। ਸੁਖਬੀਰ ਜੀ ਦੀ ਇਹ ਵਿਚਾਰਾਤਮਕ ਚਿੰਤਾ ਕਈ ਪਾਠਕਾਂ ਨੂੰ ਭੁਲੇਖਾ ਪਾ ਗਈ ਕਿ ਸੁਖਬੀਰ ਜੀ ਸਮਾਜਵਾਦ ਦੀ ਵਿਰੋਧਤਾ ਕਰ ਰਹੇ ਹਨ। ਜਦੋਂ ਅਸੀਂ ਸਮਾਜਵਾਦੀ ਸੰਕਲਪ ਨੂੰ ਇਤਿਹਾਸਕ/ ਸਿਧਾਂਤਕ ਆਧਾਰਾਂ ਉੱਤੇ ਵਿਵੇਕਸ਼ੀਲ ਢੰਗ ਨਾਲ ਵੇਖਦੇ-ਪਰਖਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਸੁਖਬੀਰ ਜੀ ਸਮਾਜਵਾਦ ਦੇ ਵਿਰੋਧੀ ਨਹੀਂ, ਸਗੋਂ ਹਮਾਇਤੀ ਸਨ। ਉਹ ਤਾਂ 'ਤਾਨਾਸ਼ਾਹੀ ਸਮਾਜਵਾਦ' ਦੇ ਵਿਰੁੱਧ ਸਨ। ਉਹ ਤਾਂ ਸੋਵੀਅਤ ਯੂਨੀਅਨ ਤੇ ਦੂਸਰੇ ਯੂਰਪੀ ਰਾਸ਼ਟਰਾਂ ਵਿਚ ਉੱਸਰੇ 'ਸਮਾਜਵਾਦ' ਨੂੰ ਕਾਰਲ ਮਾਰਕਸ ਦੇ ਸਿਧਾਂਤਕ ਆਧਾਰਾਂ ਅਤੇ ਤਰਕਸ਼ੀਲ ਢੰਗ-ਤਰੀਕਿਆਂ ਰਾਹੀਂ ਪਛਾਣਨ ਉੱਤੇ ਜ਼ੋਰ ਦਿੰਦੇ ਸਨ। ਉਹ ਤਾਂ ਆਪਣੇ ਆਪ ਨੂੰ ਕਮਿਊਨਿਸਟ ਦੀ ਥਾਂ, ਮਾਰਕਸਵਾਦੀ ਕਹਾਉਣ ਦੇ ਚਾਹਵਾਨ ਸਨ। ਉਹ ਤਾਂ ਮਾਰਕਸਵਾਦ ਦੇ ਸੱਚੇ-ਸੁੱਚੇ ਮੁੱਦਈ ਸਨ।'ਮਾਰਕਸ ਜ਼ਿੰਦਾਬਾਦ' ਦਾ ਨਾਹਰਾ ਲਾਉਣ ਵਾਲੇ ਸਾਡੇ ਇਸ ਪ੍ਰਬੁੱਧ ਚਿੰਤਕ ਦੀਆਂ ਅਜਿਹੇ ਸਰੂਪ ਵਾਲੀਆਂ ਅਨੇਕਾਂ ਲਿਖਤਾਂ ਮਿਲਦੀਆਂ ਹਨ, ਜਿਨ੍ਹਾਂ 'ਚੋਂ ਪ੍ਰਮੁੱਖ ਲਿਖਤਾਂ ਹਨ : 'ਇਕ ਮਾਰਕਸ, ਦੋ ਮਾਰਕਸ', 'ਕਮਿਊਨਿਸਟ ਪਾਰਟੀ ਨਾਲ ਸੱਜੇ-ਖੱਬੇ ਤੁਰਦਿਆਂ', 'ਲੇਖਕ ਦੀ ਪ੍ਰਤੀਬੱਧਤਾ', 'ਸਮਾਜਵਾਦੀ ਮੁਲਕਾਂ ਵਿਚ ਉਥਲ-ਪੁਥਲ: ਕੁਝ ਵਿਚਾਰ', 'ਜਗਜੀਤ ਸਿੰਘ ਆਨੰਦ ਦੇ ਪ੍ਰਸੰਗ ਵਿਚ -ਕੁਝ ਪ੍ਰਤੀਕਰਮ' ਇਤਿਆਦਿ। ਸੁਖਬੀਰ ਜੀ ਦੀਆਂ ਇਹਨਾਂ ਲਿਖਤਾਂ ਨਾਲ ਪੰਜਾਬੀ ਸਾਹਿਤ-ਜਗਤ ਵਿਚ ਭਖਵੀਂ ਬਹਿਸ ਸ਼ੁਰੂ ਹੋਈ ਸੀ। ਤੇ ਸੁਖਬੀਰ ਜੀ ਦਾ ਇਕ ਸਾਹਿਤ-ਸ਼ਾਸਤਰੀ ਦੇ ਨਾਲ ਨਾਲ ਇਕ ਸਮਾਜ-ਸ਼ਾਸਤਰੀ ਚਿੰਤਕ ਵਾਲਾ ਭਰਵਾਂ ਰੂਪ ਵੀ ਸਾਹਵੇਂ ਆਇਆ ਸੀ। ਸੁਖਬੀਰ ਜੀ ਦੇ ਇਕ ਚਿੰਤਕ ਵਜੋਂ ਕਈ ਰੂਪਾਂ ਦੇ ਦਰਸ਼ਨ-ਦੀਦਾਰੇ 'ਲਿਖਤਮ ਸੁਖਬੀਰ' ਪੁਸਤਕ ਰਾਹੀਂ ਕੀਤੇ ਜਾ ਸਕਦੇ ਹਨ।000

***(ਫੋਨ: +91-98722-82476 ਈਮੇਲ: chander8mohan@gmail.com)***

## ਸੁਖਬੀਰ: ਸੱਤ ਕਵਿਤਾਵਾਂ: ਮੋਇਆ ਰੱਬ

**-1-**

ਮੋਏ ਰੱਬ ਨੂੰ
ਪੀਰਾਂ ਅਤੇ ਪੈਗ਼ੰਬਰਾਂ ਨੇ ਹਰ ਵਾਰ ਜਿਵਾਇਆ
ਪਰ ਆਖ਼ਿਰ ਉਹ
ਮਜ਼ਹਬ ਦੀ ਵਲਗਣ ਵਿਚ ਮੋਇਆ।

ਆਖਿਰ ਲੋਕਾਂ ਉਸ ਦੀ ਲੋਥ ਨੂੰ ਚੁੱਕਿਆ
ਮੰਦਰਾਂ, ਮਸਜਿਦਾਂ, ਗੁਰਧਾਮਾਂ ਵਿਚ
ਜਾਂ ਫੇਰ ਮੜ੍ਹੀਆਂ ਅਤੇ ਮਸਾਣਾਂ ਵਿਚ ਲੈ ਜਾ ਕੇ
ਰਹੁ-ਰੀਤਾਂ ਨਾਲ ਕੋਹਿਆ।

ਰੱਬ ਨਾਲ ਜੁੜ ਕੇ ਬੰਦਾ ਰੱਬ ਨਾ ਬਣਿਆ
ਰੱਬ ਮੋਇਆ ਤਾਂ ਉਹ ਵੀ ਮੋਇਆ

ਅੱਖਾਂ ਮੀਟੀਆਂ ਨ੍ਹੇਰਾ ਹੋਇਆ
ਤੇ ਨ੍ਹੇਰੇ ਵਿਚ ਮੁੜ-ਮੁੜ ਧਿਆਇਆ
ਪਰ ਰੱਬ ਹੱਥ ਨਾ ਆਇਆ
ਆਖ਼ਿਰ ਦਿਲ ਦਾ ਬੂਹਾ ਢੋਇਆ। 00

**-2-**

ਵੇਦ, ਕਤੇਬ, ਗ੍ਰੰਥ ਅਨੇਕਾਂ
ਪੜ੍ਹੇ ਨਾ ਗੌਲ਼ੇ, ਮੁੜ-ਮੁੜ ਪੂਜੇ
ਅੰਨ੍ਹੀਆਂ ਅੱਖਾਂ, ਕਾਲੇ ਅੱਖਰਾਂ ਦੇ ਚਾਨਣ ਤੋਂ ਵਾਂਝੀਆਂ ਬਣੀਆਂ
ਗਾਹ ਨਾ ਸਕੀਆਂ ਸਫ਼ਰ ਹਨੇਰੇ
ਜੰਤਰ-ਮੰਤਰ ਬਣ ਗਏ ਸ਼ਬਦਾਂ ਸਦਕਾ
ਹੋਰ ਵੀ ਉਲਝੇ ਪੰਧ ਲੰਮੇਰੇ
ਆਖਿਰ ਬਣ ਗਏ- ਵੇਦ, ਕਤੇਬ, ਗ੍ਰੰਥ ਅਨੇਕਾਂ
ਹੋਂਦਾਂ ਦਵਾਲੇ ਸੌੜੇ ਘੇਰੇ। 00

**-3-**

ਬੁੱਤ-ਸ਼ਿਕਨ ਤਾਂ ਹਰ ਪੈਗ਼ੰਬਰ ਬਣਿਆ
ਰੱਬ-ਸ਼ਿਕਨ ਪਰ ਬਣ ਨਾ ਸਕਿਆ
ਆਖ਼ਿਰ ਖੁਦ ਰੱਬ ਬਣਿਆ।

ਧਰਤੀ 'ਤੇ ਰੱਬ ਇੰਝ ਵੀ ਆਇਆ
ਇਕ ਮਨੁੱਖ ਦਾ ਚਿਹਰਾ ਬਣ ਕੇ
ਸੰਤਾਂ ਵਾਲੀ ਸੂਰਤ ਦੇ ਵਿਚ
ਪਰਮ ਮਨੁੱਖ ਉਹ ਬਣਿਆ।

ਆਖ਼ਿਰ ਉਸ ਨੇ ਚਰਣ ਛੁਹਾਏ
ਭਵ-ਸਾਗਰ ਵਿਚ ਡੁੱਬਦੇ ਹੋਏ ਲੋਕ ਤਰਾਏ
ਸੱਖਣੀਆਂ ਹੋਂਦਾਂ ਨਾਮ ਦੇ ਲੜ ਲਾ
ਆਵਾਗਉਣ ਦੇ ਗੇੜ ਮੁਕਾਏ।

ਤੇ ਫੇਰ ਜਦ ਉਹ ਜੋਤੀਜੋਤ ਸਮਾਇਆ
ਲੋਕਾਂ ਬੁੱਤ ਬਣਾ ਕੇ ਉਸ ਦਾ
ਰੱਬ ਵਾਂਗ ਧਿਆਇਆ। 00

**-4-**

ਇਕ ਜਹੰਨਮ ਤਾਂ ਅਸਮਾਨ 'ਚ, ਜਾਏ
ਜਹੰਨਮ ਵਿਚ
ਪਰ ਇਸ ਧਰਤੀ 'ਤੇ ਜੋ ਥਾਂ-ਥਾਂ ਕਈ ਜਹੰਨਮ
ਕਿੱਥੇ ਉਹਨਾਂ ਨੂੰ ਸੁੱਟੀਏ
ਕਿੱਥੇ ਢੱਠੇ ਖੂਹ ਲੱਭੀਏ ਜਾਂ ਨਿੱਤ ਨਵੇਂ ਖੂਹ ਪੁੱਟੀਏ।

ਜਿਊਂਦੇ ਪਏ ਹਾਂ ਇਹ ਜਹੰਨਮ
ਹਰ ਛਿਣ, ਹਰ ਪਲ
ਗਲੀਆਂ, ਭੀੜਾਂ, ਅਤੇ ਬਜ਼ਾਰਾਂ ਵਿਚ ਹਰ ਥਾਂ ਹੀ
ਕੁਹਜਾਂ-ਜਾਈਆਂ ਝੁੱਗੀਆਂ ਤੋਂ ਛੁੱਟ
ਸੁਹਣੇ-ਸਜੇ ਘਰਾਂ ਦੇ ਵਿਚ ਵੀ
ਜਿੱਥੇ ਤਨ ਜਿਊਂਦੇ ਹਨ ਅੱਧ-ਪਚੱਧੀਆਂ ਹੋਂਦਾਂ
ਭੁੱਖੇ ਤਨ ਵੀ, ਰੱਜੇ ਤਨ ਵੀ
ਤੇ ਮਨ ਟੁੱਟੀਆਂ-ਭੁੱਸੀਆਂ ਲਾਸ਼ਾਂ ਬਣੇ ਹੋਏ ਹਨ
ਮਨ ਜੋ ਕੀਨੇ-ਸਾੜੇ ਨਾਲ ਕ੍ਰਿਝਦੇ ਹੋਏ
ਤੇ ਰੂਹਾਂ ਹਨ ਨਫਰਤਾਂ-ਰਿਸਦੀਆਂ, ਰਿੱਝਦੀਆਂ ਹੋਈਆਂ...
ਹੋਰ ਵੀ ਥਾਂ-ਥਾਂ ਕਈ ਜਹੰਨਮ
ਜਿਨ੍ਹਾਂ ਵਿਚ ਕਿ ਗ੍ਰੱਸੇ ਹੋਏ ਹਾਂ
ਤੇ ਤਹਿ-ਦਰ-ਤਹਿ ਫਸੇ ਹੋਏ ਹਾਂ।

ਇਹ ਜਹੰਨਮ ਹੀ ਕਈ ਵਾਰੀ
ਧਰਤੀ ਤੋਂ ਅਸਮਾਨ 'ਚ ਦਿਸਦਾ
ਅਤੇ ਮਨੁੱਖ ਉਸ ਤੋਂ ਹੈ ਤ੍ਰਹਿੰਦਾ 00

**-5-**

ਰੱਬ ਸੀ ਮੋਇਆ
ਅਤੇ ਮਨੁੱਖ ਨੇ ਸਮਝਿਆ
ਕਿ ਉਹ ਖੁਦ ਰੱਬ ਹੋਇਆ।

ਸੱਤਾ ਤੇ ਸਮਰੱਥਾ ਹੱਥ ਵਿਚ ਲੈ ਕੇ
ਕਾਫਰ ਬਣੇ ਮਨੁੱਖ ਨੇ
ਰੱਬ ਦੀ ਲਾਸ਼ ਨੂੰ ਸਰੇ ਬਜ਼ਾਰੀਂ ਧੂਹਿਆ
ਜਾਲ਼ਿਆ-ਫੂਕਿਆ ਜਾਂ ਦਫਨਾਇਆ।

ਅਤੇ ਮਨੁੱਖ ਉਹ
ਫੇਰ ਨਿਗੁਣਾ ਬਣਿਆ
ਸੱਤਾ ਸਾਹਮਣੇ ਗੋਡੇ ਟੇਕ ਕੇ
ਤੇ ਫੇਰ ਜਦ ਉਹ ਜੋਤੀਜੋਤ ਸਮਾਇਆ
ਲੋਕਾਂ ਬੁੱਤ ਬਣਾ ਕੇ ਉਸ ਦਾ
ਰੱਬ ਵਾਂਗ ਧਿਆਇਆ 00
ਇਕ ਨਵਾਂ ਰੱਬ ਸਿਰਜਣ ਲੱਗਾ
ਰੱਬ ਮਨੁੱਖੀ ਬੁੱਤਾਂ ਦੇ ਵਿਚ
ਨਵੀਆਂ ਸ਼ਕਲਾਂ ਲੈ ਕੇ ਉਭਰਿਆ

ਮੁਕਤੀਦਾਤਾ ਬਣਿਆ।

ਰੱਬ ਜਿਵਾ ਕੇ
ਅੰਤ ਮਨੁੱਖ ਉਹ ਮਰਿਆ। 00

**–6–**

ਲੱਖ ਚੁਰਾਸੀ ਜੂਨਾਂ ਲੰਘ ਕੇ
ਆਖਿਰ ਜੂਨ ਮਨੁੱਖ ਦੀ ਪਾਈ
ਪਾਪਾਂ ਜਾਈ
ਤੇ ਕੀਟਾਂ ਵਾਂਗ
ਰੱਬ ਦੇ ਦਰ 'ਤੇ ਰੀਂਗਣ ਲੱਗੇ
ਰਹਿਮ-ਕਰਮ ਲਈ ਨਿਗੂਣੇ ਬਣ ਗਏ
ਤੇ ਬਖਸ਼ਿਸ਼ ਲਈ ਕਾਸੇ ਅੱਡੇ
ਕਿਤੇ ਚੁਰਾਸੀ ਮੁੜ ਨਾ ਭੋਗਣੀ ਪੈ ਜਾਏ।

ਆਖਿਰ ਕੀਟ ਬਣੇ ਹੀ ਜਿਉਂਦਿਆਂ ਉਮਰ ਗੁਜ਼ਾਰੀ
ਮੰਗਤਿਆਂ ਵਾਕਰ ਹੱਥ ਪਸਾਰੀ
ਉਹ ਜੋ ਹੋਂਦ ਸੀ ਅੰਬਰ ਜਿੱਡੀ
ਖੂਹਾਂ ਖੱਡਾਂ ਦੇ ਵਿਚ ਸੁੰਗੜੀ, ਬਣੀ ਨਕਾਰੀ
ਜੂਨ ਕੇਹੀ ਇਹ, ਮਾਨਸ-ਦੇਹੀ ਪਾ ਕੇ
ਕੀਟਾਂ-ਕਿਰਮਾਂ ਵਾਂਗ ਗੁਜ਼ਾਰੀ। 00

**–7–**

ਧਰਮ ਜਦੋਂ ਵੀ ਅੰਨ੍ਹਾ ਬਣਦਾ
(ਧਰਮ ਮਨੁੱਖ ਦੀ ਤੀਜੀ ਅੱਖ ਜੋ ਖੋਹਲਣ ਵਾਲਾ ਕਿਹਾ ਹੈ ਜਾਂਦਾ)
ਧਰਮ ਹਨੇਰੀ ਰਾਤ ਹੈ ਬਣਦਾ।

ਉਂਝ ਤਾਂ ਧਰਮ ਹੈ
ਆਦਿ ਕਾਲ਼ ਤੋਂ ਰਾਤ ਹਨੇਰੀ
ਜਿਸ ਵਿਚ ਕਦੇ-ਕਦੇ ਹੀ ਕੋਈ
ਦੀਵਾ ਬਲ਼ਿਆ ਜਾਂ ਚੰਨ ਚੜ੍ਹਿਆ
ਤੇ ਰੁਸ਼ਨਾਏ ਗਏ ਰਾਹ
ਟੋਇਆਂ-ਟਿੱਬਿਆਂ ਖੂਹਾਂ-ਖੱਡਾਂ ਵਾਲੇ।
ਪਰ ਹਰ ਵਾਰ ਹੀ ਆਖ਼ਿਰ ਧਰਮ ਕੁਰਾਹੇ ਤੁਰਿਆ
ਤੇ ਉਸ ਦੇ ਝੰਡੇ ਗੱਡੇ ਗਏ
ਰਹੁ-ਰੀਤਾਂ ਵਿਚ ਪਲਚਿਆ ਬੰਦਾ
ਹੋਰ ਵੀ ਉੱਚੇ ਨ੍ਹਾਰੇ ਲਾਉਣ ਲੱਗਾ।

ਧਰਮ ਗੁਜ਼ਰਗਾਹ ਬਣ ਕੇ ਆਖ਼ਿਰ

ਕਤਲਗਾਹਾਂ 'ਚੋਂ ਲੰਘਿਆ
ਰੱਬ ਤਾਂ ਮੋਇਆ ਸੀ ਹੀ
ਉਸ ਦੇ ਨਾਲ ਮਨੁੱਖ ਵੀ ਮੋਇਆ। 000

## ਸੁਖਬੀਰ: ਲੇਖ: ਨਵੇਂ ਮਨੁੱਖ ਦੀ ਸਿਰਜਣਾ

ਆਮ ਸਾਦ-ਮੁਰਾਦੇ ਲੋਕ ਕੁਦਰਤ ਵੱਲੋਂ ਬੇਮੁਖ ਬਣਨ ਦੀ ਥਾਂ ਉਸ ਨਾਲ ਜੁੜੇ ਹੋਏ ਜਾਪਦੇ ਹਨ। ਉਹ ਬ੍ਰਿਛਾਂ-ਬੂਟਿਆਂ ਤੇ ਪਸ਼ੂਆਂ-ਪੰਛੀਆਂ ਨਾਲ ਸਹਿਜੇ ਹੀ ਸਾਂਝ ਪਾ ਲੈਂਦੇ ਹਨ। ਏਸੇ ਤਰ੍ਹਾਂ, ਲੋਕਾਂ ਨਾਲ ਵੀ ਉਨ੍ਹਾਂ ਦੀ ਸਹਿਜ-ਸੁਭਾਵਕ ਹੀ ਸਾਂਝ ਪੈ ਜਾਂਦੀ ਹੈ। ਪਰ ਸ਼ਹਿਰੀ ਲੋਕ ਬੇਗਾਨਗੀ ਦਾ ਸ਼ਿਕਾਰ ਬਣਨ ਕਰ ਕੇ ਓਪਰੇ ਬਣੇ ਹੋਏ ਇਕੱਲ ਵਿਚ ਜਿਉਂਦੇ ਹਨ। ਲੋਕਾਂ ਦੇ ਸਮੂਹ ਵਿਚ ਵੀ ਉਹ ਕੱਲੇ-ਕਾਰੇ ਮਹਿਸੂਸ ਕਰਦੇ ਹਨ। ਇਹ ਇਕੱਲ ਸਰੀਰਕ ਹੀ ਨਹੀਂ, ਮਾਨਸਿਕ ਤੌਰ 'ਤੇ ਵੀ ਬੜੀ ਮਾਰੂ ਹੁੰਦੀ ਹੈ। ਜਿਸ ਦੀ ਵੀਰਾਨੀ ਵਿਚ ਆਦਮੀ ਭਾਈਚਾਰੇ ਵਿਚ ਜਿਊਣ-ਵਿਚਰਨ ਵਾਲੇ ਮਨੁੱਖ ਦੀ ਥਾਂ ਵਸਤੂ (Commodity) ਬਣ ਜਾਂਦਾ ਹੈ — ਸਮਾਜਕ ਮੰਡੀ ਵਿਚ ਵਿਕਣ ਵਾਲੀ ਚੀਜ਼। ਤੇ ਚੀਜ਼ਾਂ ਨਾਲ ਚੀਜ਼ਾਂ ਦੀਆਂ ਸਾਂਝਾਂ ਨਹੀਂ ਪੈਂਦੀਆਂ। ਮਨੁੱਖੀ ਸਾਂਝਾਂ ਤੋਂ ਬਿਨਾਂ ਮਨੁੱਖ ਬਾਹਰੋਂ ਤਾਂ ਜਿਉਂਦਾ-ਜਾਗਦਾ ਜਾਪਦਾ ਹੈ, ਪਰ ਅੰਦਰੋਂ ਜਿਵੇਂ ਨਿਰਜਿੰਦ ਬਣ ਗਿਆ ਹੁੰਦਾ ਹੈ। ਉਸ ਦੇ ਮਨੁੱਖੀ ਗੁਣ ਕਾਫ਼ੀ ਹੱਦ ਤਕ ਮਰ ਗਏ ਹੁੰਦੇ ਹਨ, ਜਿਸ ਕਰ ਕੇ ਉਹ ਸਾਂਝਾਂ ਨਹੀਂ ਪਾ ਸਕਦਾ। ਤੇ ਜੋ ਸਾਂਝਾਂ ਉਹ ਪਾਉਂਦਾ ਹੈ, ਉਹ ਵਧੇਰੇ ਕਰ ਕੇ ਸਵਾਰਥ ਦੀਆਂ ਸਾਂਝਾਂ ਹੁੰਦੀਆਂ ਹਨ, ਜਾਂ ਫੇਰ ਰਸਮੀ ਕਿਸਮ ਦੀਆਂ। ਤੇ ਫੇਰ, ਸਮੂਹਕ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਉਹ ਨਾ ਮੌਲਿਕ ਢੰਗ ਨਾਲ ਸੋਚਦਾ ਹੈ, ਨਾ ਮੌਲਿਕ ਢੰਗ ਨਾਲ ਮਹਿਸੂਸ ਕਰਦਾ ਹੈ, ਨਾ ਹੀ ਆਪਣੀ ਵੱਖਰੀ ਪਹਿਚਾਣ ਬਣਾ ਕੇ ਮੌਲਿਕ ਢੰਗ ਨਾਲ ਜਿਉਂਦਾ ਹੈ। ਉਹ ਸਮਾਜੀ ਮਸ਼ੀਨ ਦਾ ਪੁਰਜ਼ਾ ਜਾਪਦਾ ਹੈ — ਹੋਰਨਾਂ ਮਨੁੱਖੀ ਪੁਰਜ਼ਿਆਂ ਵਰਗਾ ਹੀ। ਇਸ ਤੋਂ ਵੱਡਾ ਉਸ ਦਾ ਹੋਰ ਦੁਖਾਂਤ ਕੀ ਹੋ ਸਕਦਾ ਹੈ!

○

ਆਸਤਿਕ ਧਰਮਾਂ ਵਿਚ ਸੰਸਾਰ ਨੂੰ ਮਾਇਆ (ਛਲਾਵਾ) ਕਿਹਾ ਗਿਆ ਹੈ — ਯਾਨੀ ਜੋ ਕੁਝ ਦਿਸਦਾ ਹੈ, ਉਹ ਅਸਲ ਵਿਚ ਹੈ ਨਹੀਂ, ਤੇ ਉਸ ਦਾ ਵਜੂਦ ਨਜ਼ਰ ਦਾ ਨਿਰਾ ਭਰਮ ਹੈ। ਤਦ ਆਦਮੀ ਖ਼ੁਦ ਵੀ ਛਲਾਵੇ ਦਾ ਸ਼ਿਕਾਰ ਹੋ ਕੇ ਆਪਣੇ ਆਪ ਨੂੰ ਛਲਦਾ ਹੈ, ਆਪਣੀ ਅਸਲੀ ਪਦਾਰਥਕ ਹੋਂਦ ਨੂੰ ਪ੍ਰਵਾਨ ਨਹੀਂ ਕਰਦਾ। ਤੇ ਫੇਰ, ਅਜਿਹੀਆਂ ਕਈ ਹੋਰ ਗ਼ਲਤ ਧਾਰਨਾਵਾਂ ਤੇ ਅੰਧ-ਵਿਸ਼ਵਾਸਾਂ ਦਾ ਸ਼ਿਕਾਰ ਹੋ ਕੇ ਉਹ ਕੁਰਾਹੇ ਪੈਣੋਂ ਨਹੀਂ ਰਹਿੰਦਾ, ਤੇ ਸੱਚ ਦੀ ਭਾਲ਼ ਵਿਚ ਭਟਕਣ ਲਗਦਾ ਹੈ। ਤਦ ਉਹ ਵੰਨ-ਸੁਵੰਨੇ ਭੇਖਾਂ ਵਾਲੇ ਸਾਧੂਆਂ-ਸੰਤਾਂ ਦੇ ਜਾਲ਼ ਵਿਚ ਵੀ ਫਸਣੋਂ ਨਹੀਂ ਰਹਿੰਦਾ। ਭਲਾ ਸਾਧੂਆਂ-ਸੰਤਾਂ ਨੂੰ ਅਜਿਹੇ ਭੇਖ ਧਾਰਣ ਕਰ ਕੇ 'ਸਾਧੂ-ਸੰਤ' ਅਖਵਾਉਣ ਦੀ ਕੀ ਲੋੜ ਹੈ? ਸ਼ਾਇਦ ਇਸ ਲਈ ਹੈ ਕਿ ਉਨ੍ਹਾਂ ਭੇਖਾਂ ਕਰ ਕੇ ਹੀ ਸਾਦ-ਮੁਰਾਦੇ ਲੋਕ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਭਲਾ ਸਾਧਾਰਨ ਲਿਬਾਸ ਵਾਲੇ ਬੰਦੇ ਦੇ ਪਿੱਛੇ ਕੌਣ ਲੱਗੇਗਾ? ਉਸ ਨੂੰ ਸਾਧੂ-ਸੰਤ ਕੌਣ ਮੰਨੇਗਾ? ਸਾਧੂ-ਸੰਤ ਅੰਦਰੋਂ ਨਹੀਂ, ਤਾਂ ਬਾਹਰੋਂ ਜ਼ਰੂਰ ਅਲੋਕਾਰ ਲੱਗਣਾ ਚਾਹੀਦਾ ਹੈ।

ਇਸ ਤਰ੍ਹਾਂ ਆਦਮੀ ਭਰਮਾਂ ਨਾਲ ਭਰੀ ਨਿਗੂਣੀ-ਨਿਤਾਣੀ ਹੋਂਦ ਜਿਉਂਦਾ ਹੋਇਆ 'ਮਾਇਆ'/ ਛਲਾਵੇ ਦਾ ਕਿਤੇ ਵੱਧ ਸ਼ਿਕਾਰ ਬਣਦਾ ਹੈ। ਉਹ ਆਪਣਾ ਤਰਕਸ਼ੀਲ ਦਿਮਾਗ਼ ਇਸਤੇਮਾਲ ਨਹੀਂ ਕਰਦਾ। ਤੇ ਰੋਸ਼ਨ ਦਿਮਾਗ਼ ਦੀ ਥਾਂ ਵਿਕਾਰਾਂ ਤੇ ਅੰਧ-ਵਿਸ਼ਵਾਸਾਂ ਦੇ ਹਨੇਰੇ ਵਿਚ ਜਿਉਂਦਾ ਹੈ। ਉਹ ਸੰਸਾਰ ਦੇ ਪਦਾਰਥਕ ਤੇ ਯਥਾਰਥਕ ਰੂਪ ਨੂੰ ਮਾਇਆ ਮੰਨਦਾ ਹੈ, ਉਸ ਦੀ ਠੋਸ

ਅਸਲੀਅਤ ਨੂੰ ਛਲਾਵਾ ਸਮਝਦਾ ਹੈ, ਤੇ ਮਾਇਆ-ਜਾਲ ਵਿਚ ਫਸ ਕੇ ਭਟਕਣ ਲਗਦਾ ਹੈ — ਆਪਣੇ ਅਗਲੇ ਜਨਮ ਨੂੰ ਸਾਰਥਕ ਬਣਾਉਣ ਦੀ ਆਸ ਵਿਚ। ਜਿਹੜਾ ਬੰਦਾ ਆਪਣੇ ਇਸ ਜਨਮ ਨੂੰ ਸਾਰਥਕ ਨਹੀਂ ਬਣਾ ਸਕਦਾ, ਉਹ ਅਗਲੇ ਜਨਮ ਨੂੰ ਸਾਰਥਕ ਕਿਵੇਂ ਬਣਾ ਸਕਦਾ ਹੈ? ਅਗਲੇ ਜਨਮ ਦੀ ਆਸ ਵਿਚ ਉਹ ਇਸ ਜਨਮ ਵੱਲੋਂ ਬੇਮੁਖ ਹੋ ਕੇ ਜਿਊਂਦਾ ਹੈ, ਜੋ ਨਿਰਰਥਕ ਜਿਊਣਾ ਹੈ।

○

ਸਭਿਅਤਾ-ਸੰਸਕ੍ਰਿਤੀ ਵੱਲੋਂ ਬੇਮੁਖ ਜਾਂ ਲਾਪਰਵਾਹ ਹੋ ਕੇ ਤੇ ਇਨਕਲਾਬ ਦੀਆਂ ਗੱਲਾਂ ਕਰਨ ਵਾਲਾ ਬੰਦਾ (ਜਾਂ ਸੰਸਥਾ) ਸੰਕੀਰਨਤਾ ਤੇ ਕੱਟੜਤਾ ਦਾ ਬੁਰੀ ਤਰ੍ਹਾਂ ਸ਼ਿਕਾਰ ਹੁੰਦਾ ਹੈ। ਉਸ ਦੀ ਹੋਂਦ ਅੱਧੀ-ਅਧੂਰੀ ਤੇ ਖੋਖਲੀ ਬਣ ਜਾਂਦੀ ਹੈ। ਇਨਕਲਾਬ ਦਾ ਸੁਪਨਾ ਵੇਖਦਿਆਂ ਤੇ ਰਾਜਨੀਤਕ ਇਨਕਲਾਬ ਦੇ ਨਾਅਰੇ ਲਾਉਂਦਿਆਂ ਸਭਿਆਚਾਰ ਨੂੰ ਅਹਿਮੀਅਤ ਨਾ ਦੇਣੀ ਮਨੁੱਖ ਦਾ ਖੋਖਲਾਪਨ ਹੈ, ਜਿਸ ਵਿਚ ਉਹ ਆਪਣੀ ਅਸਲੀ ਮਨੁੱਖੀ ਹੋਂਦ ਵੱਲੋਂ ਉਪਰਾਮ ਬਣਿਆ ਅੱਖਾਂ ਮੀਟੀ ਰੱਖਦਾ ਹੈ।

ਇਨਕਲਾਬ ਰਾਜਨੀਤੀ ਵਿਚ ਹੀ ਨਹੀਂ, ਸਭਿਆਚਾਰ ਤੇ ਮਨੁੱਖੀ ਮੁੱਲਾਂ ਵਿਚ ਵੀ ਲਿਆਉਣ ਦੀ ਲੋੜ ਹੈ। ਇਸ ਦੇ ਸਿੱਟੇ ਵਜੋਂ ਇਕ ਨਵਾਂ-ਨਰੋਆ ਸਮਾਜ ਸਾਕਾਰ ਹੁੰਦਾ ਹੈ। ਤੇ ਸਮਾਜ ਵੱਲੋਂ ਫੈਲਾਏ ਅਗਿਆਨ ਦੇ ਹਨੇਰੇ ’ਚੋਂ ਨਿਕਲ ਕੇ ਮਨੁੱਖ ਵੀ ਨਵਾਂ ਬਣਦਾ ਹੈ। ਸੰਸਾਰ ਭਰ ਵਿਚ ਹੋਏ ਧਾਰਮਿਕ ਅੰਦੋਲਨ ਇਸ ਦੀਆਂ ਮਿਸਾਲਾਂ ਹਨ। ਧਰਮਾਂ ਦੇ ਬਾਨੀਆਂ (ਸੰਤਾਂ, ਭਗਤਾਂ, ਸੂਫ਼ੀਆਂ, ਪੈਗ਼ੰਬਰਾਂ) ਨੇ ਆਪਣੇ ਵੇਲੇ ਦੇ ਪਤਿਤ ਤੇ ਵਿਕ੍ਰਿਤ ਧਰਮ ਅਤੇ ਸਭਿਆਚਾਰ ਨੂੰ ਨਵਾਂ ਰੂਪ ਦਿੱਤਾ, ਉਸ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਸੁਰਜੀਤ ਕਰਦਿਆਂ ਆਮ ਲੋਕਾਂ ਦਾ ਦਿਲ-ਦਿਮਾਗ਼ ਰੋਸ਼ਨ ਕੀਤਾ। ਸਿੱਟੇ ਵਜੋਂ ਨਵੇਂ ਮਨੁੱਖ ਦੀ ਸਿਰਜਣਾ ਹੋਈ, ਨਵੇਂ ਮਨੁੱਖੀ ਮੁੱਲਾਂ ਦੀ ਸਿਰਜਣਾ ਹੋਈ।

○

ਸੰਸਾਰ ਭਰ ਵਿਚ ਜਿੰਨੇ ਵੀ ਰਾਜਨੀਤਕ ਇਨਕਲਾਬ ਹੋਏ, ਉਹ ਅਧੂਰੇ ਸਨ, ਜਿਨ੍ਹਾਂ ਵਿਚ ਮਨੁੱਖ ਪੂਰੀ ਤਰ੍ਹਾਂ ਪ੍ਰਫੁੱਲਤ ਨਹੀਂ ਹੋ ਸਕਿਆ। ਕਿਸੇ ਇਕ ਵਰਗ ਜਾਂ ਰਾਜਨੀਤਕ ਪਾਰਟੀ ਦੀ ਸੱਤਾ/ ਹਕੂਮਤ ਬਦਲਣ ਨਾਲ ਆਉਣ ਵਾਲਾ ਇਨਕਲਾਬ ਸਹੀ ਅਰਥਾਂ ਵਿਚ ਇਨਕਲਾਬ ਨਹੀਂ ਕਿਹਾ ਜਾ ਸਕਦਾ, ਜੇਕਰ ਉਸ ਵਿਚ ਮਨੁੱਖ ਨੂੰ ਵਿਚਾਰਕ ਤੇ ਮਾਨਸਿਕ ਤੌਰ ’ਤੇ ਗ਼ੁਲਾਮ ਬਣਾਈ ਰੱਖਣ ਵਾਲੀਆਂ ਸ਼ਕਤੀਆਂ ਨਹੀਂ ਬਦਲਦੀਆਂ, ਤੇ ਮਨੁੱਖ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਨਹੀਂ ਵਿਚਰਦਾ। ਰਾਜਨੀਤਕ ਤੇ ਆਰਥਿਕ ਜ਼ੰਜੀਰਾਂ ਤੋਂ ਛੁਟਕਾਰਾ ਪਾ ਕੇ ਆਦਮੀ ਜੇ ਆਪਣੀ ਵਿਕਾਰ-ਗ੍ਰਸਤ ਮਾਨਸਿਕਤਾ ਤੋਂ ਮੁਕਤ ਨਹੀਂ ਹੁੰਦਾ, ਤਾਂ ਸਹੀ ਅਰਥਾਂ ਵਿਚ ਪੂਰੀ ਤਰ੍ਹਾਂ ਸੁਤੰਤਰ ਗ਼ਲਤ ਧਾਰਨਾਵਾਂ ਤੇ ਅੰਧ-ਵਿਸ਼ਵਾਸਾਂ ਦਾ ਸ਼ਿਕਾਰ ਹੋ ਕੇ ਉਹ ਕੁਰਾਹੇ ਪੈਣੋਂ ਨਹੀਂ ਰਹਿੰਦਾ, ਤੇ ਸੱਚ ਦੀ ਭਾਲ਼ ਵਿਚ ਭਟਕਣ ਲਗਦਾ ਹੈ। ਤਦ ਉਹ ਵੰਨ-ਸੁਵੰਨੇ ਭੇਖਾਂ ਵਾਲੇ ਸਾਧੂਆਂ-ਸੰਤਾਂ ਦੇ ਜਾਲ਼ ਵਿਚ ਵੀ ਫਸਣੋਂ ਨਹੀਂ ਰਹਿੰਦਾ। ਭਲਾ ਸਾਧੂਆਂ-ਸੰਤਾਂ ਨੂੰ ਅਜਿਹੇ ਭੇਖ ਧਾਰਣ ਕਰ ਕੇ ‘ਸਾਧੂ-ਸੰਤ’ ਅਖਵਾਉਣ ਦੀ ਕੀ ਲੋੜ ਹੈ? ਸ਼ਾਇਦ ਇਸ ਲਈ ਹੈ ਕਿ ਉਨ੍ਹਾਂ ਭੇਖਾਂ ਕਰ ਕੇ ਹੀ ਸਾਦ-ਮੁਰਾਦੇ ਲੋਕ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਭਲਾ ਸਾਧਾਰਨ ਲਿਬਾਸ ਵਾਲੇ ਬੰਦੇ ਦੇ ਪਿੱਛੇ ਕੌਣ ਲੱਗੇਗਾ? ਉਸ ਨੂੰ ਸਾਧੂ-ਸੰਤ ਕੌਣ ਮੰਨੇਗਾ? ਸਾਧੂ-ਸੰਤ ਅੰਦਰੋਂ ਨਹੀਂ, ਤਾਂ ਬਾਹਰੋਂ ਜ਼ਰੂਰ ਅਲੋਕਾਰ ਲੱਗਣਾ ਚਾਹੀਦਾ ਹੈ।

ਇਸ ਤਰ੍ਹਾਂ ਆਦਮੀ ਭਰਮਾਂ ਨਾਲ ਭਰੀ ਨਿਗੂਣੀ-ਨਿਤਾਣੀ ਹੋਂਦ ਜਿਊਂਦਾ ਹੋਇਆ ‘ਮਾਇਆ’/ ਛਲਾਵੇ ਦਾ ਕਿਤੇ ਵੱਧ ਸ਼ਿਕਾਰ ਬਣਦਾ ਹੈ। ਉਹ ਆਪਣਾ ਤਰਕਸ਼ੀਲ ਦਿਮਾਗ਼ ਇਸਤੇਮਾਲ ਨਹੀਂ ਕਰਦਾ। ਤੇ ਰੋਸ਼ਨ ਦਿਮਾਗ਼ ਦੀ ਥਾਂ ਵਿਕਾਰਾਂ ਤੇ ਅੰਧ-ਵਿਸ਼ਵਾਸਾਂ ਦੇ ਹਨੇਰੇ ਵਿਚ ਜਿਊਂਦਾ ਹੈ।

ਉਹ ਸੰਸਾਰ ਦੇ ਪਦਾਰਥਕ ਤੇ ਯਥਾਰਥਕ ਰੂਪ ਨੂੰ ਮਾਇਆ ਮੰਨਦਾ ਹੈ, ਉਸ ਦੀ ਠੋਸ ਅਸਲੀਅਤ ਨੂੰ ਛਲਾਵਾ ਸਮਝਦਾ ਹੈ, ਤੇ ਮਾਇਆ-ਜਾਲ ਵਿਚ ਫਸ ਕੇ ਭਟਕਣ ਲਗਦਾ ਹੈ — ਆਪਣੇ ਅਗਲੇ ਜਨਮ ਨੂੰ ਸਾਰਥਕ ਬਣਾਉਣ ਦੀ ਆਸ ਵਿਚ। ਜਿਹੜਾ ਬੰਦਾ ਆਪਣੇ ਇਸ ਜਨਮ ਨੂੰ ਸਾਰਥਕ ਨਹੀਂ ਬਣਾ ਸਕਦਾ, ਉਹ ਅਗਲੇ ਜਨਮ ਨੂੰ ਸਾਰਥਕ ਕਿਵੇਂ ਬਣਾ ਸਕਦਾ ਹੈ? ਅਗਲੇ ਜਨਮ ਦੀ ਆਸ ਵਿਚ ਉਹ ਇਸ ਜਨਮ ਵੱਲੋਂ ਬੇਮੁਖ ਹੋ ਕੇ ਜਿਊਂਦਾ ਹੈ, ਜੋ ਨਿਰਰਥਕ ਜਿਊਣਾ ਹੈ।

o

ਸਭਿਅਤਾ-ਸੰਸਕ੍ਰਿਤੀ ਵੱਲੋਂ ਬੇਮੁਖ ਜਾਂ ਲਾਪਰਵਾਹ ਹੋ ਕੇ ਤੇ ਇਨਕਲਾਬ ਦੀਆਂ ਗੱਲਾਂ ਕਰਨ ਵਾਲਾ ਬੰਦਾ (ਜਾਂ ਸੰਸਥਾ) ਸੰਕੀਰਨਤਾ ਤੇ ਕੱਟੜਤਾ ਦਾ ਬੁਰੀ ਤਰ੍ਹਾਂ ਸ਼ਿਕਾਰ ਹੁੰਦਾ ਹੈ। ਉਸ ਦੀ ਹੋਂਦ ਅੱਧੀ-ਅਧੂਰੀ ਤੇ ਖੋਖਲੀ ਬਣ ਜਾਂਦੀ ਹੈ। ਇਨਕਲਾਬ ਦਾ ਸੁਪਨਾ ਵੇਖਦਿਆਂ ਤੇ ਰਾਜਨੀਤਕ ਇਨਕਲਾਬ ਦੇ ਨਾਅਰੇ ਲਾਉਂਦਿਆਂ ਸਭਿਆਚਾਰ ਨੂੰ ਅਹਿਮੀਅਤ ਨਾ ਦੇਣੀ ਮਨੁੱਖ ਦਾ ਖੋਖਲਾਪਨ ਹੈ, ਜਿਸ ਵਿਚ ਉਹ ਆਪਣੀ ਅਸਲੀ ਮਨੁੱਖੀ ਹੋਂਦ ਵ ਲੋਂ ਉਪਰਾਮ ਬਣਿਆ ਅੱਖਾਂ ਮੀਟੀ ਰੱਖਦਾ ਹੈ।

ਇਨਕਲਾਬ ਰਾਜਨੀਤੀ ਵਿਚ ਹੀ ਨਹੀਂ, ਸਭਿਆਚਾਰ ਤੇ ਮਨੁੱਖੀ ਮੁੱਲਾਂ ਵਿਚ ਵੀ ਲਿਆਉਣ ਦੀ ਲੋੜ ਹੈ। ਇਸ ਦੇ ਸਿੱਟੇ ਵਜੋਂ ਇਕ ਨਵਾਂ-ਨਰੋਆ ਸਮਾਜ ਸਾਕਾਰ ਹੁੰਦਾ ਹੈ। ਤੇ ਸਮਾਜ ਵੱਲੋਂ ਫੈਲਾਏ ਅਗਿਆਨ ਦੇ ਹਨੇਰੇ ’ਚੋਂ ਨਿਕਲ ਕੇ ਮਨੁੱਖ ਵੀ ਨਵਾਂ ਬਣਦਾ ਹੈ। ਸੰਸਾਰ ਭਰ ਵਿਚ ਹੋਏ ਧਾਰਮਿਕ ਅੰਦੋਲਨ ਇਸ ਦੀਆਂ ਮਿਸਾਲਾਂ ਹਨ। ਧਰਮਾਂ ਦੇ ਬਾਨੀਆਂ (ਸੰਤਾਂ, ਭਗਤਾਂ, ਸੂਫ਼ੀਆਂ, ਪੈਗ਼ੰਬਰਾਂ) ਨੇ ਆਪਣੇ ਵੇਲੇ ਦੇ ਪਤਿਤ ਤੇ ਵਿਕ੍ਰਿਤ ਧਰਮ ਅਤੇ ਸਭਿਆਚਾਰ ਨੂੰ ਨਵਾਂ ਰੂਪ ਦਿੱਤਾ, ਉਸ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਸੁਰਜੀਤ ਕਰਦਿਆਂ ਆਮ ਲੋਕਾਂ ਦਾ ਦਿਲ-ਦਿਮਾਗ਼ ਰੋਸ਼ਨ ਕੀਤਾ। ਸਿੱਟੇ ਵਜੋਂ ਨਵੇਂ ਮਨੁੱਖ ਦੀ ਸਿਰਜਣਾ ਹੋਈ, ਨਵੇਂ ਮਨੁੱਖੀ ਮੁੱਲਾਂ ਦੀ ਸਿਰਜਣਾ ਹੋਈ।

o

ਸੰਸਾਰ ਭਰ ਵਿਚ ਜਿੰਨੇ ਵੀ ਰਾਜਨੀਤਕ ਇਨਕਲਾਬ ਹੋਏ, ਉਹ ਅਧੂਰੇ ਸਨ, ਜਿਨ੍ਹਾਂ ਵਿਚ ਮਨੁੱਖ ਪੂਰੀ ਤਰ੍ਹਾਂ ਪ੍ਰਫੁੱਲਤ ਨਹੀਂ ਹੋ ਸਕਿਆ। ਕਿਸੇ ਇਕ ਵਰਗ ਜਾਂ ਰਾਜਨੀਤਕ ਪਾਰਟੀ ਦੀ ਸੱਤਾ/ ਹਕੂਮਤ ਬਦਲਣ ਨਾਲ ਆਉਣ ਵਾਲਾ ਇਨਕਲਾਬ ਸਹੀ ਅਰਥਾਂ ਵਿਚ ਇਨਕਲਾਬ ਨਹੀਂ ਕਿਹਾ ਜਾ ਸਕਦਾ, ਜੇਕਰ ਉਸ ਵਿਚ ਮਨੁੱਖ ਨੂੰ ਵਿਚਾਰਕ ਤੇ ਮਾਨਸਿਕ ਤੌਰ ’ਤੇ ਗ਼ੁਲਾਮ ਬਣਾਈ ਰੱਖਣ ਵਾਲੀਆਂ ਸ਼ਕਤੀਆਂ ਨਹੀਂ ਬਦਲਦੀਆਂ, ਤੇ ਮਨੁੱਖ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਨਹੀਂ ਵਿਚਰਦਾ। ਰਾਜਨੀਤਕ ਤੇ ਆਰਥਿਕ ਜ਼ੰਜੀਰਾਂ ਤੋਂ ਛੁਟਕਾਰਾ ਪਾ ਕੇ ਆਦਮੀ ਜੇ ਆਪਣੀ ਵਿਕਾਰ-ਗ੍ਰਸਤ ਮਾਨਸਿਕਤਾ ਤੋਂ ਮੁਕਤ ਨਹੀਂ ਹੁੰਦਾ, ਤਾਂ ਸਹੀ ਅਰਥਾਂ ਵਿਚ ਪੂਰੀ ਤਰ੍ਹਾਂ ਸੁਤੰਤਰ ਗ਼ਲਤ ਧਾਰਨਾਵਾਂ ਤੇ ਅੰਧ-ਵਿਸ਼ਵਾਸਾਂ ਦਾ ਸ਼ਿਕਾਰ ਹੋ ਕੇ ਉਹ ਕੁਰਾਹੇ ਪੈਣੋਂ ਨਹੀਂ ਰਹਿੰਦਾ, ਤੇ ਸੱਚ ਦੀ ਭਾਲ਼ ਵਿਚ ਭਟਕਣ ਲਗਦਾ ਹੈ। ਤਦ ਉਹ ਵੰਨ-ਸੁਵੰਨੇ ਭੇਖਾਂ ਵਾਲੇ ਸਾਧੂਆਂ-ਸੰਤਾਂ ਦੇ ਜਾਲ਼ ਵਿਚ ਵੀ ਫਸਣੋਂ ਨਹੀਂ ਰਹਿੰਦਾ। ਭਲਾ ਸਾਧੂਆਂ-ਸੰਤਾਂ ਨੂੰ ਅਜਿਹੇ ਭੇਖ ਧਾਰਨ ਕਰ ਕੇ ‘ਸਾਧੂ-ਸੰਤ’ ਅਖਵਾਉਣ ਦੀ ਕੀ ਲੋੜ ਹੈ? ਸ਼ਾਇਦ ਇਸ ਲਈ ਹੈ ਕਿ ਉਨ੍ਹਾਂ ਭੇਖਾਂ ਕਰ ਕੇ ਹੀ ਸਾਦ-ਮੁਰਾਦੇ ਲੋਕ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ। ਭਲਾ ਸਾਧਾਰਨ ਲਿਬਾਸ ਵਾਲੇ ਬੰਦੇ ਦੇ ਪਿੱਛੇ ਕੌਣ ਲੱਗੇਗਾ? ਉਸ ਨੂੰ ਸਾਧੂ-ਸੰਤ ਕੌਣ ਮੰਨੇਗਾ? ਸਾਧੂ-ਸੰਤ ਅੰਦਰੋਂ ਨਹੀਂ, ਤਾਂ ਬਾਹਰੋਂ ਜ਼ਰੂਰ ਅਲੋਕਾਰ ਲੱਗਣਾ ਚਾਹੀਦਾ ਹੈ।

ਇਸ ਤਰ੍ਹਾਂ ਆਦਮੀ ਭਰਮਾਂ ਨਾਲ ਭਰੀ ਨਿਗੁਣੀ-ਨਿਤਾਣੀ ਹੋਂਦ ਜਿਊਂਦਾ ਹੋਇਆ ‘ਮਾਇਆ’/ ਛਲਾਵੇ ਦਾ ਕਿਤੇ ਵੱਧ ਸ਼ਿਕਾਰ ਬਣਦਾ ਹੈ। ਉਹ ਆਪਣਾ ਤਰਕਸ਼ੀਲ ਦਿਮਾਗ਼ ਇਸਤੇਮਾਲ ਨਹੀਂ

ਕਰਦਾ। ਤੇ ਰੋਸ਼ਨ ਦਿਮਾਗ਼ ਦੀ ਥਾਂ ਵਿਕਾਰਾਂ ਤੇ ਅੰਧ-ਵਿਸ਼ਵਾਸਾਂ ਦੇ ਹਨੇਰੇ ਵਿਚ ਜਿਊਂਦਾ ਹੈ। ਉਹ ਸੰਸਾਰ ਦੇ ਪਦਾਰਥਕ ਤੇ ਯਥਾਰਥਕ ਰੂਪ ਨੂੰ ਮਾਇਆ ਮੰਨਦਾ ਹੈ, ਉਸ ਦੀ ਠੋਸ ਅਸਲੀਅਤ ਨੂੰ ਛਲਾਵਾ ਸਮਝਦਾ ਹੈ, ਤੇ ਮਾਇਆ-ਜਾਲ ਵਿਚ ਫਸ ਕੇ ਭਟਕਣ ਲਗਦਾ ਹੈ — ਆਪਣੇ ਅਗਲੇ ਜਨਮ ਨੂੰ ਸਾਰਥਕ ਬਣਾਉਣ ਦੀ ਆਸ ਵਿਚ। ਜਿਹੜਾ ਬੰਦਾ ਆਪਣੇ ਇਸ ਜਨਮ ਨੂੰ ਸਾਰਥਕ ਨਹੀਂ ਬਣਾ ਸਕਦਾ, ਉਹ ਅਗਲੇ ਜਨਮ ਨੂੰ ਸਾਰਥਕ ਕਿਵੇਂ ਬਣਾ ਸਕਦਾ ਹੈ? ਅਗਲੇ ਜਨਮ ਦੀ ਆਸ ਵਿਚ ਉਹ ਇਸ ਜਨਮ ਵੱਲੋਂ ਬੇਮੁਖ ਹੋ ਕੇ ਜਿਊਂਦਾ ਹੈ, ਜੋ ਨਿਰਰਥਕ ਜਿਊਣਾ ਹੈ।

o

ਸਭਿਅਤਾ-ਸੰਸਕ੍ਰਿਤੀ ਵੱਲੋਂ ਬੇਮੁਖ ਜਾਂ ਲਾਪਰਵਾਹ ਹੋ ਕੇ ਤੇ ਇਨਕਲਾਬ ਦੀਆਂ ਗੱਲਾਂ ਕਰਨ ਵਾਲਾ ਬੰਦਾ (ਜਾਂ ਸੰਸਥਾ) ਸੰਕੀਰਨਤਾ ਤੇ ਕੱਟੜਤਾ ਦਾ ਬੁਰੀ ਤਰ੍ਹਾਂ ਸ਼ਿਕਾਰ ਹੁੰਦਾ ਹੈ। ਉਸ ਦੀ ਹੋਂਦ ਅੱਧੀ-ਅਧੂਰੀ ਤੇ ਖੋਖਲੀ ਬਣ ਜਾਂਦੀ ਹੈ। ਇਨਕਲਾਬ ਦਾ ਸੁਪਨਾ ਵੇਖਦਿਆਂ ਤੇ ਰਾਜਨੀਤਕ ਇਨਕਲਾਬ ਦੇ ਨਾਅਰੇ ਲਾਉਂਦਿਆਂ ਸਭਿਆਚਾਰ ਨੂੰ ਅਹਿਮੀਅਤ ਨਾ ਦੇਣੀ ਮਨੁੱਖ ਦਾ ਖੋਖਲਾਪਨ ਹੈ, ਜਿਸ ਵਿਚ ਉਹ ਆਪਣੀ ਅਸਲੀ ਮਨੁੱਖੀ ਹੋਂਦ ਵੱਲੋਂ ਉਪਰਾਮ ਬਣਿਆ ਅੱਖਾਂ ਮੀਟੀ ਰੱਖਦਾ ਹੈ।

ਇਨਕਲਾਬ ਰਾਜਨੀਤੀ ਵਿਚ ਹੀ ਨਹੀਂ, ਸਭਿਆਚਾਰ ਤੇ ਮਨੁੱਖੀ ਮੁੱਲਾਂ ਵਿਚ ਵੀ ਲਿਆਉਣ ਦੀ ਲੋੜ ਹੈ। ਇਸ ਦੇ ਸਿੱਟੇ ਵਜੋਂ ਇਕ ਨਵਾਂ-ਨਰੋਆ ਸਮਾਜ ਸਾਕਾਰ ਹੁੰਦਾ ਹੈ। ਤੇ ਸਮਾਜ ਵੱਲੋਂ ਫੈਲਾਏ ਅਗਿਆਨ ਦੇ ਹਨੇਰੇ ’ਚੋਂ ਨਿਕਲ ਕੇ ਮਨੁੱਖ ਵੀ ਨਵਾਂ ਬਣਦਾ ਹੈ। ਸੰਸਾਰ ਭਰ ਵਿਚ ਹੋਏ ਧਾਰਮਿਕ ਅੰਦੋਲਨ ਇਸ ਦੀਆਂ ਮਿਸਾਲਾਂ ਹਨ। ਧਰਮਾਂ ਦੇ ਬਾਨੀਆਂ (ਸੰਤਾਂ, ਭਗਤਾਂ, ਸੂਫ਼ੀਆਂ, ਪੈਗ਼ੰਬਰਾਂ) ਨੇ ਆਪਣੇ ਵੇਲ਼ੇ ਦੇ ਪਤਿਤ ਤੇ ਵਿਕ੍ਰਿਤ ਧਰਮ ਅਤੇ ਸਭਿਆਚਾਰ ਨੂੰ ਨਵਾਂ ਰੂਪ ਦਿੱਤਾ, ਉਸ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਸੁਰਜੀਤ ਕਰਦਿਆਂ ਆਮ ਲੋਕਾਂ ਦਾ ਦਿਲ-ਦਿਮਾਗ਼ ਰੋਸ਼ਨ ਕੀਤਾ। ਸਿੱਟੇ ਵਜੋਂ ਨਵੇਂ ਮਨੁੱਖ ਦੀ ਸਿਰਜਣਾ ਹੋਈ, ਨਵੇਂ ਮਨੁੱਖੀ ਮੁੱਲਾਂ ਦੀ ਸਿਰਜਣਾ ਹੋਈ।

o

ਸੰਸਾਰ ਭਰ ਵਿਚ ਜਿੰਨੇ ਵੀ ਰਾਜਨੀਤਕ ਇਨਕਲਾਬ ਹੋਏ, ਉਹ ਅਧੂਰੇ ਸਨ, ਜਿਨ੍ਹਾਂ ਵਿਚ ਮਨੁੱਖ ਪੂਰੀ ਤਰ੍ਹਾਂ ਪ੍ਰਫੁੱਲਤ ਨਹੀਂ ਹੋ ਸਕਿਆ। ਕਿਸੇ ਇਕ ਵਰਗ ਜਾਂ ਰਾਜਨੀਤਕ ਪਾਰਟੀ ਦੀ ਸੱਤਾ/ ਹਕੂਮਤ ਬਦਲਣ ਨਾਲ ਆਉਣ ਵਾਲਾ ਇਨਕਲਾਬ ਸਹੀ ਅਰਥਾਂ ਵਿਚ ਇਨਕਲਾਬ ਨਹੀਂ ਕਿਹਾ ਜਾ ਸਕਦਾ, ਜੇਕਰ ਉਸ ਵਿਚ ਮਨੁੱਖ ਨੂੰ ਵਿਚਾਰਕ ਤੇ ਮਾਨਸਿਕ ਤੌਰ ’ਤੇ ਗ਼ੁਲਾਮ ਬਣਾਈ ਰੱਖਣ ਵਾਲੀਆਂ ਸ਼ਕਤੀਆਂ ਨਹੀਂ ਬਦਲਦੀਆਂ, ਤੇ ਮਨੁੱਖ ਪੂਰੀ ਤਰ੍ਹਾਂ ਸੁਤੰਤਰ ਹੋ ਕੇ ਨਹੀਂ ਵਿਚਰਦਾ। ਰਾਜਨੀਤਕ ਤੇ ਆਰਥਿਕ ਜ਼ੰਜੀਰਾਂ ਤੋਂ ਛੁਟਕਾਰਾ ਪਾ ਕੇ ਆਦਮੀ ਜੇ ਆਪਣੀ ਵਿਕਾਰ-ਗ੍ਰਸਤ ਮਾਨਸਿਕਤਾ ਤੋਂ ਮੁਕਤ ਨਹੀਂ ਹੁੰਦਾ, ਤਾਂ ਸਹੀ ਅਰਥਾਂ ਵਿਚ ਪੂਰੀ ਤਰ੍ਹਾਂ ਸੁਤੰਤਰ ਨਹੀਂ ਕਿਹਾ ਜਾ ਸਕਦਾ। ਰਾਜਨੀਤਕ ਤੇ ਆਰਥਿਕ ਜ਼ੰਜੀਰਾਂ ਤੋਂ ਛੁਟਕਾਰਾ ਪਾਉਣ ਤੋਂ ਕਿਤੇ ਵੱਧ ਮਾਨਸਿਕ ਜ਼ੰਜੀਰਾਂ ਤੋਂ ਛੁਟਕਾਰਾ ਪਾਉਣਾ ਔਖਾ ਹੈ।

ਫਰਾਂਸੀਸੀ ਤੇ ਰੂਸੀ ਇਨਕਲਾਬ ਆਉਣ ਤੇ ਮਨੁੱਖ ਰਾਜਨੀਤਕ ਤੌਰ ’ਤੇ ਸੁਤੰਤਰ ਹੋਣ ’ਤੇ ਵੀ ਮਾਨਸਿਕ ਤੌਰ ’ਤੇ ਸੁਤੰਤਰ ਨਹੀਂ ਸੀ ਹੋ ਸਕਿਆ, ਸਗੋਂ ਕੁਝ ਸਮਾਂ ਬੀਤਣ ’ਤੇ ਨਵੀਆਂ ਹਕੂਮਤਾਂ ਵਿਚ ਪਹਿਲਾਂ ਨਾਲੋਂ ਕਿਤੇ ਵੱਧ ਆਪਣੀ ਸੁਤੰਤਰਤਾ ਗਵਾ ਬੈਠਾ ਸੀ — ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਨਾ ਕਰ ਸਕਣ ਕਰ ਕੇ, ਆਪਣੇ ਹੱਕਾਂ ਲਈ ਆਵਾਜ਼ ਨਾ ਉਠਾ ਸਕਣ ਕਰ ਕੇ। ਪਰਜਾਤੰਤਰ ਦੀ ਘਾਟ ਇਨਕਲਾਬ ਦੀ ਮੌਤ ਹੈ। ਕਿਸੇ ਡਰ-ਸਹਿਮ ਕਰ ਕੇ ਆਪਣੇ ਵਿਚਾਰ ਪ੍ਰਗਟ ਨਾ ਕਰ ਸਕਣ ਵਾਲਾ ਮਨੁੱਖ ਅੱਧਾ ਗ਼ੁਲਾਮ ਹੁੰਦਾ ਹੈ। ਹਕੂਮਤ ਤੇ ਸਮਾਜ ਦੀਆਂ ਗ਼ਲਤ ਕਦਰਾਂ-ਕੀਮਤਾਂ ਦੇ ਖਿਲਾਫ਼ ਆਵਾਜ਼ ਉਠਾਉਣ ਕਰ ਕੇ ਹੀ ਉਸ ਦਾ ਵਿਕਾਸ ਹੁੰਦਾ ਹੈ।

ਇਨਕਲਾਬ ਬਹੁਪੱਖੀ ਹੋਣਾ ਚਾਹੀਦਾ ਹੈ। ਤੇ ਉਸ ਦੀ ਕਾਮਯਾਬੀ ਦੀ ਕਸਵੱਟੀ ਮਨੁੱਖ ਹੋਣਾ

ਚਾਹੀਦਾ ਹੈ, ਮਨੁੱਖ ਦਾ ਬਹੁਪੱਖੀ ਵਿਕਾਸ ਹੋਣਾ ਚਾਹੀਦਾ ਹੈ — ਖ਼ਾਸ ਕਰ ਵਿਚਾਰਕ ਤੇ ਮਾਨਸਿਕ ਵਿਕਾਸ, ਤਾਂ ਜੋ ਉਹ ਸੰਤੁਲਤ ਤੇ ਚੰਗਾ ਮਨੁੱਖ ਬਣ ਸਕੇ। ਚੰਗਾ ਮਨੁੱਖ ਬਣਨ ਲਈ ਸੁਤੰਤਰਤਾ ਬੁਨਿਆਦੀ ਤੌਰ 'ਤੇ ਜ਼ਰੂਰੀ ਹੈ। 'ਰੋਟੀ, ਕੱਪੜਾ, ਮਕਾਨ' ਪਾ ਕੇ ਵੀ ਉਹ ਮਾਨਸਿਕ ਤੌਰ 'ਤੇ ਗ਼ੁਲਾਮ ਹੁੰਦਾ ਹੈ। ਅਜਿਹੀ ਗ਼ੁਲਾਮੀ ਮਨੁੱਖ ਵਿਚ ਹੀਣਤਾ ਪੈਦਾ ਕਰਦੀ ਹੈ, ਖ਼ੁਦ ਲਈ ਨਫ਼ਰਤ ਪੈਦਾ ਕਰਦੀ ਹੈ, ਜੋ ਮਨੁੱਖੀ ਮੁੱਲਾਂ ਦੇ ਨੁਕਤੇ ਤੋਂ ਉਸ ਦਾ ਵਿਕਾਸ ਨਹੀਂ ਹੋਣ ਦਿੰਦੀ। ਤਦ ਉਹ ਹੀਣਾ-ਪੌਣਾ ਮਨੁੱਖ ਬਣ ਕੇ ਅਣ-ਮਨੁੱਖੀ ਜੂਨ ਹੰਢਾਉਂਦਾ ਹੈ, ਤੇ 'ਰੋਟੀ, ਕੱਪੜਾ, ਮਕਾਨ' ਤੋਂ ਉੱਪਰ ਨਹੀਂ ਉੱਠ ਸਕਦਾ। ਹਰ ਨਵੀਂ ਹਾਕਮ ਜਮਾਤ ਮਨੁੱਖ ਨੂੰ ਸੁਤੰਤਰ ਹੋਇਆਂ ਨਹੀਂ ਵੇਖ ਸਕਦੀ। ਸੁਤੰਤਰ ਮਨੁੱਖ ਉਸ ਲਈ ਬਹੁਤ ਵੱਡਾ ਖ਼ਤਰਾ ਹੁੰਦਾ ਹੈ, ਉਸ ਦੀ ਕਬਰ ਪੁੱਟਣ ਵਾਲਾ ਹੁੰਦਾ ਹੈ। ਹਰ ਸੁਚੇਤ ਮਨੁੱਖ ਰੋਟੀ ਤੋਂ ਕਿਤੇ ਵੱਧ ਸੁਤੰਤਰਤਾ ਚਾਹੁੰਦਾ ਹੈ। ਆਪਣੇ ਵਿਚਾਰ ਪ੍ਰਗਟ ਨਾ ਕਰ ਸਕਣ ਵਾਲਾ ਮਨੁੱਖ ਸਹੀ ਅਰਥਾਂ ਵਿਚ ਮਨੁੱਖ ਨਹੀਂ ਕਹਾ ਸਕਦਾ।

o

ਆਮ ਲੋਕ 'ਮਹਾਤਮਾ' ਬਣੇ ਕਿਸੇ ਸਾਧੂ-ਸੰਤ ਦੇ ਦਰਸ਼ਨ ਕਰਨ ਲਈ ਦੂਰੋਂ ਦੂਰੋਂ ਉਸ ਤਕ ਜਾਂਦੇ ਹਨ। ਕਦੇ ਕਿਸੇ ਕਾਰਨ ਕਰ ਕੇ ਉਸ ਦੇ ਦਰਸ਼ਨ ਨਹੀਂ ਹੁੰਦੇ, ਤਾਂ ਉਨ੍ਹਾਂ ਨੂੰ ਨਿਰਾਸ਼ ਹੋਣਾ ਪੈਂਦਾ ਹੈ। ਅਜਿਹੇ ਸਾਧੂਆਂ-ਸੰਤਾਂ ਦੇ ਦਰਸ਼ਨਾਂ ਦਾ ਨਿਸ਼ਚਿਤ ਸਮਾਂ ਹੁੰਦਾ ਹੈ। ਉਨ੍ਹਾਂ ਦੇ ਦਰਸ਼ਨ ਏਨੇ ਸਸਤੇ ਨਹੀਂ ਹੁੰਦੇ ਕਿ ਕਿਸੇ ਵੇਲ਼ੇ ਵੀ ਪ੍ਰਾਪਤ ਕੀਤੇ ਜਾ ਸਕਣ।

ਭਲਾ ਆਦਮੀ ਨੂੰ ਅਜਿਹੇ ਸਾਧੂ-ਸੰਤ ਦੇ ਦਰਸ਼ਨ ਕਰਨ ਦੀ ਲੋੜ ਕਿਉਂ ਪੈਂਦੀ ਹੈ? ਸ਼ਾਇਦ ਉਸ ਵਿਚ ਉਹ ਰੱਬ ਨੂੰ ਵੇਖਣਾ ਚਾਹੁੰਦਾ ਹੈ, ਜੋ ਅਸਮਾਨ ਵਿਚ ਕਿਤੇ ਦਿਸਦਾ ਨਹੀਂ ਹੈ, ਜਿੱਥੇ ਕਿ ਉਸ ਦਾ ਨਿਵਾਸ ਸਮਝਿਆ ਜਾਂਦਾ ਹੈ।

ਆਮ ਲੋਕਾਂ ਨੇ ਇਹ ਵੀ ਸੁਣਿਆ ਹੁੰਦਾ ਹੈ ਕਿ ਰੱਬ ਆਦਮੀ ਦੇ ਦਿਲ ਵਿਚ ਵਸਦਾ ਹੈ। ਤਾਂ ਫੇਰ, ਕਿਸੇ ਸਾਧੂ-ਸੰਤ ਕੋਲ ਜਾਣ ਦੀ ਲੋੜ ਕਿਉਂ ਪੈਂਦੀ ਹੈ? ਸ਼ਾਇਦ ਇਸ ਲਈ ਕਿ ਰੱਬ ਦਿਲ ਵਿਚ ਦਿਸਦਾ ਨਹੀਂ ਹੈ। ਸੋ, ਅਸਮਾਨ ਜਾਂ ਦਿਲ ਵਿਚ ਨਾ ਦਿਸਣ 'ਤੇ ਬੰਦਾ ਥਾਂ-ਥਾਂ ਭਟਕਦਾ ਹੈ।

ਕਿਹਾ ਜਾਂਦਾ ਹੈ ਕਿ ਆਦਮੀ ਰੱਬ ਦਾ ਸਾਖਿਆਤ ਰੂਪ ਹੈ ਤਾਂ ਉਹ ਸ਼ੀਸ਼ੇ ਵਿਚ ਖ਼ੁਦ ਨੂੰ ਕਿਉਂ ਨਹੀਂ ਵੇਖ ਲੈਂਦਾ? ਉਂਝ, ਆਦਮੀ ਨੂੰ ਸ਼ੀਸ਼ੇ ਵਿਚ ਆਪਣਾ ਸਹੀ/ ਅਸਲੀ ਰੂਪ ਨਹੀਂ ਦਿਸਦਾ, ਆਪਣੀ ਅਸਲੀਅਤ ਦੀ ਥਾਂ ਉਸ ਨੂੰ ਆਪਣਾ ਛਲਾਵਾ (Illusion) ਦਿਸਦਾ ਹੈ — ਆਪਣਾ ਕਿਤੇ ਜ਼ਿਆਦਾ ਚੰਗਾ ਰੂਪ। ਆਪਣਾ ਸਹੀ ਰੂਪ ਤਾਂ ਆਪਣੇ ਅੰਦਰ ਝਾਕਣ 'ਤੇ ਹੀ ਦਿਖਾਈ ਦੇ ਸਕਦਾ ਹੈ — ਆਪਣੇ ਮਨ ਵਿਚ, ਜਿਸ ਵਿਚ ਕਿ ਚੰਗਾ-ਮੰਦਾ ਬਹੁਤ ਕੁਝ ਭਰਿਆ ਪਿਆ ਹੁੰਦਾ ਹੈ। ਇਹੋ ਆਦਮੀ ਦੀ ਅਸਲੀਅਤ ਹੈ।

ਆਦਮੀ ਅੰਦਰੋਂ ਜੋ ਕੁਝ ਦਿਸਦਾ ਹੈ, ਬਾਹਰੋਂ ਉਹ ਕੁਝ ਨਹੀਂ ਹੁੰਦਾ। ਤੇ ਜੋ ਬਾਹਰੋਂ ਦਿਸਦਾ ਹੈ, ਉਹ ਅੰਦਰੋਂ ਨਹੀਂ ਹੁੰਦਾ। ਅੰਦਰੋਂ-ਬਾਹਰੋਂ ਇਕ-ਰੂਪ ਹੋਣ 'ਤੇ ਹੀ ਮਨੁੱਖ ਪਰਮ ਮਨੁੱਖ ਜਾਂ ਪਰਮਾਤਮਾ (ਪਰਮ ਆਤਮਾ) ਬਣਦਾ ਹੈ। ਤੇ ਪਰਮ ਆਤਮਾ ਬਣਨਾ ਹੀ ਪਰਮਾਤਮਾ ਬਣਨਾ ਹੈ — ਏਸੇ ਦੁਨੀਆ ਵਿਚ। ਪਰਮਾਤਮਾ ਮਨੁੱਖ ਦਾ ਹੀ ਆਦਰਸ਼ (Ideal) ਰੂਪ ਹੈ — ਮਨੁੱਖ ਦਾ ਹੀ ਚਿਤਵਿਆ ਹੋਇਆ। ਤੇ ਉਹ ਪੁਰਸ਼ ਰੂਪ ਹੈ। ਭਲਾ ਇਸਤਰੀ-ਰੂਪ ਕਿਉਂ ਨਹੀਂ? ਪੁਰਸ਼-ਪ੍ਰਧਾਨ ਸਮਾਜ ਵਿਚ ਉਸ ਦਾ ਇਸਤਰੀ ਰੂਪ ਕਿਵੇਂ ਹੋ ਸਕਦਾ ਹੈ? ਉਹ ਪੁਰਸ਼ ਦਾ ਹੀ ਆਦਰਸ਼ਿਆਇਆ ਹੋਇਆ ਰੂਪ ਹੋਵੇਗਾ। ਉਸ ਨੂੰ ਆਪਣੇ ਅੰਦਰੋਂ ਸਾਕਾਰ ਕਰਨ ਦੀ ਲੋੜ ਹੈ — ਆਦਰਸ਼ ਪੁਰਸ਼ ਬਣ ਕੇ।

ਉੱਪਰ ਉੱਠ ਕੇ ਉਨ੍ਹਾਂ ਦੀ ਸਿਆਣਪ ਲਈ ਸਤਿਕਾਰ ਵਜੋਂ ਸਿਰ ਨਿਵਾਉਂਦਾ ਵੀ ਹੈ, ਤੇ

ਉਨ੍ਹਾਂ ’ਤੇ ਪ੍ਰਸ਼ਨ-ਚਿੰਨ੍ਹ ਵੀ ਲਾਉਂਦਾ ਹੈ। ਪ੍ਰਸ਼ਨ-ਚਿੰਨ ਲਾਉਣ ਤੋਂ ਬਿਨਾਂ ਮਨੁੱਖ ਦਾ ਵਿਕਾਸ ਨਹੀਂ ਹੋ ਸਕਦਾ। ਜਿਹੜਾ ਧਰਮ-ਪ੍ਰਚਾਰਕ ਜਾਂ ਸਮਾਜ-ਪ੍ਰਵਰਤਕ ਕਿਸੇ ਨੂੰ ਆਪਣੇ ’ਤੇ ਪ੍ਰਸ਼ਨ-ਚਿੰਨ੍ਹ ਲਾਉਣ ਦੀ ਖੁੱਲ੍ਹ ਨਹੀਂ ਦਿੰਦਾ, ਉਸ ਦੇ ਮਹਾਂਪੁਰਖ ਹੋਣ ’ਤੇ ਸ਼ੱਕ ਪੈਣਾ ਸੁਭਾਵਕ ਹੈ। ਅੱਜ ਅਣਗਿਣਤ ਸਾਧੂ-ਸੰਤ ਤੇ ਧਰਮ-ਪ੍ਰਚਾਰਕ ਆਮ-ਸਾਧਾਰਨ ਲੋਕਾਂ ਤੋਂ ਬਹੁਤ ਵੱਖਰੇ ਲੱਗਦੇ ਹਨ — ਆਪਣੀ ਅਲੋਕਾਰ ਵੇਸ਼-ਭੂਸ਼ਾ (ਭੇਖ) ਤੇ ਸਾਜ-ਸ਼ਿੰਗਾਰ ਕਰ ਕੇ। ਉਹ ਰੂਪ ਉਨ੍ਹਾਂ ਦੇ ਅਸਲੀ ਰੂਪ ਦੀ ਥਾਂ ਛਲਾਵਾ ਜਾਪਦਾ ਹੈ। ਤੇ ਲੋਕ ਹਨ ਕਿ ਸ਼ਰਧਾ-ਭਾਵਨਾ ਕਰ ਕੇ ਛਲੇ ਵੀ ਜਾਂਦੇ ਹਨ।

o

ਵੱਖ-ਵੱਖ ਧਰਮਾਂ ਦੇ ਖੇਤਰ ਵਿਚ ਸੰਤ, ਸੂਫ਼ੀ, ਭਗਤ ਆਦਿ ਸਹੀ ਅਰਥਾਂ ਵਿਚ ਆਦਰਸ਼ ਮਨੁੱਖ ਬਣ ਕੇ ਜੀਵੇ ਸਨ, ਤੇ ਉਨ੍ਹਾਂ ਦੀ ਰਹਿਣੀ-ਬਹਿਣੀ ਤੇ ਸਾਦ-ਮੁਰਾਦਾ ਰੂਪ ਦਿਖਾਵਾ ਨਹੀਂ ਸੀ। ਆਮ ਲੋਕਾਂ ਨਾਲ ਉਹ ਸਹਿਜ ਹੀ ਇਕ-ਮਿਕ ਹੋ ਜਾਂਦੇ ਹਨ। ਤੇ ਲੋਕ ਵੀ ਸਮਾਜਕ, ਧਾਰਮਿਕ ਤੇ ਹੋਰ ਕਈ ਕਿਸਮਾਂ ਦੀ ਊਚ-ਨੀਚ ਤੋਂ ਉੱਪਰ ਉੱਠ ਕੇ ਆਪਸ ਵਿਚ ਇਕ-ਮਿਕ ਹੋ ਜਾਂਦੇ ਸਨ। ਨਾਲ ਹੀ, ਉਨ੍ਹਾਂ ਨੂੰ ਆਪਣੇ ਮਨਾਂ ਵਿਚ ਵਸਾ ਕੇ ਕਾਫ਼ੀ ਹੱਦ ਤਕ ਉਨ੍ਹਾਂ ਵਰਗੇ ਬਣ ਜਾਂਦੇ ਸਨ।

ਇਸ ਦੀਆਂ ਅਣਗਿਣਤ ਮਿਸਾਲਾਂ ਸਾਡੇ ਸਾਹਮਣੇ ਹਨ। ਨਾਨਕ, ਕਬੀਰ, ਰਵੀਦਾਸ, ਨਰਸੀ ਮਹਿਤਾ, ਨਾਮਦੇਵ, ਚੈਤਨਯ, ਸਰਮਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਰਾਮਕ੍ਰਿਸ਼ਣ ਪਰਮਹੰਸ ਆਦਿ ਅਣਗਿਣਤ ਧਾਰਮਿਕ ਮਹਾਂਪੁਰਖਾਂ ਨੇ ਆਪਣੇ ਸਮੇਂ ਵਿਚ ਨਵੇਂ ਸਮਾਜ ਦੀ ਸਿਰਜਣਾ ਕੀਤੀ, ਨਵੇਂ ਮਨੁੱਖ ਦੀ ਸਿਰਜਣਾ ਕੀਤੀ, ਨਵੀਆਂ ਕਦਰਾਂ -ਕੀਮਤਾਂ ਦੀ ਸਿਰਜਣਾ ਕੀਤੀ। ਉਹ ਆਮ ਲੋਕਾਂ ’ਚੋਂ ਉੱਠ ਕੇ, ਆਮ ਲੋਕਾਂ ਵਿਚ ਰਹਿ ਕੇ, ਤੇ ਆਮ ਲੋਕਾਂ ਨਾਲ ਇਕ-ਮਿਕ ਹੋ ਕੇ ਪਰਮ ਮਨੁੱਖ ਬਣ ਗਏ। ਉਨ੍ਹਾਂ ਨੇ ਆਮ ਲੋਕਾਂ ਦੀ ਗੱਲ ਹੀ ਨਹੀਂ ਕੀਤੀ, ਆਮ ਲੋਕਾਂ ਨਾਲ ਘੁਲ-ਮਿਲ ਕੇ ਜੀਵੇ ਵੀ — ਉਨ੍ਹਾਂ ਦੇ ਦੁਖ-ਸੁਖ ਦੇ ਭਾਈਵਾਲ ਬਣ ਕੇ, ਤੇ ਉਨ੍ਹਾਂ ਦੀਆਂ ਹਨੇਰੀਆਂ ਜ਼ਿੰਦਗੀਆਂ ਵਿਚ ਮਸ਼ਾਲ ਬਣ ਕੇ। ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਅਜਿਹਾ ਕ੍ਰਿਸ਼ਮਾ ਕਈ ਵਾਰ ਵੇਖਣ ਵਿਚ ਆਇਆ ਹੈ।

o

ਇਸ ਗੱਲ ’ਤੇ ਹੈਰਾਨੀ ਹੁੰਦੀ ਹੈ ਕਿ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਜਿੱਥੇ ਕਈ ਮਹਾਨ ਸ਼ਖ਼ਸੀਅਤਾਂ ਨੇ ਆਮ ਲੋਕਾਂ ਨੂੰ ਭੀੜ ’ਚੋਂ ਨਿਕਲਣ ਦਾ ਰਾਹ ਦੱਸਿਆ ਹੈ, ਉੱਥੇ ਕਈਆਂ ਨੇ ਆਪਣੇ ਮਗਰ ਲਾ ਕੇ ਭੀੜ ਦਾ ਅੰਗ ਬਣਾ ਕੇ ਕੁਰਾਹੇ ਪਾਇਆ ਹੈ। ਜਿੱਥੇ ਪਹਿਲੀ ਕਿਸਮ ਦੇ ਮਹਾਂਪੁਰਖਾਂ ਨੇ ਆਪਣੇ ਵਿਚਾਰਾਂ ਨਾਲ ਲੋਕਾਂ ਨੂੰ ਗ਼ਲਤ ਧਾਰਨਾਵਾਂ ਤੇ ਅੰਧ-ਵਿਸ਼ਵਾਸਾਂ ਤੋਂ ਛੁਟਕਾਰਾ ਦਵਾ ਕੇ ਸੁਤੰਤਰ ਕੀਤਾ ਹੈ, ਉੱਥੇ ਦੂਜੀ ਕਿਸਮ ਦੇ ਮਹਾਂਪੁਰਖਾਂ ਨੇ ਵਿਚਾਰਾਂ ਦੀ ਥਾਂ ਆਪਣੀ ਵਿਚਾਰਧਾਰਾ ਨਾਲ ਲੋਕਾਂ ਨੂੰ ਜਹਾਲਤ ਦਾ ਸ਼ਿਕਾਰ ਬਣਾ ਕੇ ਆਪਣੇ ਮਗਰ ਲਾਉਂਦਿਆਂ ਗ਼ੁਲਾਮ ਬਣਾਇਆ ਹੈ। ਗ਼ੁਲਾਮ ਮਾਨਸਿਕਤਾ ਲੋਕਾਂ ਨੂੰ ਸੁਤੰਤਰ ਨਹੀਂ ਹੋਣ ਦਿੰਦੀ। ਤਰਕਸ਼ੀਲ ਦਿਮਾਗ਼ ਦੇ ਹੁੰਦਿਆਂ ਮਾਨਸਿਕ ਗ਼ੁਲਾਮੀ ਮਨੁੱਖ ਦੀ ਮੌਤ ਹੈ।000

---

# ਮਦਨ ਵੀਰਾ: ਛੇ ਕਵਿਤਾਵਾਂ

## ਪੰਚਮ

ਧਾਨਾਂ ਦੇ ਪਿੰਡ
ਪਰਾਲੀ ਤੋਂ ਪਛਾਣੇ ਜਾਂਦੇ ਨੇ
ਮੇਰਾ ਪਿੰਡ ਪਛਾਣਿਆ ਜਾਂਦਾ ਹੈ
ਹੱਥ ਦੇ ਪੋਟਿਆਂ ਜਿੰਨੀਆਂ
ਮੜ੍ਹੀਆਂ ਤੇ ਮਸਾਣਾਂ ਤੋਂ ਜਾਣਿਆ ਜਾਂਦਾ ਹੈ
ਇਕੋ ਧਰਮ ਦੇ, ਇਕੋ ਇਸ਼ਟ ਦੇ
ਅੱਧੀ ਦਰਜਣ ਧਰਮ ਸਥਾਨਾਂ ਤੋਂ।

ਪਿੰਡ ਜਿੱਥੇ ਮਹੱਲਿਆਂ ਦੇ ਸਿਰਾਂ ਉੱਤੇ
ਲਿਸ਼-ਲਿਸ਼ ਕਰਦੀ, ਜਾਤ ਦੀ ਕਲਗੀ ਹੈ
ਗਲੀਆਂ ਅਤੇ ਚੁਰਾਹਿਆਂ ਦੇ ਮੱਥੇ ਉੱਤੇ
ਕੁਨਬੇ ਦਾ ਜਲੌਅ ਹੈ, ਗੋਤ ਦਾ ਗ਼ਰੂਰ ਹੈ
ਸੋਨੇ ਦੀ ਝਾਲਰ ਵਾਂਗ ਲਿਸ਼ਕਦਾ-ਮੁਸ਼ਕਦਾ
ਖਾਨਦਾਨੀ ਸਰੂਰ ਹੈ।

ਪਿੰਡ ਜਿਹਦੇ ਬਨੇਰਿਆਂ ਉੱਤੇ
ਘਮੰਡ ’ਚ ਆਕੜੀ ਹੋਈ, ਕੁੰਢੀ ਮੁੱਛ ਹੈ
ਮਾਲਕੀ ਦੀ ਮੋਹਰ ਹੈ, ਬਾਕੀ ਸਭ ਕੁਝ ਤੁੱਛ ਹੈ
ਸ਼ਰੀਕਾਂ ਤੋਂ ਉੱਚੀ, ਹਵੇਲੀ ਦੀ ਮਮਟੀ ਉੱਤੇ
ਸ਼ਿਕਾਰੀ ਸ਼ਿਕਰੇ ਦੀ ਠਹਿਰ ਹੈ
ਜਿਹਦੀ ਗਿਰਝਾਂ ਨਾਲ ਯਾਰੀ ਹੈ, ਚਿੜੀਆਂ ਨਾਲ ਵੈਰ ਹੈ।

ਮੇਰਾ ਪਿੰਡ, ਜਿਹਦੀ ਪੁਸ਼ਤੈਨੀ ਡਿਊੜੀ ਦਾ
ਹੰਕਾਰੇ ਹਾਥੀ ਵਰਗਾ ਮੱਥਾ ਹੈ, ਦਿਖਾਵੇ ਦੇ ਹੋਰ ਦੰਦ ਨੇ
ਉੱਚੀਆਂ ਕਾਲੀਆਂ ਕੰਧਾਂ ਤੇ ਦਰ ਬੰਦ ਨੇ
“ਕੁੱਤਿਆਂ ਤੋਂ ਸਾਵਧਾਨ” ਦੀ ਤਖ਼ਤੀ ਹੈ
ਬਿਨਾਂ ਆਗਿਆ ਅੰਦਰ ਆਉਣ, ਬਿਨਾਂ ਹੁਕਮ ਬਾਹਰ ਜਾਣ ਦੀ
ਮਨਾਹੀ ਹੈ – ਸਖ਼ਤੀ ਹੈ।

ਮੇਰਾ ਪਿੰਡ, ਜਿੱਥੇ ਬੰਦਾ ਬੰਦਾ ਨਹੀਂ
ਸਿਰਫ਼ ਇਕ ਸਿਰ ਹੈ, ਸਿਰਫ਼ ਇਕ ਧੜ ਹੈ
ਬੰਦਾ ਸਿਰਫ਼ ਲੱਤਾਂ ਨੇ, ਜਾਂ ਸਿਰਫ਼ ਪੈਰ ਹੈ

ਨੁੱਕਰੇ ਲੱਗਾ - ਇਕ ਪੰਜਵਾਂ ਵੀ ਹੈ
ਜੋ ਇਨ੍ਹਾਂ ਸਾਰਿਆਂ ਲਈ
ਓਪਰਾ ਹੈ - ਗ਼ੈਰ ਹੈ। 00

**ਚਾਚਾ ਖ਼ਬਰੀ**

ਚਾਚਾ ਖ਼ਬਰੀ- ਐਨਕ ਦੀ ਟੁੱਟੀ ਡੰਡੀ ਸੰਭਾਲ਼ਦਾ
ਰੰਗਦਾਰ ਅਖ਼ਬਾਰ ਖੋਲ੍ਹਦਾ ਹੈ
ਖ਼ਬਰਾਂ ਤੋਂ ਪਹਿਲਾਂ, ਲੂਣ ਮਸਾਲਿਆਂ ਦਾ
ਖਾਨਦਾਨੀ ਇਸ਼ਤਿਹਾਰ ਬੋਲਦਾ ਹੈ
ਚਿਹਰੇ ਦੇ ਨਿਖਾਰ ਲਈ, ਕਾਇਆ ਦੇ ਬੇਲੋੜੇ ਭਾਰ ਲਈ
ਫਿਲਮੀ ਕਲਾਕਾਰਾਂ ਦਾ, ਪ੍ਰਚੰਡ ਪ੍ਰਚਾਰ ਹੈ
ਇਹ ਖ਼ਬਰਾਂ ਦਾ ਤਲਿਸਮੀ ਸੰਸਾਰ ਹੈ।

ਮੁੱਖ ਪੰਨੇ ਉੱਤੇ ਫੋਟੋ ਸਮੇਤ ਛਪਿਆ
ਹਰਿਆ ਭਰਿਆ, ਗੈਸ ਦੇ ਗੁਬਾਰੇ ਵਰਗਾ
ਮੁੱਖ ਮੰਤਰੀ ਦਾ ਬਿਆਨ ਹੈ
ਅਗਲੀ ਸੁਰਖੀ ਵਿਚ ਨਜ਼ਰ ਆਉਂਦਾ
ਕਰਜ਼ੇ ਵਿਚ ਨਗੰਦਿਆ, ਫਾਹੇ ਲੱਗਾ ਕਿਰਤੀ ਕਿਸਾਨ ਹੈ।

ਛੇ ਮਾਰਗੀ ਸੜਕਾਂ ਉੱਤੇ ਭੱਜਦੇ
ਵਿਕਾਸ ਦੀ ਚਾਰ ਗੁਣਾਂ ਗਤੀ ਨੂੰ
ਸੰਪਾਦਕੀ, ਸਪੀਡ ਬਰੇਕਰਾਂ ਵਾਂਗ ਅਟਕਾਉਂਦੀ ਹੈ
ਮੂਧੇ ਮੂੰਹ ਪਾਉਂਦੀ ਹੈ
ਪਰਦੇਸ ਦੀ ਝਾਕ'ਚ 'ਡੰਕੀ ਰੂਟ' ਗਏ
ਨੌਜਵਾਨਾਂ ਦੀ ਦੁਰਦਸ਼ਾ
ਘਰ ਬੈਠਿਆਂ ਨੂੰ ਡਰਾਉਂਦੀ ਹੈ।
ਪਰ ਸ਼ੇਅਰ ਮਾਰਕੀਟ ਦੀ ਚੜ੍ਹਤ
ਮਹਾਂ ਸ਼ਕਤੀ ਬਣ ਰਹੇ ਦੇਸ਼ ਦੀ ਬੜ੍ਹਤ
'ਵਿਸ਼ਵ ਗੁਰੂ' ਦੀ ਕਲਗੀ ਸਜਾਉਂਦੀ ਹੈ
(ਇੱਧਰ ਅੱਸੀ ਕਰੋੜ ਜਨਤਾ ਸਰਕਾਰੀ ਰਾਸ਼ਨ ਨਾਲ
ਡੰਗ ਟਪਾਉਂਦੀ ਹੈ)

ਡੱਬੀ 'ਚ ਲਿਸ਼ਕਦੀ
ਮੰਤਰੀ ਦੇ ਘਪਲ਼ਿਆਂ ਦੀ, ਬੰਦ ਹੋਈ ਪੜਤਾਲ ਹੈ
ਅਖ਼ਬਾਰ ਦੇ ਖੂੰਜੇ 'ਚ
ਛਾਂਟੀ ਕੀਤੇ ਮਜ਼ਦੂਰਾਂ ਦੀ, ਉਮਰੋਂ ਲੰਮੀ ਹੜਤਾਲ ਹੈ
ਪੁਲਸ ਨੂੰ ਰੇਪ ਦੇ ਦੋਸ਼ੀਆਂ ਦੀ, ਭਾਲ ਹੈ

ਹੱਤਿਆ ਦਾ ਦੋਸ਼ੀ, 'ਗਊ ਰੱਖਿਆ' ਵਾਲਾ ਸੂਰਮਾ
ਹਿਰਾਸਤ 'ਚੋਂ ਫਰਾਰ ਹੈ ...
ਪਿੱਦੀ ਜਿੰਨਾ ਗਵਾਂਢੀ ਮੁਲਖ਼, ਹੁਣ ਥਰ ਥਰ ਕੰਬਦਾ ਹੈ
ਦੁਨੀਆਂ 'ਚ ਸਸਤਾ ਸੌਦਾ, ਵੇਚਣ ਵਾਲਾ ਵੀ ਹੁਣ
ਝਿਜਕਦਾ ਤੇ ਸੰਗਦਾ ਹੈ

ਬੁੜ ਬੁੜ ਕਰਦਾ, ਕੁੜ ਕੁੜ ਕਰਦਾ, ਚਾਚਾ ਖ਼ਬਰੀ
ਅਖ਼ਬਾਰ ਨੂੰ ਹਵਾ 'ਚ ਉਛਾਲ਼ਦਾ ਹੈ
ਖਾਮੋਸ਼ ਝਾਕਦੀ ਥੜ੍ਹੇ ਦੀ ਭੀੜ ਤੋਂ
ਹੁੰਗਾਰਾ ਭਾਲ਼ਦਾ ਹੈ। 00

## ਕੁਕਨਸ

**(ਗਾਜ਼ਾ ਦੇ ਪ੍ਰਸੰਗ ਵਿਚ)**

ਉਹ ਹੱਥ ਉੱਡ ਗਏ
ਜਿਨ੍ਹਾਂ ਨਿਹੱਥਿਆਂ ਦੀ ਬਾਂਹ ਫੜਨੀ ਸੀ, ਆਸਰਾ ਹੋਣਾ ਸੀ
ਬਰੂਦ ਨੇ ਝੁਲਸ ਦਿੱਤਾ, ਦਾਗ ਦਿੱਤਾ ਉਹ ਚਿਹਰਾ
ਜਿਹਨੂੰ ਤੱਕ ਕੇ ਪ੍ਰਭਾਤ ਚੜ੍ਹਦੀ ਸੀ, ਰਾਤ ਮੁੱਕਦੀ ਸੀ

ਉਹ ਨੱਕ, ਉਹ ਕੰਨ, ਸਗਲ ਕਾਇਆ
ਲਾਵੇ'ਚ ਰੰਗੀ ਗਈ, ਕਰੰਗ ਹੋ ਕੇ ਟੰਗੀ ਗਈ
ਉਹ ਘਰ, ਉਹ ਨਗਰ, ਉਹ ਦੇਸ਼
ਜਰਵਾਣਿਆਂ ਨੇ ਸਾੜ ਦਿੱਤਾ
"ਅੱਗ ਲੈਣ ਆਈ ਮਾਲਕ ਬਣ ਬੈਠ ਗਈ"
ਹਕੂਮਤ ਨੇ ਉਜਾੜ ਦਿੱਤਾ

ਸਰਾਪਿਆ ਦੇਸ਼ ਆਂਹਦਾ ਹੈ
ਲਹੂ ਭਿੱਜਾ ਇਤਿਹਾਸ ਕਹਿੰਦਾ ਹੈ
ਭਾਵੇਂ ਸਭ ਖ਼ਾਕ ਹੋ ਜਾਵੇ, ਕੁਝ ਵੀ ਰਾਖ ਹੋ ਜਾਵੇ
ਲਹੂ ਦੇ ਨਾਲ ਗੁੰਨ੍ਹੀ, ਮਿਝ ਦੇ ਨਾਲ ਸਿੰਜੀ
ਪਰ ਧਰਤ ਇਹ ਬਾਂਝ ਨਹੀਂ ਹੋਣੀ
ਕੁਕਨਸ ਨੇ ਇਸੇ ਰਾਖ 'ਚੋਂ
ਸੁਭਾਗੀ ਇਸੇ ਖ਼ਾਕ 'ਚੋਂ
ਬਿਨਾਂ ਸ਼ੱਕ ਉਦੈ ਹੋਣਾ ਹੈ
ਜੀਵਨ ਦਾ ਗੀਤ ਛੋਹਣਾ ਹੈ

ਚੀੜ੍ਹ ਦਾ ਰੁੱਖ ਚੀੜ੍ਹਾ ਹੈ
ਝੁਲਸਿਆ ਸੜ ਗਿਆ ਭਾਵੇਂ
ਅਜੇ ਹਰ ਦਾਬ ਹਰੀ ਹੈ

ਇਹਦੀ ਅਜੇ ਜੜ ਸਲਾਮਤ ਹੈ
ਮੱਚ ਰਹੀ ਧਰਤ ਦੇ ਉੱਤੇ, ਧੁਆਂਖੇ ਅੰਬਰਾਂ ਥੱਲੇ
ਟਾਹਣੀ ਜੈਤੂਨ ਦੀ ਦੇਖੋ, ਸੰਤਰੀ ਵਾਂਗ ਖੜ੍ਹੀ ਹੈ 00

## ਕਾਲ਼ੀ-ਕਥਾ

**(ਜੰਗਬਾਜ਼ਾਂ ਦੇ ਸਰਪ੍ਰਸਤ ਅਮਰੀਕਾ ਦੇ ਨਾਂ)**

ਇਕ ਸਮੇਂ ਪਿੰਡ ਦੇ ਪ੍ਰਮੁੱਖ ਨੇ
ਆਪਣੇ ਘਰ ਦੇ ਦਰਵਾਜ਼ੇ ’ਤੇ
ਆਪਣਾ ਦਾਬਾ ਕਾਇਮ ਕਰਨ ਲਈ
ਹਰ ਦਸਤਕ ਨੂੰ ਰੋਕਣ ਦੇ ਲਈ
ਹਰ ਫਰਿਆਦ ਨੂੰ ਟੋਕਣ ਦੇ ਲਈ
ਆਪਣੇ ਨਿੱਜ ਦੇ ਸੁੱਖ-ਚੈਨ ਲਈ
ਘਰ ਦੀ ਰਖਵਾਲੀ ਦੇ ਨਾਂ ’ਤੇ
ਵੱਢ-ਖਾਣਾ ਤੇ ਭੌਂਕੜ ਰੱਖ ਲਿਆ ਸੀ

ਹੁਣ ਕੋਈ ਜੇ ਦਰ ’ਤੇ ਆਉਂਦਾ
ਆ ਕੇ ਆਪਣੀ ਅਰਜ਼ ਸੁਣਾਉਂਦਾ
ਭੌਂਕੜ ਤੇ ਵੱਢ-ਖਾਣਾ ਕੁੱਤਾ
ਉਸ ਫਰਿਆਦੀ ’ਤੇ ਟੁੱਟ ਪੈਂਦਾ
ਬੁਰਕ ਮਾਰਦਾ, ਅੰਗ ਮੁੱਛ ਲੈਂਦਾ
ਘਰ ਦਾ ਮਾਲਕ, ਆਪਣੇ ਘਰ ਦੀ ਕਿਸੇ ਵਿਰਲ ’ਚੋਂ
ਘਰ ਦੇ ਦਰ ਦੀ ਕਿਸੇ ਝੀਤ’ਚੋਂ
ਹੱਸ-ਹੱਸ ਝਾਕ ਨਜ਼ਾਰੇ ਲੈਂਦਾ
ਤੇ ਕੁੱਤੇ ਦੀ ਪਿੱਠ ਥਾਪੜਦਾ
ਵਫਾਦਾਰੀ ਦੇ ਸੋਹਲੇ ਗਾਉਂਦਾ
ਉਸਨੂੰ ਰੱਜਵਾਂ ਮਾਸ ਖਵਾਉਂਦਾ
ਮੋਢੇ ਉਸਦੇ ਫੀਤੀ ਟੰਗਦਾ
ਮੱਥੇ ਉੱਤੇ ਕਲਗੀ ਲਾਉਂਦਾ

ਇਕ ਦਿਨ ਘਟ ਗਈ ਉਹ ਅਣਹੋਣੀ
ਜੋ ਕਿਸੇ ਨਾ ਸੋਚੀ ਹੋਣੀ, ਜੋ ਕਿਸੇ ਨਾ ਚਿਤਵੀ ਹੋਣੀ
ਘਰ ਦੇ ਮਾਲਕ ਦਾ ਕੁੱਤੇ ਨੇ
ਪੂਰਾ ਪੰਜਾ ਟੁੱਕ ਲਿਆ ਸੀ
ਇਕ ਸੇਵਕ ਨੇ-ਇਕ ਚਾਕਰ ਨੇ
ਇਕ ਰਖਵਾਲੇ-ਇਕ ਨੌਕਰ ਨੇ
ਮਾਲਕ ਨੂੰ ਸੀ ਅੱਖ ਵਿਖਾਈ
ਗੁੱਡੀ ਅੱਧ-ਅਸਮਾਨੋਂ ਲਾਹੀ

ਉਸ ਦਿਨ ਪਿੰਡ ਦੇ ਉਸ ਪ੍ਰਮੁੱਖ ਨੇ
ਕੋਠੇ ਚੜ੍ਹਕੇ ਸ਼ੋਰ ਮਚਾਇਆ, ਰੌਲ਼ਾ ਪਾਇਆ
ਗਲੀ-ਗੁਆਂਢ ਦੇ ਹਰ ਇਕ ਘਰ ਦਾ, ਦਰ ਖੜਕਾਇਆ
ਕਹਿੰਦਾ ਕੁੱਤਾ ਪਾਗਲ ਹੋ ਗਿਆ
ਆਉ ਰਲ਼ ਕੇ ਸੰਗਲ਼ ਪਾਈਏ
ਬੰਨ੍ਹੋ-ਨੂੜੋ, ਮਾਰ ਮੁਕਾਈਏ

ਕਹਿੰਦਾ ਕੱਠੇ ਹੋ ਕੇ ਆਉ, ਮੈਂ ਦੇਵਾਂਗਾ ਬਰਛੇ ਡਾਂਗਾਂ
ਮੈਂ ਵੰਡਾਂਗਾ ਸਭ ਹਥਿਆਰ, 'ਵੱਢ-ਖਾਣਾ' ਧਰਤੀ 'ਤੇ ਭਾਰ
ਇਸ ਭੌਂਕੜ ਤੇ 'ਵੱਢ-ਖਾਣੇ' ਨੂੰ
ਕੱਠੇ ਹੋ ਕੇ ਮਾਰ ਮੁਕਾਈਏ
ਇਸ ਦਾ ਧਰਤ ਤੋਂ ਤੁਖ਼ਮ ਮਿਟਾਈਏ
ਨਹੀਂ ਤਾਂ ਸਾਰੇ ਪਿੰਡ ਨੂੰ ਖ਼ਤਰਾ
ਗਲ਼ੀ-ਮੁਹੱਲੇ ਨਹੀਂ ਸਲਾਮਤ
ਘਰ-ਘਰ ਪਿੰਡ-ਪਿੰਡ, ਇਹ ਆਵੇਗਾ
ਹਰ ਇਕ ਨੂੰ ਇਹ ਵੱਢ ਖਾਵੇਗਾ
ਇਸ ਤੋਂ ਮੈਨੂੰ ਵੀ ਖ਼ਤਰਾ ਹੈ
ਤੁਹਾਨੂੰ ਵੀ ਭੈਅ-ਭੀਤ ਕਰੇਗਾ। 00

## ਸਾਧ ਦੀ ਕੁੱਤੀ

ਉਦੋਂ ਨਾ ਜਾਗੇ
ਜਦੋਂ ਘਟਾਵਾਂ ਕਾਲ਼ੀਆਂ ਚੜ੍ਹੀਆਂ
ਗ਼ਮ ਦੇ ਗੜਿਆਂ ਕਾਇਆ ਝੰਬੀ
ਦੁੱਖ ਦੀਆਂ ਕਣੀਆਂ, ਡਾਂਗਾਂ ਵਾਂਗਰ ਵਰ੍ਹੀਆਂ
ਉਮਰੋਂ ਲੰਮੀਆਂ ਜਦੋਂ ਸੀ ਲੱਗੀਆਂ
ਵੀਰਵਾਰ ਦੀਆਂ ਝੜੀਆਂ।

ਲੰਮੀਆਂ ਤਾਣ ਕੇ ਐਸਾ ਸੁੱਤੇ
ਐਸਾ ਸੁੱਤੇ ਨੀਂਦ ਵਿਗੁੱਤੇ
ਉਦੋਂ ਵੀ ਭੋਰਾ ਅੱਖ ਨਾ ਪੁੱਟੀ, ਸੀਅ ਨਾ ਕੀਤੀ
ਤੇਜ਼ ਠੱਕੇ ਨੇ, ਮੂੰਹਜ਼ੋਰ ਝੱਖੜ ਨੇ
ਕੀਤੇ ਕਾਲੇ ਕਾਰੇ, ਚੁਲ੍ਹੇ ਠਾਰੇ

ਉਦੋਂ ਨਾ ਜਾਗੇ, ਜਦ ਸੀ ਪਾਣੀ ਗਿੱਟੇ ਗਿੱਟੇ
ਉਦੋਂ ਨਾ ਉੱਠੇ, ਜਦੋਂ ਸੀ ਪਾਣੀ ਗੋਡੇ ਗੋਡੇ, ਮੋਢੇ ਮੋਢੇ
ਫਿਰ ਵੀ ਅੱਖ ਨਾ ਖੋਲ੍ਹੀ
ਇਹ ਜਨਤਾ ਭੋਲ਼ੀ! ਕੁਝ ਨਾ ਬੋਲੀ !!

ਝੋਲ਼ੇ ਵਾਲੇ ਇਕ ਸਾਧ ਦੀ, ਕੁੱਤੀ ਉੱਤੇ ਰੱਖ ਭਰੋਸਾ
ਸੌਂ ਗਏ ਵੇਚ ਕੇ ਘੋੜੇ
ਕੌਣ ਜਗਾਵੇ ਕੌਣ ਉਠਾਵੇ
ਕਿਹੜਾ ਬਹੁੜੇ? 00

**ਖੂਹ-ਖਾਤੇ**

ਉਨ੍ਹਾਂ ਦੇ ਖਾਤੇ, ਉਨ੍ਹਾਂ ਦਾ ਲੇਖਾ
ਚਿਤਰ ਗੁਪਤ ਜਾਂ ਕਿਹੜਾ ਲੇਖਾਕਾਰ ਕਰੇਗਾ?
ਇਹ ਖਾਲੀ ਥਾਂ ਕੌਣ ਭਰੇਗਾ?
ਜਿਨ੍ਹਾਂ ਦੀ ਉਮਰ ਦੇ, ਢਾਈ ਦਿਨ ਵੀ
ਹੋਲ਼ਾਂ ਵਾਂਗ ਭੁੱਜ ਗਏ ਨੇ
ਜੋ ਕੁੱਖ ਤੋਂ ਕਬਰ ਤਕ ਦੇ ਸਫ਼ਰ ਨੂੰ
ਬਿਨਾਂ ਛੋਹਿਆਂ ਹੀ ਨਰਕ ਭੋਗਦੇ
ਚੱਕਰਵਿਊ 'ਚ ਘਿਰ ਗਏ ਨੇ
ਝੋਰੇ ਦੀ ਦਲਦਲ ਵਿਚ, ਡੂੰਘੇ ਖੁੱਭ ਗਏ ਨੇ।

ਉਹ-ਜਿਨ੍ਹਾਂ ਦੀ, ਮੋਢਿਆਂ ਤੋਂ ਥੁੱਕਣ ਦੀ
ਚਾਅ ਤੇ ਹੁਲਾਸ'ਚ ਬੁੱਕਣ ਦੀ ਸੱਧਰ
ਧੁਆਂਖੇ ਸਿਵੇ ਦਾ ਖ਼ਾਬ ਹੋ ਗਈ
ਕੱਚੀ ਕੁਆਰੀ ਉਮਰ
ਸਿਉਂਕ ਦੀ ਛਾਨਣੀ ਕੀਤੀ
ਕਿਤਾਬ ਹੋ ਗਈ
ਜਿਨ੍ਹਾਂ ਦੇ ਦਿਲਾਂ 'ਚ
ਅੰਬਰ ਨੂੰ ਹੱਥ ਪਾਉਣ ਦੀ ਰੀਝ ਸੀ
ਬੇਨੂਰ ਅੱਖਾਂ 'ਚ
ਸਤਰੰਗੇ ਸੁਪਨਿਆਂ ਦਾ ਨਕਸ਼ਾ ਸੀ
ਰੁਜ਼ਗਾਰ ਦਫ਼ਤਰ ਦੀ ਗਰਦ 'ਚ
ਗਵਾਚ ਗਏ
ਬੇਰੁਜ਼ਗਾਰੀ ਦੇ ਤੰਦੂਰ'ਚ
ਰੜ੍ਹ ਗਏ
ਤੇ ਚਿੱਬ-ਖੜਿੱਬੀ ਹੋਂਦ ਦੇ ਮੱਥੇ ਉੱਤੇ
ਬੇਮੌਸਮੀ ਪੱਤਝੜ ਦੇ ਕਾਲ਼ੇ ਸਫ਼ੇ
ਆਪਣਾ ਪੱਕਾ ਸਿਰਨਾਵਾਂ ਮੜ੍ਹ ਗਏ
ਉਨ੍ਹਾਂ ਦੇ ਖਾਤੇ, ਉਨ੍ਹਾਂ ਦਾ ਲੇਖਾ..?? 00

***(ਮਕਾਨ ਨੰਬਰ 82, ਗ਼ਲੀ ਨੰਬਰ 1, ਜੋਧਾਮੱਲ ਰੋਡ, ਹੁਸ਼ਿਆਰਪੁਰ***
***ਵ੍ਹਟਸਐਪ: +91-94178-26296 ਫੋਨ: +91-94176-83769)***

# ਰਾਜਪ੍ਰੀਤ ਕੌਰ ਬੈਨੀਪਾਲ: ਕਹਾਣੀ: ਸਰਗਮ ਵਿਹੂਣੇ ਸਾਜ਼

*ਰਾਜਪ੍ਰੀਤ ਨੂੰ ਸਾਖਿਆਤ ਵੇਖਣ ਮਿਲਣ ਦਾ ਮੌਕਾ ਨਹੀਂ ਮਿਲਿਆ। ਹੱਥਲੀ ਕਹਾਣੀ ਰਾਹੀਂ ਉਸ ਨਾਲ ਸਾਹਿਤਕ ਜਾਣ ਪਛਾਣ ਹੀ ਹੋਈ ਹੈ। ਏਨਾ ਕੁ ਪਤਾ ਹੈ ਕਿ ਉਹ ਖੰਨੇ ਦੇ ਪੇਂਡੂ ਖੇਤਰ ਦੀ ਜੰਮਪਲ ਹੈ ਅਤੇ ਪੀਐੱਚ.ਡੀ ਤਕ ਦੀ ਪੜ੍ਹਾਈ ਕਰਨ ਪਿੱਛੋਂ ਕਾਲਿਜ ਵਿਚ ਅਧਿਆਪਨ ਕਾਰਜ ਕਰ ਰਹੀ ਹੈ। 'ਸਰਗਮ ਵਿਹੂਣੇ ਸਾਜ਼' ਉਸਦੀ ਪਹਿਲੀ ਕਹਾਣੀ ਰਚਨਾ ਹੈ, ਜੋ ਸੰਕੇਤ ਦਿੰਦੀ ਹੈ ਕਿ ਉਸ ਵਿਚ ਇਕ ਸਮਰੱਥ ਸਿਰਜਕ ਵਜੋਂ ਉਭਰਨ ਦੀਆਂ ਭਰਪੂਰ ਸੰਭਾਵਨਾਵਾਂ ਹਨ। ਇਕ ਕਹਾਣੀਕਾਰ ਵਜੋਂ ਰਾਜਪ੍ਰੀਤ ਦਾ ਪੰਜਾਬੀ ਸਾਹਿਤ ਜਗਤ ਨਾਲ ਪਰਿਚਯ ਕਰਾਉਂਦਿਆਂ ਸਾਨੂੰ ਖ਼ੁਸ਼ੀ ਹੋ ਰਹੀ ਹੈ। -ਸੰਪਾਦਕ*

ਕਿਚਲੂ ਨਗਰ ਵਾਲ਼ੇ ਮਨੋਸੰਤੁਲਨ ਹਸਪਤਾਲ਼ ਵਿਚ ਮੰਮੀ ਨਾਲ ਦਵਾਈ ਲੈਣ ਆਇਆ ਹਾਂ। ਬਾਹਰ ਐਕਟਿਵਾ ਖੜ੍ਹਾ ਕੇ ਜਦੋਂ ਅਸੀਂ ਹਸਪਤਾਲ਼ ਦੇ ਅੰਦਰ ਵੜੇ ਤਾਂ ਵੇਟਿੰਗ ਰੂਮ ਦੀਆਂ ਸਾਰੀਆਂ ਕੁਰਸੀਆਂ ਭਰੀਆਂ ਪਈਆਂ। ਸਾਨੂੰ ਖੜ੍ਹੇ ਦੇਖ ਕੇ ਇਕ ਔਰਤ ਨੇ ਮਾੜਾ ਜਿਹਾ ਪਰੇ ਨੂੰ ਸਰਕ ਕੇ ਮੰਮੀ ਨੂੰ ਆਪਣੇ ਬਰਾਬਰ ਬਿਠਾ ਲਿਆ ਪਰ ਮੈਨੂੰ ਕੋਈ ਖਾਲੀ ਕੁਰਸੀ ਨਾ ਮਿਲੀ। ਮੈਂ ਡਾਕਟਰ ਦੇ ਕਮਰੇ ਦੇ ਬਿਲਕੁਲ ਸਾਹਮਣੇ ਬਣੇ ਥਮਲ੍ਹੇ ਨਾਲ਼ ਢੋਅ ਲਾ ਕੇ ਨੀਵੀਂ ਪਾ ਕੇ ਖੜ੍ਹ ਗਿਆ ਤਾਂ ਜੋ ਮੈਨੂੰ ਕੋਈ ਬੁਲਾਵੇ ਨਾ। ਅਸਲ ਗੱਲ ਇਹ ਆ ਬਈ ਮੈਨੂੰ ਇਸ ਹਸਪਤਾਲ਼ ਆਉਣ ਲੱਗੇ ਬਹੁਤ ਸ਼ਰਮ ਆਉਂਦੀ ਹੁੰਦੀ ਆ ਬਈ ਦੇਖਣ ਵਾਲ਼ਾ ਸੋਚੂ ਇਹਨਾਂ ਦਾ ਮੁੰਡਾ ਕਮਲ਼ਾ ਹੋ ਗਿਆ।

ਮੇਰਾ ਜੀਅ ਕਰਦਾ ਹੁੰਦਾ ਬਈ ਮੈਂ ਜਦੋਂ ਵੀ ਬਾਹਰ ਨਿੱਕਲ਼ਾਂ, ਮਾਸਕ ਪਾ ਕੇ ਹੀ ਨਿੱਕਲ਼ਾਂ। ਮੈਨੂੰ ਕੋਈ ਨਾ ਦੇਖੇ, ਕੋਈ ਨਾ ਬੁਲਾਵੇ। ਪਰ ਮੇਰੇ ਮੰਮੀ ਤਾਂ ਮੈਨੂੰ ਮਾਸਕ ਵੀ ਨੀ ਪਾਉਣ ਦਿੰਦੇ। ਉਹਨਾਂ ਨੂੰ ਮੇਰਾ ਇਸ ਤਰ੍ਹਾਂ ਮੂੰਹ ਢਕ ਕੇ ਬੇਪਛਾਣ ਜਿਹੇ ਹੋਏ ਫ਼ਿਰਨਾ ਪਸੰਦ ਨੀ ਕਿਉਂਕਿ ਉਹ ਮੇਰੇ ਮਨ ਦੀ ਅਵਸਥਾ ਨਹੀਂ ਸਮਝਦੇ। ਉਹ ਨਹੀਂ ਜਾਣਦੇ ਕਿ ਮੈਂ ਕਿਉਂ ਦੁਨੀਆਂ ਤੋਂ ਲੁਕਦਾ ਫਿਰਦਾਂ। ਕਿਉਂ ਮੇਰਾ ਮਨ ਕਿਸੇ ਦੇ ਸਾਹਮਣੇ ਆਉਣ ਤੋਂ ਡਰਦਾ।

ਪਿਛਲੇ ਦੋ ਸਾਲਾਂ ਤੋਂ ਦੇਖ ਰਿਹਾਂ ਕਿ ਇਸ ਹਸਪਤਾਲ ਵਿਚ ਵੀ ਮੇਰੇ ਵਰਗਿਆਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਆ। ਹੁਣ ਵੀ ਦੇਖਲੋ ਏਥੇ ਬੈਠੇ ਮਰੀਜ਼ਾਂ 'ਚੋਂ ਤਕਰੀਬਨ ਤੀਜਾ ਹਿੱਸਾ ਮਰੀਜ਼ ਮੇਰੇ ਵਰਗੇ ਮੁੰਡੇ ਕੁੜੀਆਂ ਹੀ ਨੇ। ਇਹ ਗੱਲ ਮਨ ਨੂੰ ਦਿਲਾਸਾ ਵੀ ਦਿੰਦੀ ਆ ਕਿ ਮੇਰੇ ਵਰਗੇ ਹੋਰ ਬਹੁਤ ਨੇ ਜਿਨ੍ਹਾਂ ਦੇ ਮਨ ਰਾਜ਼ੀ ਨਹੀਂ ਪਰ ਫ਼ੇਰ ਚਿੰਤਾ ਵੀ ਹੋਣ ਲੱਗਦੀ ਆ ਬਈ ਕੀ ਹੋ ਗਿਆ ਸਾਡੀ ਪੀੜ੍ਹੀ ਨੂੰ? ਕਿਉਂ ਸਾਡੇ ਮਨ ਦਾ ਚੈਨ ਗੁਆਚ ਗਿਆ? ਪ੍ਰੌਬਲਮ ਦੀ ਜੜ ਕਿੱਥੇ ਆ? ਸਾਡੀਆਂ ਦਿਮਾਗ਼ੀ ਪ੍ਰੇਸ਼ਾਨੀਆਂ ਏਨੀਆਂ ਕਿਉਂ ਵਧ ਗਈਆਂ ਨੇ ਕਿ ਸਾਡੇ ਤੋਂ ਉਹਨਾਂ ਦਾ ਭਾਰ ਚੱਕ ਨੀ ਹੁੰਦਾ।

ਆਮ ਬੰਦੇ ਨੂੰ ਤਾਂ ਇਹ ਸਾਰੇ ਠੀਕ-ਠਾਕ ਦਿਸਦੇ ਨੇ ਪਰ ਮੈਨੂੰ ਸਭ ਕੁਝ ਪਤਾ ਲੱਗ ਰਿਹਾ ਆ ਕਿ ਇਹ ਵੀ ਮੇਰੇ ਵਾਂਗੂੰ ਹੀ ਬਿਮਾਰ ਨੇ। ਮੈਂ ਥਮ੍ਹਲੇ ਨਾਲ਼ ਲੱਗਿਆ ਖੜ੍ਹਾ ਇਹਨਾਂ ਸਾਰਿਆਂ ਵੱਲ ਦੇਖ ਰਿਹਾਂ ਕਿ ਕੋਈ ਬੈਠਾ ਆਪਣੀਆਂ ਉਂਗਲ਼ਾਂ ਦੇ ਪਟਾਕੇ ਹੀ ਵਜਾਈ ਜਾਂਦਾ। ਕੋਈ ਕੁਰਸੀ 'ਤੇ ਬੈਠਾ ਆਪਣੀ ਲੱਤ ਹਿਲਾਈ ਜਾਂਦਾ। ਕੋਈ ਆਪਣੇ ਹੱਥਾਂ ਦੇ ਨਹੁੰ ਦੰਦਾਂ ਨਾਲ਼ ਚੱਬੀ ਜਾ ਰਿਹਾ। ਔਹ ਜਿਹੜੀ ਕੁੜੀ ਇਕ ਪਾਸੇ ਨੂੰ ਕੁੰਗੜੀ ਜਿਹੀ ਬੈਠੀ ਆ, ਇਹਦੀ ਹਾਲਤ ਤਾਂ ਮੈਨੂੰ ਮੇਰੀ ਓਸ ਦਿਨ ਵਾਲ਼ੀ ਹਾਲਤ ਵਰਗੀ ਲੱਗਦੀ ਆ ਜਦੋਂ ਮੈਨੂੰ ਪਹਿਲੀ ਵਾਰ ਇਸ ਡਾਕਟਰ ਦੇ ਲਿਆਂਦਾ ਸੀ। ਇਹ ਕੁੜੀ ਆਪਣੀ ਕੁਰਸੀ 'ਤੇ ਟੇਢੀ ਹੋਈ ਬੈਠੀ, ਟਿਕਟਿਕੀ ਲਾ ਕੇ ਕੰਧ ਵੱਲ

ਹੀ ਦੇਖੀ ਜਾ ਰਹੀ ਆ। ਮੈਂ ਵੀ ਨਾ ਕਿਸੇ ਵੱਲ ਦੇਖ ਰਿਹਾ ਸੀ ਤੇ ਨਾ ਕਿਸੇ ਦਾ ਹੁੰਘਾਰਾ ਭਰ ਰਿਹਾ ਸੀ। ਬੱਸ ਜਿੱਧਰ ਨੂੰ ਮੂੰਹ ਹੁੰਦਾ ਓਧਰ ਨੂੰ ਹੀ ਝਾਕੀ ਜਾਂਦਾ।

ਇਸ ਛੋਟੇ ਜਿਹੇ ਹਸਪਤਾਲ਼ ਦਾ ਖਚਾਖਚ ਭਰਿਆ ਵੇਟਿੰਗ ਰੂਮ ਦੇਖ ਕੇ ਇਸ ਤਰ੍ਹਾਂ ਲੱਗਦਾ ਜਿਵੇਂ ਸਾਰਾ ਸੰਸਾਰ ਹੀ ਦੁੱਖਾਂ ਦਾ ਘਰ ਬਣਿਆ ਪਿਆ ਹੋਵੇ। ਸਾਰਿਆਂ ਦੇ ਚਿਹਰੇ ਧੁਆਂਖੇ ਪਏ ਨੇ। ਅੱਖਾਂ ਸੁੰਨੀਆਂ ਹੋਈਆਂ ਪਈਆਂ ਨੇ ਜਿਵੇਂ ਸੁਪਨੇ ਹੀ ਮਰ ਗਏ। ਮੇਰੇ ਵਰਗਿਆਂ ਨੂੰ ਏਥੇ ਮਰੀਜ਼ ਬਣੇ ਦੇਖ ਕੇ ਵੱਡੀ ਉਮਰ ਵਾਲ਼ੇ ਹੈਰਾਨ ਜਿਹੇ ਹੋਏ ਪਏ ਨੇ ਜਿਵੇਂ ਸੋਚਦੇ ਹੋਣ, 'ਭਲਾਂ ਏਸ ਉਮਰੇ ਜੁਆਕਾਂ ਨੂੰ ਕਿਹੜਾ ਦੁੱਖ ਲੱਗ ਗਿਆ?'

ਮੰਮੀ ਦੀ ਸੀਟ ਦੇ ਪਿਛਲੇ ਪਾਸੇ ਦੀ ਸੀਟ ਤੋਂ ਇਕ ਮਰੀਜ਼ ਉੱਠ ਕੇ ਅੰਦਰ ਚਲਿਆ ਗਿਆ ਤੇ ਮੈਂ ਉਹਦੀ ਜਗ੍ਹਾ 'ਤੇ ਜਾ ਕੇ ਬੈਠ ਗਿਆ। ਬੈਠਾ-ਬੈਠਾ ਮੈਂ ਆਪਣੀ ਪੈਂਟ ਦੀ ਜੇਬ 'ਚੋਂ ਮੋਬਾਈਲ ਕੱਢ ਕੇ ਫ਼ਰੋਲਣ ਲੱਗਿਆ। ਮੰਮੀ ਮੇਰੀ ਅਗਲੀ ਸੀਟ 'ਤੇ ਬੈਠੇ ਆਪਣੇ ਨਾਲ਼ ਬੈਠੀ ਔਰਤ ਨਾਲ਼ ਗੱਲਾਂ ਕਰ ਰਹੇ ਸਨ। ਉਹਨਾਂ ਨੂੰ ਸ਼ਾਇਦ ਪਤਾ ਹੀ ਨਹੀਂ ਸੀ ਕਿ ਮੈਂ ਉਹਨਾਂ ਦੇ ਬਿਲਕੁਲ ਪਿੱਛੇ ਬੈਠਾ ਹਾਂ। ਨਹੀਂ ਤਾਂ ਉਹ ਕਾਹਨੂੰ ਇਹ ਗੱਲ ਕਹਿੰਦੇ, 'ਮੇਰਾ ਬੇਟਾ ਤਾਂ ਜਿਸ ਦਿਨ ਦਾ ਪੈਦਾ ਹੋਇਆ, ਅਸੀਂ ਤਾਂ ਜੀ ਤਪਾਏ ਪਏ ਆਂ। ਬਥੇਰੇ ਡਾਕਟਰਾਂ ਦੇ ਦਿਖਾ ਲਿਆ ਕੋਈ ਸਮਝ ਨੀਂ ਆਉਂਦੀ।'

ਉਹਨਾਂ ਦੀ ਇਹ ਗੱਲ ਮੇਰੇ ਕੰਨਾਂ ਵਿਚ ਸੂਈ ਵਾਂਗ ਆ ਚੁਭੀ। ਮੇਰਾ ਸਿਰ ਸੁੰਨ ਹੋ ਗਿਆ। ਮੈਂ ਮੰਮੀ ਦਾ ਮੋਢਾ ਹਿਲਾ ਕੇ ਉਹਨਾਂ ਤੋਂ ਪਾਣੀ ਦੀ ਬੋਤਲ ਮਸਾਂ ਫੜੀ ਤੇ ਇਕੋ ਸਾਹੇ ਅੱਧੀ ਬੋਤਲ ਪੀ ਗਿਆ। ਮੇਰਾ ਓਥੇ ਬੈਠੇ ਦਾ ਦਮ ਘੁਟ ਰਿਹਾ ਸੀ। ਮੈਨੂੰ ਸਾਹ ਨਹੀਂ ਸੀ ਆ ਰਿਹਾ। ਮੈਨੂੰ ਇੰਝ ਲੱਗੇ ਜਿਵੇਂ ਮੇਰੇ ਸਿਰ ਤੋਂ ਕਿਸੇ ਨੇ ਛੱਤ ਖੋਹ ਲਈ ਹੋਵੇ। ਉਹਨਾਂ ਦੀ ਇਹ ਗੱਲ ਮੇਰੇ ਕੰਨਾਂ ਵਿਚ ਗੂੰਜਣ ਲੱਗੀ। ਮੈਂ ਦੋਹਾਂ ਹੱਥਾਂ ਵਿਚ ਆਪਣਾ ਸਿਰ ਫ਼ੜ ਕੇ ਬਹਿ ਗਿਆ। ਠੀਕ ਹੀ ਤਾਂ ਕਹਿੰਦੇ ਨੇ ਇਹ ਵੀ। ਜਿਸ ਦਿਨ ਦਾ ਮੈਂ ਪੈਦਾ ਹੋਇਆਂ, ਇਹਨਾਂ ਨੂੰ ਤੰਗ ਹੀ ਕਰਦਾਂ। ਬਹੁਤ ਕੋਸ਼ਿਸ਼ ਕਰਦਾਂ ਇਹਨਾਂ ਨੂੰ ਖੁਸ਼ ਰੱਖਣ ਦੀ, ਪਰ ਫੇਰ ਕੁਝ ਐਸਾ ਹੋ ਜਾਂਦੈ ਜੋ ਸਭ ਕੁਝ ਹੂੰਝ ਕੇ ਲੈ ਜਾਂਦਾ।

ਜਦੋਂ ਮੈਂ ਬੀ.ਟੈੱਕ ਕਰਨ ਲਈ ਆਈ.ਆਈ.ਟੀ. ਜੰਮੂ ਗਿਆ ਤਾਂ ਮੈਂ ਬਹੁਤ ਖੁਸ਼ ਸੀ। ਘਰੋਂ ਤੁਰਨ ਲੱਗਿਆ ਮੈਂ ਮਨ 'ਚ ਇਹ ਗੱਲ ਧਾਰ ਕੇ ਤੁਰਿਆ ਸੀ ਬਈ ਹੁਣ ਬੁਰਾ ਸਮਾਂ ਲੰਘ ਗਿਆ। ਹੁਣ ਨਵੀਂ ਸ਼ੁਰੂਆਤ ਕਰਨੀ ਆ। ਮੈਂ ਆਪਣੇ ਮੰਮੀ ਪਾਪਾ ਨੂੰ ਬਹੁਤ ਮਾਣ ਮਹਿਸੂਸ ਕਰਾਉਣਾ। ਓਥੇ ਜਾ ਕੇ ਮੈਂ ਆਪਣਾ ਮਨ ਪੜ੍ਹਾਈ ਵਿਚ ਲਾ ਲਿਆ। ਪੂਰਾ ਮਨ ਲਾ ਕੇ ਪੜ੍ਹਾਈ ਕਰਦਾ ਤੇ ਹਰ ਕੰਮ ਵਧੀਆ ਤੋਂ ਵਧੀਆ ਕਰਨ ਦੀ ਕੋਸ਼ਿਸ਼ ਕਰਦਾ। ਪਰ ਮੇਰੀ ਪੇਸ਼ ਫੇਰ ਵੀ ਨਾ ਜਾਂਦੀ ਕਿਉਂਕਿ ਮੇਰਾ ਮਨ ਵੈਰੀ ਬਣਿਆ ਹੋਇਆ ਸੀ। ਵੈਸੇ ਜੇ ਸੱਚੀ ਗੱਲ ਦੱਸਾਂ ਤਾਂ ਮੇਰੇ ਮਨ ਤੋਂ ਵੀ ਵੱਡਾ ਦੁਸ਼ਮਣ ਮੇਰਾ ਸਰੀਰ ਹੀ ਆ ਜੀਹਦੇ ਕਰਕੇ ਸਭ ਕੁਝ ਚੰਗਾ ਭਲਾ ਚਲਦਾ-ਚਲਦਾ ਪੁੱਠੇ ਗੇੜ ਤੁਰ ਪੈਂਦਾ। ਮੇਰੇ ਕਾਲਿਜ ਵੀ ਮੇਰੇ ਨਾਲ਼ ਇਹੋ ਕੁਝ ਹੋਇਆ।

ਪਹਿਲਾ ਸਮੈਸਟਰ ਤਾਂ ਮੈਂ ਔਖੇ-ਸੌਖੇ ਨੇ ਪੂਰਾ ਕਰ ਲਿਆ ਪਰ ਦੂਜੇ ਸਮੈਸਟਰ 'ਚ ਪਹੁੰਚਦਿਆਂ ਹੀ ਮੇਰੇ ਮਨ ਨੇ ਮੈਨੂੰ ਦੱਬ ਲਿਆ। ਮੈਂ ਫਿਰ ਤੋਂ ਆਪਣੇ ਮਨ ਅੱਗੇ ਹਾਰ ਗਿਆ। ਮੇਰਾ ਕਾਲਿਜ ਜਾਣ ਨੂੰ ਜੀਅ ਨਾ ਕਰਦਾ। ਕਿਸੇ ਦੇ ਮੱਥੇ ਲੱਗਣ ਨੂੰ ਜੀਅ ਨਾ ਕਰਦਾ। ਮੈਂ ਚੁੱਪ ਕਰ ਕੇ ਕਮਰੇ 'ਚ ਪਿਆ ਰਹਿੰਦਾ। ਮੈਨੂੰ ਸਾਰਿਆਂ ਦੇ ਜਾਣ ਤੋਂ ਬਾਅਦ ਇਕੱਲੇ ਰਹਿਣਾ ਚੰਗਾ ਲੱਗਦਾ। ਇਸ ਕਰਕੇ ਮੈਂ ਉਡੀਕਦਾ ਰਹਿੰਦਾ ਕਿ ਕਦੋਂ ਸਾਰੇ ਕਮਰੇ 'ਚੋਂ ਬਾਹਰ ਜਾਣ ਤੇ ਮੈਂ ਇਕੱਲਾ ਏਥੇ ਬਿਨਾਂ ਕਿਸੇ ਨਾਲ਼ ਗੱਲ ਕਰੇ ਚੁੱਪ ਕਰ ਕੇ ਪਿਆ ਰਹਾਂ।

ਜਦੋਂ ਕਲਾਸਾਂ ਵਿਚ ਹਾਜ਼ਰੀ ਬਹੁਤ ਘਟ ਗਈ ਤਾਂ ਯੂਨੀਵਰਸਿਟੀ ਵੱਲੋਂ ਚਿੱਠੀ ਨਿੱਕਲ਼ੀ। ਮੇਰੇ ਰੂਮ ਮੇਟਸ ਨੇ ਮੇਰੇ ਘਰਦਿਆਂ ਨੂੰ ਫੋਨ ਕਰ ਦਿੱਤਾ। ਮੰਮੀ-ਪਾਪਾ ਵਿਚਾਰੇ ਕਾਰ ਲੈ ਕੇ ਭੱਜੇ ਆਏ। ਉਹ ਆਏ ਤਾਂ ਗੁੱਸੇ ਨਾਲ਼ ਸਨ ਪਰ ਮੇਰੀ ਹਾਲਤ ਦੇਖ ਕੇ ਡੌਰ-ਭੌਰ ਹੋ ਗਏ। ਮੈਨੂੰ ਉਹਨਾਂ

ਦੇ ਆਉਣ ਨਾਲ਼ ਕੋਈ ਫ਼ਰਕ ਨੀਂ ਸੀ ਪਿਆ। ਮੈਂ ਤਾਂ ਬੱਸ ਬੈੱਡ ‘ਤੇ ਪਿਆ ਛੱਤ ਵੱਲ ਝਾਕੀ ਜਾ ਰਿਹਾ ਸੀ। ਮੇਰੀ ਹਾਲਤ ਦੇਖ ਕੇ ਮੰਮੀ ਦਾ ਤਾਂ ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਕਾਲਿਜ ਤੋਂ ਮੈਨੂੰ ਛੁੱਟੀ ਦਿਵਾ ਕੇ ਉਹ ਮੈਨੂੰ ਘਰ ਲੈ ਆਏ। ਉਹਨਾਂ ਨੂੰ ਸਮਝ ਨਾ ਆਵੇ ਬਈ ਮੈਨੂੰ ਕਿਹੜੇ ਡਾਕਟਰ ਦੇ ਲੈ ਕੇ ਜਾਣ। ਫ਼ਿਰ ਪਾਪਾ ਦੇ ਦੋਸਤ ਨੇ ਇਸ ਡਾਕਟਰ ਦੀ ਦੱਸ ਪਾਈ। ਇਸ ਡਾਕਟਰ ਦੀ ਦਵਾਈ ਨਾਲ਼ ਤਕਰੀਬਨ ਇਕ ਮਹੀਨਾ ਬਾਅਦ ਮੈਂ ਘਰਦਿਆਂ ਨਾਲ਼ ਮਾੜੀ ਮੋਟੀ ਗੱਲਬਾਤ ਕਰਨ ਲੱਗਿਆ।

ਬੋਲਦਾ ਤਾਂ ਮੈਂ ਬਚਪਨ ਤੋਂ ਹੀ ਘੱਟ ਆਂ। ਮੈਨੂੰ ਕਿਸੇ ਨਾਲ਼ ਗੱਲ ਕਰਨ ਤੋਂ ਡਰ ਜਿਹਾ ਲੱਗਦਾ ਰਹਿੰਦਾ। ਮੈਂ ਤਾਂ ਆਪਣੇ ਕਜ਼ਨਜ਼ ਨਾਲ਼ ਵੀ ਘੱਟ-ਵੱਧ ਹੀ ਗੱਲ ਕਰਦਾ ਸੀ। ਇਕ ਤਾਂ ਮੈਂ ਪਤਲਾ ਬਹੁਤ ਸੀ ਤੇ ਉਹ ਸਾਰੇ ਗੋਭਲੇ ਜਿਹੇ। ਗੋਰੇ ਗੋਰੇ। ਹੈਗਾ ਤਾਂ ਮੈਂ ਹੁਣ ਵੀ ਪਤਲਾ ਹੀ ਹਾਂ ਤੇ ਮੇਰਾ ਤਾਂ ਰੰਗ ਵੀ ਕਾਲ਼ਾ ਆ। ਉਹ ਮੈਨੂੰ ‘ਕਾਲੂ’ ‘ਕਾਲੂ’ ਕਹਿ ਕੇ ਛੇੜਦੇ। ਇਸ ਕਰਕੇ ਮੈਂ ਉਹਨਾਂ ਨਾਲ਼ ਖੇਡਦਾ ਈ ਨਾ। ਜੇ ਮੰਮੀ ਤੋਂ ਝਿੜਕਾਂ ਖਾ ਕੇ ਕਦੇ ਲੱਗ ਵੀ ਜਾਂਦਾ ਤਾਂ ਛੇਤੀ ਓ ਮੇਰੀ ਉਹਨਾਂ ਨਾਲ਼ ਲੜਾਈ ਪੈ ਜਾਂਦੀ ਤੇ ਉਹ ਮੈਨੂੰ ਕੁੱਟ ਧਰਦੇ।

ਮੈਂ ਰੋਂਦਾ-ਰੋਂਦਾ ਮੰਮੀ ਕੋਲ਼ ਨੂੰ ਭੱਜਦਾ। ਉਹ ਖਿਝ ਕੇ ਮੇਰੇ ਹੀ ਚਪੇੜਾਂ ਧਰ ਦਿੰਦੀ। ਮੰਮੀ ਸ਼ਾਇਦ ਇਸ ਗੱਲ ਤੋਂ ਵੀ ਖਿਝੀ ਰਹਿੰਦੀ ਕਿ ਮੈਂ ਉਹਨਾਂ ਵਰਗਾ ਸੋਹਣਾ ਤੇ ਹੱਸਮੁੱਖ ਕਿਉਂ ਨੀ। ਉਹ ਮੈਨੂੰ ਕੁੱਟ-ਕੁੱਟ ਕੇ ਜ਼ਿਆਦਾ ਖਵਾਉਂਦੀ ਪਿਆਉਂਦੀ, ਪਰ ਮੇਰੇ ਅੰਦਰ ਤਾਂ ਜਿਵੇਂ ਕੁਝ ਪਚਦਾ ਹੀ ਨਹੀਂ ਸੀ। ਖਾਣ ਸਾਰ ਮੈਂ ਸਾਰੇ ਕਾਸੇ ਦੀ ਉਲਟੀ ਮਾਰ ਦਿੰਦਾ। ਉਹ ਹੋਰ ਖਿਝ ਜਾਂਦੀ ਤੇ ਮੇਰੇ ਹੋਰ ਚਪੇੜਾਂ ਜੜ ਦਿੰਦੀ। ਹੋਰ ਤਾਂ ਹੋਰ ਮੈਨੂੰ ਤਾਂ ਆਪਣੇ ਨਾਨਕੇ ਜਾਣਾ ਵੀ ਪਸੰਦ ਨੀ ਸੀ ਕਿਉਂਕਿ ਮੇਰੇ ਇਹ ਸਾਰੇ ਕਜ਼ਨ ਓਥੇ ਹੀ ਹੁੰਦੇ। ਮੈਨੂੰ ਉਹਨਾਂ ਵਿਚ ਘਿਰ ਕੇ ਘਬਰਾਹਟ ਹੁੰਦੀ। ਮੇਰਾ ਜੀਅ ਕਰਦਾ ਮੈਂ ਕਿਤੇ ਦੂਰ ਭੱਜ ਜਾਵਾਂ ਜਿੱਥੇ ਮੈਨੂੰ ਕੋਈ ਨਾ ਜਾਣਦਾ ਹੋਵੇ ਤੇ ਜਿੱਥੇ ਕੋਈ ਮੇਰਾ ਮਜ਼ਾਕ ਨਾ ਉਡਾਵੇ, ਜਿੱਥੇ ਮੈਨੂੰ ਸਾਰੇ ਪਿਆਰ ਕਰਨ। ਪਰ ਇੰਝ ਹੁੰਦਾ ਨੀ ਸੀ। ਆਹ ਹੁਣ ਵੀ ਮੈਨੂੰ ਮੰਮੀ ਵਾਲ਼ੀ ਗੱਲ ਸੁਣ ਕੇ ਇੰਝ ਲੱਗਦਾ ਜਿਵੇਂ ਮੈਨੂੰ ਕਿਸੇ ਨੇ ਸੰਘੀ ਤੋਂ ਫ਼ੜ ਲਿਆ ਹੋਵੇ।

‘ਐਕਸਕਿਊਜ਼ ਮੀ’ ਕਹਿੰਦਿਆਂ ਇਕ ਔਰਤ ਮੇਰੇ ਬਰਾਬਰ ਆ ਕੇ ਬੈਠ ਗਈ। ਉਹਦੇ ਨਾਲ਼ ਇਕ ਛੋਟਾ ਜਿਹਾ ਬੱਚਾ ਖੜ੍ਹਾ ਆ ਤੇ ਉਹਨੇ ਸਕੂਲ ਦੀ ਵਰਦੀ ਪਾਈ ਹੋਈ ਆ। ਮੈਂ ਟਾਈਮ ਦੇਖਿਆ ਤਾਂ ਪੂਰੇ ਸਾਢੇ ਬਾਰਾਂ ਵੱਜੇ ਹੋਏ ਨੇ। ਮੈਂ ਸਮਝ ਗਿਆ ਕਿ ਇਹਦੀ ਮੰਮੀ ਇਹਨੂੰ ਸਕੂਲੋਂ ਲਿਆ ਕੇ ਸਿੱਧਾ ਹੀ ਏਥੇ ਆ ਗਈ ਪਰ ਮੈਨੂੰ ਤਾਂ ਕੋਈ ਬਾਰਾਂ ਵਜੇ ਲੈਣ ਹੀ ਨਹੀਂ ਸੀ ਜਾਂਦਾ। ਪੂਰੇ ਦੋ ਵਜੇ ਤਕ ਸਕੂਲ ਰਹਿਣਾ ਪੈਂਦਾ। ਮੇਰੇ ਵਰਗੇ ਹੀ ਦਸ-ਬਾਰਾਂ ਬੱਚੇ ਹੋਰ ਵੀ ਸਨ ਜਿਨ੍ਹਾਂ ਦੇ ਮਾਂ-ਪਿਓ ਨੌਕਰੀਆਂ ‘ਤੇ ਹੋਣ ਕਾਰਨ ਲਿਜਾ ਨਹੀਂ ਸਨ ਸਕਦੇ। ਅਸੀਂ ਸਾਰੇ ਸੀਮਾ ਆਂਟੀ ਦੇ ‘ਕਲੋਜ਼ ਯੂਅਰ ਆਈਜ਼’ ਦੇ ਸਖਤ ਹੁਕਮ ਨਾਲ਼ ਕਮਰੇ ਵਿਚ ਵਿਛੀਆਂ ਦਰੀਆਂ ‘ਤੇ ਸਾਹ ਘੜੀਸ ਕੇ ਪੈ ਜਾਂਦੇ। ਕੋਈ ਮਾੜੀ-ਮੋਟੀ ਵੀ ਹਿਲਜੁਲ ਕਰਦਾ ਤਾਂ “ਸ਼ੱਟ ਅੱਪ ਚਿਲਡਰਨ! ਆਈ ਵਿੱਲ ਲੌਕ ਯੂ ਇਨ ਦ ਕੱਪਬੋਰਡ” ਦੀ ਆਵਾਜ਼ ਕੰਨੀਂ ਪੈਂਦਿਆਂ ਹੀ ਅਸੀਂ ਦੁਬਕ ਕੇ ਪੈ ਜਾਂਦੇ। ਅੱਖਾਂ ਮੀਚੀ ਪਏ ਜਦੋਂ ਗੂੜ੍ਹੀ ਨੀਂਦ ਸੌਂ ਜਾਂਦੇ ਤਾਂ ਦੋ ਵਜੇ ਦੀ ਛੁੱਟੀ ਵਾਲ਼ੀ ਘੰਟੀ ਸਾਡੇ ਸਿਰ ‘ਚ ਹਥੌੜੇ ਵਾਂਗ ਲੱਗਦੀ। ਅਸੀਂ ਹੜਬੜਾ ਕੇ ਉੱਠਦੇ। “ਪੁੱਟ ਔਨ ਯੂਅਰ ਸ਼ੂਜ਼ ਐਂਡ ਬੈਗਜ਼” ਦੀ ਆਵਾਜ਼ ਸੁਣ ਕੇ ਅਸੀਂ ਚਾਬੀ ਦਿੱਤੇ ਖਿਡੌਣੇ ਵਾਂਗ ਫ਼ਟਾਫਟ ਤਿਆਰ-ਬਰ-ਤਿਆਰ ਹੋ ਕੇ ਲਾਈਨ ‘ਚ ਖੜ੍ਹੇ ਹੋ ਕੇ ਆਪਣੇ ਮਾਪਿਆਂ ਨੂੰ ਉਡੀਕਣ ਲੱਗਦੇ।

“ਹਰਮਨਪ੍ਰੀਤ....!” ਡਾਕਟਰ ਦੀ ਅਸਿਸਟੈਂਟ ਨੇ ਮੇਰਾ ਨਾਂ ਲੈ ਕੇ ਆਵਾਜ਼ ਮਾਰੀ। ਮੈਂ ਆਪਣੀ ਕੁਰਸੀ ਤੋਂ ਉੱਠ ਕੇ ਖੜ੍ਹਾ ਹੋ ਗਿਆ। ਮੰਮੀ ਨੇ ਮੇਰੀਆਂ ਰਿਪੋਰਟਾਂ ਉੱਤੇ ਕਾਗ਼ਜ਼ ਪੱਤਰਾਂ ਵਾਲ਼ੀ ਫ਼ਾਈਲ ਲਿਫ਼ਾਫ਼ੇ ‘ਚੋਂ ਕੱਢ ਕੇ ਮੈਨੂੰ ਫੜਾ ਦਿੱਤੀ। ਮੇਰੇ ਅੱਗੇ ਇਕ ਸੂਟਡ-ਬੂਟਡ ਅੰਕਲ ਖੜ੍ਹਾ ਆ। ਉਹਦੇ ਨਾਲ਼ ਆਈ ਆਂਟੀ ਰਿਸੈਪਸ਼ਨਿਸਟ ਕੋਲ਼ ਖੜ੍ਹੀ ਕੋਈ ਗੱਲ ਕਰਨ ਲੱਗੀ ਹੋਈ ਆ। ਮੈਂ ਆਪਣੀ ਵਾਰੀ ਦੀ ਉਡੀਕ ਕਰ ਰਿਹਾਂ। ਮਨ ਨੂੰ ਕਾਹਲ ਪੈ ਰਹੀ ਆ ਬਈ ਛੇਤੀ ਅੰਦਰ

ਜਾ ਕੇ ਬੱਸ ਵਿਹਲਾ ਹੋ ਕੇ ਘਰ ਨੂੰ ਜਾਵਾਂ।

ਵੈਸੇ ਸੱਚ ਦੱਸਾਂ? ਇਹ ਡਾਕਟਰ ਮੈਨੂੰ ਬਿਲਕੁਲ ਚੰਗਾ ਨੀਂ ਲਗਦਾ ਕਿਉਂਕਿ ਇਹ ਤਾਂ ਆਪਣੇ ਮਰੀਜ਼ ਨਾਲ਼ ਬਹੁਤੀ ਗੱਲ ਹੀ ਨੀ ਕਰਦਾ। ਮਰੀਜ਼ ਦਾ ਮਨ ਤਾਂ ਫਰੋਲਦਾ ਹੀ ਨਹੀਂ। ਬਿਮਾਰੀ ਦਾ ਅਸਲ ਕਾਰਨ ਲੱਭਣ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਬੱਸ ਦੋ-ਚਾਰ ਮੋਟੀਆਂ-ਮੋਟੀਆਂ ਗੱਲਾਂ ਪੁੱਛ ਕੇ ਥੱਬਾ ਦਵਾਈਆਂ ਦਾ ਲਿਖ ਦਿੰਦਾ। ਇਹਨੂੰ ਕੋਈ ਪੁੱਛਣ ਵਾਲ਼ਾ ਹੋਵੇ ਭਲਾਂ ਅੰਦਰ ਤਾਂ ਮੇਰਾ ਓਵੇਂ ਜਿਵੇਂ ਭਰਿਆ ਪਿਆ। ਮਨ ਦਾ ਸਵਾਲ ਤਾਂ ਕੋਈ ਅਜੇ ਹੱਲ ਨੀਂ ਹੋਇਆ। ਦਿਮਾਗ਼ ਤਾਂ ਹਾਲੇ ਵੀ ਉਲਝਣਾਂ 'ਚ ਫ਼ਸਿਆ ਹੋਇਆ। ਹਾਂਅ ਏਨੀ ਗੱਲ ਜ਼ਰੂਰ ਆ ਬਈ ਹੁਣ ਨੀਂਦ ਸੋਹਣੀ ਆ ਜਾਂਦੀ ਆ। ਨਾਲ਼ੇ ਗੋਲੀਆਂ ਨਾਲ਼ ਸੁੰਨ ਹੋਇਆ ਦਿਮਾਗ਼ ਬਾਹਲ਼ੇ ਚੱਕਰਾਂ 'ਚ ਨੀ ਪੈਂਦਾ। ਇਸ ਡਾਕਟਰ ਦੀ ਇਕ ਗੱਲ ਹੋਰ ਵੀ ਮੈਨੂੰ ਬੁਰੀ ਲੱਗਦੀ ਆ। ਉਂਈਂ ਕਹੀ ਜਾਊ, "ਕਾਕਾ! ਜਿੰਮ ਜੁੰਮ ਜਾਇਆ ਕਰ। ਗੱਭਰੂ ਆਂ ਤੂੰ। ਨਾਲ਼ੇ ਦੋਸਤ ਬਣਾ ਆਪਣੇ।"

ਆਹੀ ਗੱਲ ਮੰਮੀ ਕਹੀ ਜਾਂਦੇ ਹੁੰਦੇ ਨੇ ਬਈ ਤੂੰ ਕਿਸੇ ਨਾਲ਼ ਬਣਾ ਕੇ ਨੀ ਰੱਖਦਾ। ਤੇਰਾ ਸੁਭਾਅ ਨੀ ਚੰਗਾ। ਤੇਰੀ ਉਮਰ 'ਚ ਜੁਆਕਾਂ ਦੇ ਐਨੇ ਦੋਸਤ ਹੁੰਦੇ ਆ। ਭਲਾਂ ਦੀ ਜੇ ਮੇਰੇ ਦੋਸਤ ਹੁੰਦੇ ਜਾਂ ਮੇਰੀ ਕਿਸੇ ਨਾਲ਼ ਬਣਦੀ ਹੁੰਦੀ ਤਾਂ ਸ਼ਾਇਦ ਮੇਰਾ ਇਹ ਹਾਲ ਹੁੰਦਾ ਈ ਨਾ। ਮਸਲਾ ਤਾਂ ਏਹੀ ਆ ਕਿ ਮੈਨੂੰ ਕੋਈ ਪਸੰਦ ਨੀ ਕਰਦਾ। ਮੇਰਾ ਕੋਈ ਦੋਸਤ ਨਾ ਬਣਦਾ ਸਗੋਂ ਉਹ ਤਾਂ ਮੇਰੇ ਪਤਲੇ ਸਰੀਰ ਦਾ ਮਜ਼ਾਕ ਉਡਾਉਂਦੇ। ਮੇਰੇ ਪੁੱਠੇ-ਪੁੱਠੇ ਨਾਂਅ ਧਰੀ ਜਾਂਦੇ। ਜਦੋਂ ਸਾਰੀ ਕਲਾਸ ਮੈਨੂੰ 'ਹੱਡੀ-ਹੱਡੀ' ਕਹਿ ਕੇ ਛੇੜਦੀ ਤਾਂ ਮੇਰਾ ਜੀਅ ਕਰਦਾ ਬਈ ਸਾਰਿਆਂ ਦੇ ਸਿਰ ਪਾੜ ਕੇ ਭੱਜ ਜਾਵਾਂ ਕਿਧਰੇ, ਪਰ ਮੈਂ ਇੰਝ ਕਰ ਨੀ ਸੀ ਸਕਦਾ। ਕਿਵੇਂ ਕਰਦਾ? ਮੇਰੀ ਕਿਹੜਾ ਕੋਈ ਗੱਲ ਸੁਣਦਾ ਸੀ। ਜੀਹਦੀ ਮਾਂ ਨੂੰ ਹੀ ਆਪਣਾ ਪੁੱਤ ਬੋਝ ਲੱਗਣ ਲੱਗ ਜਾਵੇ ਉਹ ਕੀ ਓ ਕਰ ਸਕਦਾ?

ਮੈਂ ਚੁੱਪ ਕਰਕੇ ਬੈਠਾ ਰਹਿੰਦਾ। ਕਲਾਸ ਰੂਮ ਦੇ ਖੂੰਜੇ 'ਚ ਬੈਠਾ ਮੈਂ ਆਪਣੀਆਂ ਕਿਤਾਬਾਂ ਫਰੋਲੀ ਜਾਂਦਾ ਪਰ ਦਿਮਾਗ਼ ਮੇਰਾ ਉਹਨਾਂ 'ਚ ਵੀ ਨਾ ਲੱਗਦਾ। ਫੇਰ ਮੇਰਾ ਜੀਅ ਕਰਦਾ ਆਪਣੀ ਮੰਮੀ ਦੀ ਬੁੱਕਲ਼ 'ਚ ਵੜ ਕੇ ਬਹੁਤ ਰੋਵਾਂ ਤੇ ਉਹਨਾਂ ਨੂੰ ਆਪਣੇ ਦੁੱਖ ਦੱਸਾਂ। ਆਪਣੇ ਮਨ ਦੇ ਸਾਰੇ ਡਰ ਦੱਸਾਂ। ਆਪਣੀਆਂ ਇਨਸਕਿਓਰਟੀਜ਼ ਦੱਸਾਂ। ਆਪਣੇ ਅੰਦਰ ਘਰ ਕਰੀ ਬੈਠੇ ਹੀਣ ਭਾਵਾਂ ਬਾਰੇ ਦੱਸਾਂ, ਪਰ ਮੇਰੀ ਗੱਲ ਸੁਣਨ ਦੀ ਉਹਨਾਂ ਕੋਲ ਵਿਹਲ ਹੀ ਨਹੀਂ ਸੀ। ਉਹ ਤਾਂ ਸਾਰਾ ਦਿਨ ਆਪਣੇ ਅਸ਼ਟਾਮਫ਼ਰੋਸ਼ੀ ਦੇ ਕੰਮ 'ਚ ਉਲਝੇ ਰਹਿੰਦੇ। ਥੱਕ-ਹਾਰ ਕੇ ਘਰੇ ਆਉਂਦੇ ਖਿਝੇ ਖਪੇ ਜਿਹੇ। ਉੱਪਰ ਦੀ ਜੇ ਮੈਂ ਕੋਈ ਗੱਲ ਕਰਨ ਲੱਗਦਾ ਤਾਂ ਉਹ ਹੋਰ ਤੜਫ਼ ਜਾਂਦੇ। ਨਤੀਜਾ ਇਹ ਹੋਇਆ ਕਿ ਮੈਂ ਦਸਵੀਂ ਤਕ ਪਹੁੰਚਦਾ-ਪਹੁੰਚਦਾ ਆਪਣੇ ਆਪ 'ਚ ਇਕੱਠਾ ਹੋ ਗਿਆ। ਮੈਂ ਆਪਣੇ ਆਪੇ ਨੂੰ ਅੰਦਰ ਸਮੇਟ ਲਿਆ।

ਗਿਆਰਵੀਂ ਜਮਾਤ 'ਚ ਘਰਦਿਆਂ ਨੇ ਮੈਨੂੰ ਨਾਨ ਮੈਡੀਕਲ ਲੈ ਦਿੱਤਾ। ਸਬਜੈਕਟ ਤਾਂ ਸਾਰੇ ਹੀ ਮੇਰੀ ਪਸੰਦ ਦੇ ਹੀ ਲਏ ਪਰ ਮੇਰਾ ਉਹਨਾਂ ਨੂੰ ਵੀ ਪੜ੍ਹਨ ਨੂੰ ਜੀਅ ਨਾ ਕਰਦਾ। ਸਕੂਲ ਵਿਚ ਟੀਚਰ ਡਾਂਟਦੇ ਤੇ ਘਰੇ ਮੇਰੇ ਘਰਦੇ। ਮੈਂ ਕੀ ਕਰਾਂ? ਕਿੱਧਰ ਨੂੰ ਜਾਵਾਂ? ਮਨ ਉੱਖੜਿਆ ਰਹਿੰਦਾ ਪਰ ਮਜਬੂਰੀ ਸੀ,ਪੜ੍ਹਨਾ ਤਾਂ ਪੈਣਾ ਸੀ। ਸਾਰਾ ਦਿਨ ਸਕੂਲ, ਟਿਊਸ਼ਨਾਂ ਤੇ ਕੋਚਿੰਗਾਂ 'ਚ ਉਲਝਿਆ ਮੈਂ ਪੜ੍ਹਨ ਵਾਲ਼ੀ ਮਸ਼ੀਨ ਬਣ ਗਿਆ। ਮੈਂ ਦਿਨ-ਰਾਤ ਕਿਤਾਬਾਂ ਖੋਲ੍ਹ ਕੇ ਬੈਠਾ ਰਹਿੰਦਾ। ਸੌਂਦਾ ਵੀ ਨਾ। ਮੈਨੂੰ ਏਨਾ ਪੜ੍ਹਦੇ ਨੂੰ ਦੇਖ ਕੇ ਘਰਦੇ ਖੁਸ਼ ਹੁੰਦੇ ਪਰ ਮੈਂ ਖੁਸ਼ ਨਹੀਂ ਸੀ। ਮੇਰੀ ਏਨੀ ਮਿਹਨਤ ਰੰਗ ਲਿਆਈ। ਰੈਂਕ ਭਾਵੇਂ ਪਿੱਛੇ ਹੀ ਸੀ ਪਰ ਮੈਨੂੰ ਆਈ.ਆਈ.ਟੀ ਜੰਮੂ ਵਿਚ ਦਾਖਲਾ ਮਿਲ਼ ਗਿਆ ਸੀ। ਘਰ ਦੇ ਓਨੇ ਖੁਸ਼ ਤਾਂ ਨਾ ਹੋਏ ਪਰ ਫ਼ੇਰ ਵੀ ਖੁਸ਼ ਸਨ।

ਮੈਨੂੰ ਘਰੋਂ ਨਿੱਕਲਣ ਦਾ ਚਾਅ ਸੀ। ਮੈਂ ਤਾਂ ਜਾਣੀਦੀ ਜੇਲ੍ਹ ਵਿਚੋਂ ਰਿਹਾਅ ਹੋਣਾ ਸੀ। ਆਪਣੀ ਉਡਾਣ ਆਪ ਭਰਨੀ ਸੀ। ਮੈਂ ਖੁਸ਼ ਸਾਂ ਆਪਣੇ ਖੰਭ ਫੈਲਾਉਣ ਲਈ। ਆਪਣੀ ਸੁਤੰਤਰ ਹੋਂਦ ਲਈ। ਹੱਡੀ ਤੋਂ ਹਰਮਨ ਬਣਨ ਲਈ।

ਹੋਸਟਲ ਜਾਣ ਲਈ ਅਜੇ ਹਫ਼ਤਾ ਬਾਕੀ ਸੀ। ਮੇਰਾ ਆਪਣੇ ਪਿੰਡ ਜਾਣ ਦਾ ਮਨ ਸੀ। ਮੰਮੀ

ਹੁਰਾਂ ਤੋਂ ਇਜਾਜ਼ਤ ਲੈ ਕੇ ਮੈਂ ਪਹਿਲੀ ਵਾਰ ਪਿੰਡ ਗਿਆ ਸੀ। ਆਪਣੇ ਦਾਦਾ-ਦਾਦੀ ਕੋਲ਼। ਪਿੰਡ ਵਿਚ ਵਸਦੇ ਉਹਨਾਂ ਦੇ ਛੋਟੇ ਜਿਹੇ ਪਰ ਵੱਡੇ ਸਾਰੇ ਵਿਹੜੇ ਵਾਲ਼ੇ ਘਰ ਵਿਚ। ਜਿਸ ਵਿਚ ਉਹਨਾਂ ਨੇ ਇਕ ਗਊ ਰੱਖੀ ਹੋਈ ਸੀ ਤੇ ਵਿਹੜੇ ਦੇ ਐਨ ਵਿਚਕਾਰ ਖੜ੍ਹਾ ਵੱਡਾ ਸਾਰਾ ਨਿੰਮ ਦਾ ਦਰੱਖਤ ਸਾਰੇ ਘਰ ਨੂੰ ਛਾਂ ਕਰੀ ਰੱਖਦਾ। ਰਾਤ ਨੂੰ ਸੌਣ ਵੇਲ਼ੇ ਵਿਹੜੇ ਵਿਚ ਮੇਜ਼ ਉੱਤੇ ਰੱਖਿਆ ਟੇਬਲ ਫ਼ੈਨ ਏਨੀ ਠੰਢੀ ਹਵਾ ਮਾਰਦਾ ਕਿ ਅੱਧੀ ਰਾਤ ਨੂੰ ਉੱਠ ਕੇ ਬੰਦ ਕਰਨਾ ਪੈਂਦਾ। ਮੈਂ ਸਵੇਰ ਦੀ ਰੁਮਕਦੀ ਹਵਾ 'ਚ ਹੋਰ ਗੂੜ੍ਹੀ ਨੀਂਦ ਸੌਂ ਜਾਂਦਾ।

ਜਦੋਂ ਕਾਫ਼ੀ ਦਿਨ ਚੜ੍ਹ ਜਾਂਦਾ ਤਾਂ ਪਰਾਉਂਠਿਆਂ ਦੀ ਸੁਗੰਧ ਨਾਲ਼ ਮੇਰੀ ਜਾਗ ਖੁੱਲ੍ਹਦੀ। ਜਦੋਂ ਮੈਂ ਅੱਖਾਂ ਖੋਲ੍ਹ ਕੇ ਦੇਖਦਾ ਤਾਂ ਦਾਦੀ ਮਾਂ ਪਰਾਉਂਠੇ ਲਾਹ ਰਹੀ ਹੁੰਦੀ ਤੇ ਦਾਦਾ ਜੀ ਕੋਲ਼ ਬੈਠੇ ਖਾ ਰਹੇ ਹੁੰਦੇ। ਮੈਨੂੰ ਉਹਨਾਂ ਦੀ ਸੁਗੰਧ ਨਾਲ਼ ਉੱਠਣ ਸਾਰ ਭੁੱਖ ਲੱਗ ਆਉਂਦੀ। ਫ਼ਟਾਫ਼ਟ ਬੁਰਸ਼ ਕਰ ਕੇ ਮੈਂ ਉਹਨਾਂ ਕੋਲ਼ ਜਾ ਬੈਠਦਾ ਤੇ ਮੱਖਣ ਨਾਲ਼ ਗਰਮ-ਗਰਮ ਪਰਾਉਂਠੇ ਖਾਣ ਲੱਗਦਾ। ਮੇਰੀ ਦਾਦੀ ਮਾਂ ਦੇ ਬਣਾਏ ਇਹਨਾਂ ਪਰਾਉਂਠਿਆਂ ਦੀ ਸੁਗੰਧ ਹਮੇਸ਼ਾ ਮੇਰੇ ਨਾਲ਼ ਰਹਿੰਦੀ ਹੈ। ਮੈਂ ਹੋਸਟਲ ਵੀ ਜਾ ਆਇਆ ਪਰ ਇਹ ਸੁਗੰਧ ਹਮੇਸ਼ਾ ਮੇਰੇ ਨਾਲ਼ ਰਹੀ। ਖਾਣਾ ਖਾ ਕੇ ਮੈਂ ਦਾਦਾ ਜੀ ਨਾਲ਼ ਦੁਕਾਨ 'ਤੇ ਜਾ ਬੈਠਦਾ ਕਿਉਂਕਿ ਦੁਕਾਨ 'ਤੇ ਬੈਠਣਾ ਮੈਨੂੰ ਬਹੁਤ ਚੰਗਾ ਲੱਗਦਾ। ਓਥੇ ਤਾਂ ਸਾਰਾ ਦਿਨ ਕੋਈ ਨਾ ਕੋਈ ਗਾਹਕ ਆਇਆ ਰਹਿੰਦਾ। ਮੈਂ ਭੱਜ -ਭੱਜ ਕੇ ਉਹਨਾਂ ਨੂੰ ਸੌਦੇ ਤੋਲਦਾ। ਸੌਦਾ ਲੈਣ ਆਈਆਂ ਬੁੜ੍ਹੀਆਂ ਮੇਰਾ ਸਿਰ ਪਲ਼ੋਸਦੀਆਂ ਹੋਈਆਂ ਆਖਦੀਆਂ, "ਮਾਂ ਸਦਕੇ! ਲਾਲਾ ਜੀ ਦਾ ਪੋਤਾ ਤਾਂ ਹੁਣ ਗੱਭਰੂ ਹੋ ਗਿਆ ਸੁੱਖ ਨਾਲ਼।"

ਮੈਂ ਖ਼ੁਸ਼ ਹੋ ਕੇ ਆਪਣੇ ਆਪ ਨੂੰ ਨਿਹਾਰਦਾ। ਮੈਨੂੰ ਆਪਣਾ ਆਪ ਚੰਗਾ-ਚੰਗਾ ਲੱਗਦਾ। ਮੈ ਸੋਚਦਾ, "ਹੈਂਅ! ਮੈਂ ਵੀ ਗੱਭਰੂ ਹੋ ਗਿਆ? ਮੈਨੂੰ ਵੀ ਕੋਈ ਪਿਆਰ ਕਰਦਾ? ਮੇਰੀ ਵੀ ਕੋਈ ਹੋਂਦ ਆ?"

ਮੇਰਾ ਜੀਅ ਕਰਦਾ ਮੈਂ ਏਥੇ ਹੀ ਰਹਿ ਪਵਾਂ। ਕਿੰਨਾ ਸਕੂਨ ਆ ਏਥੇ। ਬੱਸ ਸਭ ਕੁਝ ਛੱਡ ਕੇ ਦਾਦਾ ਜੀ ਨਾਲ਼ ਦੁਕਾਨਦਾਰੀ ਸਾਂਭਾਂ। ਇਹਨਾਂ ਦੀ ਸੇਵਾ ਕਰਾਂ। ਦਾਦੀ ਮਾਂ ਦੇ ਹੱਥਾਂ ਦਾ ਗਰਮ-ਗਰਮ ਖਾਣਾ ਖਾਵਾਂ। ਖੇਤਾਂ ਵਿਚ ਲਹਿਲਹਾਉਂਦੀਆਂ ਫ਼ਸਲਾਂ ਨੂੰ ਦੇਖਾਂ। ਕਿੰਨੀ ਸੋਹਣੀ ਜ਼ਿੰਦਗੀ ਹੋਵੇ। ਕੋਈ ਫ਼ਿਕਰ ਨੀ ਫ਼ਾਕਾ ਨੀ। ਬੱਸ ਮੌਜਾਂ ਕਰੋ।

ਮੇਰੇ ਪਿੰਡ ਦੀ ਇਕ ਗੱਲ ਮੈਨੂੰ ਹੋਰ ਵੀ ਚੰਗੀ ਲੱਗਦੀ। ਸਾਡੀ ਦੁਕਾਨ ਦੇ ਨਾਲ਼ ਹੀ ਪਿੰਡ ਦਾ ਦਰਵਾਜ਼ਾ ਸੀ। ਓਥੇ ਸਾਰਾ ਦਿਨ ਲੋਕ ਬੈਠੇ ਤਾਸ਼ ਖੇਡਦੇ ਰਹਿੰਦੇ। ਉੱਚੀ-ਉੱਚੀ ਗੱਲਾਂ ਕਰਦੇ। ਉੱਚੀ-ਉੱਚੀ ਹੱਸਦੇ। ਪਿੰਡ ਦੀ ਇਸ ਰੌਣਕ ਭਰੀ ਜ਼ਿੰਦਗੀ ਨੂੰ ਛੱਡ ਕੇ ਮੇਰਾ ਸ਼ਹਿਰ ਦੀ ਬੇਰੰਗ ਜ਼ਿੰਦਗੀ ਵਿਚ ਵਾਪਿਸ ਜਾਣ ਨੂੰ ਜੀਅ ਨਾ ਕਰਦਾ। ਪਿੰਡ ਦੀ ਸ਼ਾਮ ਵੀ ਬੜੀ ਪਿਆਰੀ ਹੁੰਦੀ। ਮੈਂ ਤੁਰਦਾ-ਤੁਰਦਾ ਪਿੰਡ ਦੇ ਬਾਹਰ-ਵਾਰ ਬਣੇ ਗਰਾਊਂਡ ਕੋਲ਼ ਆ ਜਾਂਦਾ। ਓਥੇ ਫ਼ੁੱਟਬਾਲ ਖੇਡਦੇ ਮੁੰਡਿਆਂ ਨੂੰ ਦੇਖ ਕੇ ਮੇਰਾ ਜੀਅ ਕਰਦਾ ਕਿ ਮੈਂ ਵੀ ਇਹਨਾਂ ਨਾਲ਼ ਖੇਡਾਂ ਪਰ ਮੇਰਾ ਮਨ ਉਦੋਂ ਹੀ ਮੇਰਾ ਵੈਰੀ ਬਣ ਖੜ੍ਹਦਾ ਤੇ ਮੈਂ ਸੋਚਣ ਲੱਗਦਾ, "ਮੈਂ ਤਾਂ ਪਤਲਾ ਜਿਹਾ ਹਾਂ। ਜੇ ਇਹ ਵੀ ਮੈਨੂੰ 'ਹੱਡੀ! ਹੱਡੀ!!' ਕਹਿ ਕੇ ਹੱਸਣ ਲੱਗੇ।"

ਮੇਰੇ ਸਿਰ 'ਚ 'ਹੱਡੀ! ਹੱਡੀ!!' ਗੂੰਜਣ ਲੱਗਿਆ। ਸਾਰੀ ਰਾਤ ਮੈਂ ਸੌਂ ਨਾ ਸਕਿਆ ਤੇ ਇਹਨਾਂ ਸ਼ਬਦਾਂ ਨਾਲ਼ ਸੰਘਰਸ਼ ਕਰਦਾ ਸਵੇਰ ਨੂੰ ਮੈਂ ਜੰਮੂ ਵਾਲ਼ੀ ਟ੍ਰੇਨ ਚੜ੍ਹ ਗਿਆ।

ਕਿੰਨੀ ਸੋਹਣੀ ਯੂਨੀਵਰਸਿਟੀ ਤੇ ਕਿੰਨਾ ਸ਼ਾਨਦਾਰ ਹੋਸਟਲ। ਜੰਮੂ ਪਹੁੰਚ ਕੇ 'ਸਭ ਅੱਛਾ ਹੈ' ਦਾ ਅਹਿਸਾਸ ਹੋਇਆ। ਕਾਗ਼ਜ਼ੀ-ਪੱਤਰੀ ਪੂਰੀ ਕਰਦਿਆਂ, ਦਾਖਲੇ ਦੀਆਂ ਰਸੀਦਾਂ ਤੇ ਹੋਸਟਲ ਦਾ ਕਮਰਾ ਅਲਾਟ ਕਰਾਉਂਦੇ ਨੂੰ ਸ਼ਾਮ ਪੈ ਗਈ। ਮੈਨੂੰ ਟ੍ਰਿਪਲ ਸ਼ੇਅਰਿੰਗ ਰੂਮ ਅਲਾਟ ਹੋਇਆ। ਜਦੋਂ ਮੈਂ ਸਮਾਨ ਲੈ ਕੇ ਹੋਸਟਲ ਦੇ ਕਮਰੇ ਅੰਦਰ ਦਾਖ਼ਲ ਹੋਇਆ ਤਾਂ ਮੇਰੇ ਨਾਲ਼ ਦੇ ਦੋਵੇਂ ਮੁੰਡੇ ਆਪੋ-ਆਪਣਾ ਸਮਾਨ ਟਿਕਾਈ ਬੈਠੇ ਸਨ। ਮੈਂ ਏਥੇ ਵੀ ਪਿੱਛੇ ਰਹਿ ਗਿਆ ਸੀ। ਮੇਰੇ ਹਿੱਸੇ ਸਭ ਤੋਂ ਮਗਰਲਾ ਬੈੱਡ ਆਇਆ। ਮੈਂ ਉਹਨਾਂ ਨਾਲ਼ ਹੱਥ ਮਿਲ਼ਾ ਕੇ ਚੁੱਪ-ਚਾਪ ਆਪਣਾ ਸਮਾਨ

ਟਿਕਾਉਣ ਲੱਗਿਆ। ਮੈਨੂੰ ਆਏਂ ਲੱਗੇ ਜਿਵੇਂ ਉਹ ਅੱਖਾਂ-ਅੱਖਾਂ 'ਚ ਇਸ਼ਾਰੇ ਕਰ ਕੇ ਮੇਰੇ ਪਤਲੇ ਸਰੀਰ 'ਤੇ ਹੱਸ ਰਹੇ ਹੋਣ।

ਥੋੜ੍ਹੇ ਕੁ ਟਾਈਮ ਬਾਅਦ ਹੀ ਅਸੀਂ ਆਪਸ ਵਿਚ ਗੱਲਾਂ ਮਾਰਨ ਲੱਗੇ। ਛੋਟੀਆਂ-ਛੋਟੀਆਂ ਗੱਲਾਂ ਕਰਦੇ ਅਸੀਂ ਇਕ-ਦੂਜੇ ਦਾ ਥਾਂ ਟਿਕਾਣਾ ਪੁੱਛਣ ਲੱਗੇ। ਗੱਲਾਂ ਮਾਰਦਿਆਂ ਤੇ ਸਮਾਨ ਟਿਕਾਉਂਦਿਆਂ ਡਿਨਰ ਦਾ ਟਾਈਮ ਹੋ ਗਿਆ। ਖਾਣਾ ਖਾ ਕੇ ਕਿੰਨਾ ਹੀ ਟਾਈਮ ਅਸੀਂ ਬਾਹਰ ਘੁੰਮਦੇ ਰਹੇ। ਮੈਨੂੰ ਮਹਿਸੂਸ ਹੋਇਆ ਕਿ ਉਹ ਚੰਗੇ ਮੁੰਡੇ ਨੇ।

ਸਾਨੂੰ ਅਗਲੇ ਦੋ-ਤਿੰਨ ਦਿਨਾਂ ਵਿਚ ਕਲਾਸਾਂ ਦਾ, ਕਮਰਿਆਂ ਦਾ , ਪ੍ਰੋਫ਼ੈਸਰਾਂ ਦਾ , ਟਾਈਮ-ਟੇਬਲ ਦਾ ਸਾਰਾ ਪਤਾ ਲੱਗ ਗਿਆ। ਸਵੇਰੇ ਨੌਂ ਵਜੇ ਤੋਂ ਸ਼ਾਮ ਪੰਜ ਵਜੇ ਤਕ ਕਲਾਸਾਂ ਹੁੰਦੀਆਂ। ਪਹਿਲਾ ਹਫ਼ਤਾ ਤਾਂ ਸੁੱਖੀਂ-ਸਾਂਦੀਂ ਨਿੱਕਲ਼ ਗਿਆ। ਫ਼ੇਰ ਰੈਗਿੰਗ ਦਾ ਦੌਰ ਚੱਲ ਪਿਆ। ਮੈਂ ਤਾਂ ਸੋਚਦਾ ਸੀ ਕਿ ਹੁਣ ਰੈਗਿੰਗ ਕਨੂੰਨੀ ਤੌਰ 'ਤੇ ਬੰਦ ਕਰ ਦਿੱਤੀ ਗਈ ਆ ਪਰ ਸਭ ਪਾਸੇ ਘਾਲ਼ਾ-ਮਾਲ਼ਾ ਸੀ। ਸਾਡੀ ਉਹ ਰੈਗਿੰਗ ਹੋਈ ਕਿ ਰਹੇ ਰੱਬ ਦਾ ਨਾਂ। ਸਾਰੇ ਕੁਮੈਂਟ ਮੇਰੇ ਸਰੀਰ 'ਤੇ ਸਨ। ਵਾਰੀ ਆਉਣ 'ਤੇ ਮੈਂ ਅਜੇ ਖੜ੍ਹਾ ਹੋਇਆ ਹੀ ਸੀ ਕਿ ਪਿੱਛਿਓਂ ਆਵਾਜ਼ਾਂ ਆਉਣ ਲੱਗੀਆਂ,

"ਕਿਆ ਬਾਡੀ ਹੈ ਯਾਰ!"

"ਕਹਾਂ ਸੇ ਆਏ ਓ ਭਾਈ?"

"ਪੰਜਾਬ ਸੇ?"

"ਵਾਹ! ਵਾਹ!! ਪੰਜਾਬੀ ਮਾਂ ਕਾ ਸ਼ੇਰ ਪੁੱਤਰ।"

ਤੇ ਮੇਰਾ ਨਾਂ ਪੱਕ ਗਿਆ, 'ਕਾਂਗੜੀ ਪਹਿਲਵਾਨ।'

ਮੈਂ ਜਿੱਧਰ ਵੀ ਜਾਂਦਾ 'ਕਾਂਗੜੀ ਪਹਿਲਵਾਨ' ਮੇਰੇ ਮਗਰ ਮਗਰ। ਕਈ ਵਾਰੀ ਕੋਈ ਕੁਝ ਬੋਲਦਾ ਵੀ ਨਾ ਪਰ ਮੈਨੂੰ ਊਂਈਂ ਆਵਾਜ਼ਾਂ ਸੁਣੀ ਜਾਂਦੀਆਂ। ਮੈਂ ਇਹ ਗੂਗਲ 'ਤੇ ਸਰਚ ਕਰਿਆ ਸੀ ਕਿ ਕਈ ਵਾਰੀ ਬੰਦੇ ਦੇ ਮਨ ਵਿਚ ਵਹਿਮ ਚੱਲ ਪੈਂਦੇ ਨੇ। ਕਿਸੇ ਗੱਲ ਬਾਰੇ ਲੰਮਾ ਸਮਾਂ ਸੋਚਣ 'ਤੇ ਬੰਦੇ ਨੂੰ ਓਹੀ ਕੁਝ ਦਿਸਣ ਲੱਗ ਜਾਂਦਾ, ਓਹੀ ਕੁਝ ਸੁਣਨ ਲੱਗ ਜਾਂਦਾ, ਜਿਹੋ ਜਿਹਾ ਉਹ ਸੋਚਦਾ। ਮੇਰੇ ਜਮਾਤੀ ਮੁੰਡੇ-ਕੁੜੀਆਂ ਆਪੋ-ਆਪਣੇ ਗਰੁੱਪਾਂ ਵਿਚ ਚਹਿਕਦੇ ਫ਼ਿਰਦੇ ਪਰ ਮੈਂ ਕਿਸੇ ਗਰੁੱਪ 'ਚ ਨਾ ਵੜਦਾ। ਗੱਲ ਇਹ ਨਹੀਂ ਸੀ ਕਿ ਮੈਨੂੰ ਕੋਈ ਬੁਲਾਉਂਦਾ ਨੀ ਸੀ। ਮੈਂ ਆਪ ਹੀ ਕਿਸੇ ਨਾਲ਼ ਨਹੀਂ ਸੀ ਬੋਲਦਾ। ਮੈਂ ਤਾਂ ਸਗੋਂ ਘਰ ਨਾਲੋਂ ਵੀ ਔਖਾ ਹੋ ਗਿਆ। ਕਲਾਸ ਤੋਂ ਹੋਸਟਲ ਰੂਮ ਅਤੇ ਹੋਸਟਲ ਦੇ ਕਮਰੇ ਤੋਂ ਕਲਾਸਰੂਮ ਤਕ ਸਿਮਟ ਗਿਆ। ਹੌਲ਼ੀ- ਹੌਲ਼ੀ ਕਲਾਸਾਂ 'ਚ ਜਾਣਾ ਵੀ ਘਟਾ ਦਿੱਤਾ। ਬੱਸ ਹੌਸਟਲ ਰੂਮ 'ਚ ਪਿਆ ਛੱਤ ਵੱਲ ਝਾਕੀ ਜਾਂਦਾ।

"ਅਬ ਤਬੀਅਤ ਕੈਸੀ ਹੈ ਮਿਸਟਰ ਹਰਮਨ?" ਡਾਕਟਰ ਨੇ ਮੁਸਕਰਾਉਂਦਿਆਂ ਪੁੱਛਿਆ।

"ਕਾਫ਼ੀ ਠੀਕ ਹੂੰ ਜੀ।" ਮੇਰਾ ਸੰਖੇਪ ਉੱਤਰ ਸੁਣ ਕੇ ਡਾਕਟਰ ਨੇ ਮੰਮੀ ਵੱਲ ਦੇਖਿਆ।

ਉਹਨਾਂ ਦੀਆਂ ਅੱਖਾਂ ਵਿੱਚ ਬੇਵਸੀ ਦਾ ਪਾਣੀ ਸੀ। ਮੈਨੂੰ ਆਪਣੀ ਮੰਮੀ ਦਾ ਇਹ ਰੂਪ ਦੇਖ ਕੇ ਬਹੁਤ ਗ਼ੁੱਸਾ ਚੜ੍ਹਦਾ। ਤਾਂ ਕੀ ਹੋ ਗਿਆ। ਡਿਪ੍ਰੈਸ਼ਨ ਹੀ ਆ। ਹੋ ਜਾਊਂ ਮੈਂ ਆਪੇ ਠੀਕ। ਜਦੋਂ ਤਾਂ ਮੇਰੀ ਕੋਈ ਗੱਲ ਸੁਣਨ ਤੋਂ ਪਹਿਲਾਂ ਹੀ ਥੱਪੜ ਜੜ ਦਿੰਦੇ ਸੀ। ਨਾਲ਼ੇ ਮੇਰੀਆਂ ਅੱਖਾਂ ਦੀ ਬੇਵਸੀ ਉਦੋਂ ਕਿਉਂ ਨਾ ਦਿਸੀ ਜਦੋਂ ਮੈਨੂੰ ਧੱਕੇ ਨਾਲ਼ ਹੀ ਕਿਸੇ ਨਾ ਕਿਸੇ ਗੇਮ 'ਚ ਅੜਾ ਦਿੰਦੇ ਸੀ। ਮੈਂ ਇਹਨਾਂ ਦੀਆਂ ਬਹੁਤ ਮਿੰਨਤਾਂ ਕਰਦਾ ਬਈ ਮੈਂ ਗਰਾਊਂਡ ਵਿਚ ਨਹੀਂ ਖੇਡਣਾ। ਲੋਕ ਮੇਰੇ ਸਰੀਰ ਦਾ ਮਜ਼ਾਕ ਉਡਾਉਂਦੇ ਨੇ ਪਰ ਕੋਈ ਨਾ ਸੁਣਦਾ। ਜਦੋਂ ਹੀ ਮੈਂ ਮੰਮੀ ਦੇ ਐਕਟਿਵਾ ਤੋਂ ਉਤਰ ਕੇ ਗਰਾਊਂਡ ਵੱਲ ਨੂੰ ਤੁਰਦਾ ਤਾਂ ਮੇਰੇ ਕੰਨਾਂ 'ਚ 'ਹੱਡੀ! ਹੱਡੀ!' ਗੂੰਜਣ ਲੱਗਦਾ ਤੇ ਮੈਂ ਵਾਪਿਸ ਆਪਣੀ ਮੰਮੀ ਵੱਲ ਨੂੰ ਭੱਜ ਲੈਂਦਾ। ਪਰ ਉਹ ਮੇਰੇ ਕੰਨ 'ਤੇ ਚਪੇੜ ਜੜ ਕੇ ਮੈਨੂੰ ਗਰਾਊਂਡ ਵੱਲ ਨੂੰ ਧੱਕਾ ਦੇ ਕੇ ਵਾਪਿਸ ਮੁੜ ਜਾਂਦੇ। ਮੈਂ ਗਰਾਊਂਡ ਦੇ ਬਾਹਰ ਖੜ੍ਹਾ ਆਪਣੇ ਅੱਥਰੂ ਪੂੰਝਦਾ ਰਹਿੰਦਾ। ਜਦੋਂ ਇਹੀ ਕੁਝ ਹੁੰਦੇ ਨੂੰ ਕਾਫੀ ਦਿਨ ਲੰਘ ਗਏ ਤਾਂ ਮੈਂ ਇਕ ਸਕੀਮ ਘੜ ਲਈ। ਜਦੋਂ ਹੀ ਮੰਮੀ ਮੈਨੂੰ ਛੱਡ ਕੇ ਵਾਪਿਸ ਜਾਂਦੇ ਮੈਂ ਗਰਾਊਂਡ ਦੇ ਛੋਟੇ ਗੇਟ ਰਾਹੀਂ ਬਾਹਰ ਨਿੱਕਲ਼ ਆਉਂਦਾ

ਤੇ ਪੂਰਾ ਘੰਟਾ ਡੇਢ ਘੰਟਾ ਸੜਕਾਂ ਕੱਛਦਾ ਰਹਿੰਦਾ। ਜਦੋਂ ਮੰਮੀ ਦੇ ਆਉਣ ਦਾ ਟਾਈਮ ਹੁੰਦਾ ਤਾਂ ਮੈਂ ਓਸੇ ਗੇਟ ਰਾਹੀਂ ਅੰਦਰ ਵੜ ਕੇ ਵੱਡੇ ਗੇਟ ਰਾਹੀਂ ਬਾਹਰ ਨਿੱਕਲਦਾ ਅਤੇ ਉਹਨਾਂ ਦੇ ਐਕਟਿਵਾ ਮੂਹਰੇ ਜਾ ਖੜ੍ਹਦਾ।

ਹੁਣ ਵੀ ਮੈਂ ਹਸਪਤਾਲ ਵਿਚੋਂ ਬਾਹਰ ਨਿੱਕਲ਼ ਕੇ , ਮੰਮੀ ਦੇ ਐਕਟਿਵਾ ਕੋਲ਼ ਆ ਖੜ੍ਹਿਆ ਹਾਂ। ਉਹ ਮੇਰੇ ਪਿੱਛੇ ਪਿੱਛੇ ਦਵਾਈਆਂ ਦਾ ਲਿਫ਼ਾਫ਼ਾ ਸਾਂਭਦੇ ਆਏ ਤੇ ਅਸੀਂ ਘਰ ਨੂੰ ਚੱਲ ਪਏ। ਮੈਂ ਮੰਮੀ ਦੇ ਐਕਟਿਵਾ ਮਗਰ ਉਹਨਾਂ ਨਾਲ ਚਿਪਕ ਕੇ ਬੈਠ ਗਿਆ ਕਿਉਂਕਿ ਮੈਨੂੰ ਸੜਕ 'ਤੇ ਜਾਂਦਿਆਂ ਬਹੁਤ ਡਰ ਲੱਗਦਾ ਆ। ਤਾਂ ਹੀ ਤਾਂ ਮੈਂ ਅਜੇ ਤਕ ਡ੍ਰਾਈਵਿੰਗ ਨੀ ਸਿੱਖ ਸਕਿਆ। ਏਸੇ ਕਰਕੇ ਪਾਪਾ ਮੈਨੂੰ ਨਿਕੰਮਾ ਆਖਦੇ ਨੇ। ਮੰਦ-ਬੁੱਧੀ ਵੀ ਆਖਦੇ ਨੇ। ਉਹ ਤਾਂ ਕਦੇ-ਕਦੇ ਮੇਰੇ ਤੋਂ ਖਿਝ ਕੇ ਮੇਰੇ ਚਪੇੜਾਂ ਵੀ ਜੜ ਦਿੰਦੇ ਨੇ। ਮੈਨੂੰ ਲਗਦਾ ਹੁੰਦਾ ਜਿਵੇਂ ਇਹ ਸੋਚਦੇ ਹੋਣ 'ਕਿਹੋ ਜਿਹਾ ਨਿਕੰਮਾ ਮੁੰਡਾ ਪੱਲੇ ਪੈ ਗਿਆ'। ਇਹ ਨਹੀਂ ਜਾਣਦੇ ਕਿ ਮੇਰੇ ਮਨ 'ਤੇ ਕੀ ਬੀਤਦੀ ਆ। ਮੈਂ ਕਿੰਨਾ ਗਿਲਟੀ ਰਹਿਨਾਂ ਸਾਰਾ ਦਿਨ ਪਰ ਇਹਨਾਂ ਨੂੰ ਕੀ ਫ਼ਰਕ ਪੈਂਦਾ। ਇਹ ਤਾਂ ਆਪਣੀ ਸਾਰੀ ਫਰੱਸਟਰੇਸ਼ਨ ਮੇਰੇ 'ਤੇ ਕੱਢ ਲੈਂਦੇ ਆ। ਮੈਂ ਵਿਚਾਰਾ ਚਪੇੜਾਂ ਖਾ ਕੇ ਅੰਦਰ ਵੜ ਕੇ ਰੋ ਲੈਨਾਂ ਆਪਣੀ ਵਿਚਾਰਗੀ 'ਤੇ। ਆਪਣੀ ਬੇਵਸੀ 'ਤੇ। ਮੈਂ ਬਿਲਕੁਲ ਇਕੱਲਾ ਹੋ ਜਾਨਾਂ। ਘਬਰਾ ਜਾਨਾਂ।

ਘਬਰਾਇਆ ਤਾਂ ਮੈਂ ਹੁਣ ਵੀ ਬੈਠਾਂ ਆਪਣੀ ਮੰਮੀ ਦੇ ਐਕਟਿਵਾ ਮਗਰ। ਆਲ਼ੇ-ਦੁਆਲ਼ੇ ਜਾਂਦੀਆਂ ਤੇਜ਼ ਗੱਡੀਆਂ ਦੇ ਉੱਚੀ ਵੱਜਦੇ ਹਾਰਨ ਸਿੱਧੇ ਮੇਰੇ ਅੰਦਰ ਵੱਜਦੇ ਨੇ। ਮੈਂ ਧੁਰ ਅੰਦਰ ਤਕ ਕੰਬ ਜਾਂਦਾ ਹਾਂ। ਬਰਾਬਰ ਦੀ ਲੰਘੇ ਜਾਂਦੇ ਮੋਟਰਸਾਈਕਲ ਦੇ ਉੱਚੀ ਹਾਰਨ ਨੂੰ ਸੁਣ ਕੇ ਇਕਦਮ ਡਰ ਕੇ ਝਾਕਦਾ ਹਾਂ। ਉਹਦੇ ਮੂਹਰੇ ਸੱਤ-ਅੱਠ ਕੁ ਸਾਲ ਦਾ ਮੁੰਡਾ ਐਨਕਾਂ ਲਾਈ ਬੈਠਾ ਹਵਾ ਨਾਲ਼ ਕਲੋਲਾਂ ਕਰ ਰਿਹਾ ਆ। ਉਹਨੂੰ ਦੇਖ ਕੇ ਮੈਂ ਵੀ ਪਾਪਾ ਦੇ ਮੋਟਰ ਸਾਈਕਲ ਦੇ ਮੂਹਰੇ ਬੈਠ ਗਿਆ।

ਜਦੋਂ ਮੈਂ ਤੀਜੀ ਜਮਾਤ 'ਚ ਹੋਇਆ ਤਾਂ ਛੁੱਟੀ ਤੋਂ ਬਾਅਦ ਪਾਪਾ ਮੈਨੂੰ ਖਾਣਾ ਵਗੈਰਾ ਖਵਾ ਕੇ ਆਪਣੇ ਨਾਲ਼ ਹੀ ਆਫ਼ਿਸ ਲੈ ਜਾਂਦੇ। ਆਫ਼ਿਸ ਤਾਂ ਕਹਿਣ ਨੂੰ ਹੀ ਆ, ਅਸਲ 'ਚ ਤਾਂ ਉਹ ਇਕ 'ਜੀਵਨ ਬੀਮਾ ਕੰਪਨੀ' ਦੇ ਏਜੰਟ ਨੇ। ਲੋਕਾਂ ਦੇ ਘਰ-ਘਰ ਜਾ ਕੇ ਬੀਮਾ ਕਰਦੇ ਨੇ। ਉਹਨਾਂ ਨੇ ਜੀਹਦੇ ਘਰ ਵੀ ਜਾਣਾ ਹੁੰਦਾ ਉਹ ਉਹਨਾਂ ਦੇ ਗੇਟ ਅੱਗੇ ਮੋਟਰ ਸਾਈਕਲ ਖੜ੍ਹਾ ਕਰਕੇ ਅਗਲੇ ਦੇ ਘਰ ਦੀ ਡੋਰ-ਬੈੱਲ ਕਰਦੇ। ਅਗਲੇ ਦੇ ਘਰ ਬੈਠਣ ਸਾਰ ਪਾਣੀ ਦਾ ਗਿਲਾਸ ਪੀ ਕੇ ਬੜੇ ਤਪਾਕ ਨਾਲ਼ ਗੱਲ ਸ਼ੁਰੂ ਕਰਦੇ, "ਭਾਈ ਸਾਹਬ! ਰੱਬ ਨਾ ਕਰੇ , ਕੱਲ੍ਹ ਕਲਾਰ ਨੂੰ ਤੁਹਾਨੂੰ ਕੁਝ ਹੋ ਜਾਵੇ ਤਾਂ ਤੁਸੀਂ ਆਪਣੇ ਪਰਿਵਾਰ ਬਾਰੇ ਕੁਝ ਸੋਚਿਆ?"

ਸਾਹਮਣੇ ਵਾਲ਼ਾ ਹੈਰਾਨੀ ਜਿਹੀ ਨਾਲ਼ ਉਹਨਾਂ ਵੱਲ ਦੇਖਦਾ 'ਨਾਂਹ' ਵਿਚ ਸਿਰ ਹਿਲਾਉਂਦਾ ਤੇ ਪਾਪਾ ਆਪਣੀ ਅਗਲੀ ਗੱਲ ਸ਼ੁਰੂ ਲੈਂਦੇ, "ਭਾਈ ਸਾਹਿਬ! ਤੁਹਾਨੂੰ ਆਪਣਾ ਜੀਵਨ ਬੀਮਾ ਕਰਵਾਉਣਾ ਚਾਹੀਦਾ ਤਾਂ ਜੋ ਤੁਹਾਡੇ ਤੋਂ ਬਾਅਦ ਪਰਿਵਾਰ ਨੂੰ ਰੁਲਣਾ ਨਾ ਪਵੇ।"

ਏਨਾ ਕਹਿ ਕੇ ਉਹ ਆਪਣੇ ਬੈਗ ਵਿਚੋਂ ਕਾਗ਼ਜ਼-ਪੱਤਰ ਕੱਢਦੇ ਤੇ ਸਾਹਮਣੇ ਵਾਲ਼ੇ ਨੂੰ ਇੰਸ਼ੋਰੈਂਸ ਪਾਲਿਸੀ ਬਾਰੇ ਸਮਝਾਉਣ ਲੱਗਦੇ। ਮੈਨੂੰ ਹੋਰ ਗੱਲਾਂ ਤਾਂ ਘੱਟ ਹੀ ਸਮਝ ਪੈਂਦੀਆਂ ਪਰ ਉਹਨਾਂ ਦੀਆਂ ਤਿੰਨ ਗੱਲਾਂ ਮੇਰੇ ਅੰਦਰ ਡਰ ਬਣ ਕੇ ਉੱਤਰ ਗਈਆਂ। ਜਦੋਂ ਪਾਪਾ ਬੋਲਦੇ, "ਅਗਰ ਤੁਹਾਡੀ ਮੌਤ ਪਾਣੀ ਵਿਚ ਡੁੱਬਣ ਨਾਲ਼, ਅੱਗ ਵਿਚ ਸੜਨ ਨਾਲ਼, ਰੋਡ ਐਕਸੀਡੈਂਟ ਨਾਲ਼ ਹੁੰਦੀ ਆ।" "ਤਾਂ ਤੁਹਾਡੇ ਘਰਦਿਆਂ ਨੂੰ ....।" ਜਿਉਂ-ਜਿਉਂ ਪਾਪਾ ਇਹ ਗੱਲਾਂ ਬੋਲਦੇ ਮੈਂ ਡਰ ਕੇ ਉਹਨਾਂ ਦੀ ਵੱਖੀ 'ਚ ਨੂੰ ਵੜੀ ਜਾਂਦਾ।

ਮੈਂ ਇਹਨਾਂ ਤਿੰਨਾਂ ਗੱਲਾਂ ਤੋਂ ਬਹੁਤ ਡਰਨ ਲੱਗ ਪਿਆ। ਮੈਨੂੰ ਵਗਦੇ ਪਾਣੀ ਵਿਚ ਲਾਸ਼ਾਂ ਤਰਦੀਆਂ ਦਿਸਦੀਆਂ। ਅੱਗ ਦੇ ਲਾਂਬੂਆਂ ਵਿਚ ਬੰਦੇ ਸੜਦੇ ਦਿਸਦੇ। ਜੇ ਸੜਕ 'ਤੇ ਜਾਂਦੇ ਹੁੰਦੇ ਤਾਂ ਮੈਨੂੰ ਸਾਰੀਆਂ ਗੱਡੀਆਂ ਆਪਸ ਵਿਚ ਭਿੜਦੀਆਂ, ਲਾਸ਼ਾਂ ਦੇ ਢੇਰਾਂ ਵਿਚ ਬਦਲਦੀਆਂ ਲੱਗਦੀਆਂ। ਮੈਂ ਰਾਤ ਨੂੰ ਪਿਆ ਵੀ ਸੋਚੀ ਜਾਇਆ ਕਰਾਂ। ਕਿਤੇ ਸਾਡੇ ਘਰ ਨੂੰ ਅੱਗ ਨਾ ਲੱਗ ਜਾਵੇ। ਕਿਤੇ ਮੇਰੇ

ਮੰਮੀ-ਪਾਪਾ ਐਕਸੀਡੈਂਟ....। ਰਾਤ ਨੂੰ ਪਿਆ-ਪਿਆ ਮੈਂ ਚੀਕ ਮਾਰ ਕੇ ਉੱਠਦਾ। ਮੇਰੇ ਅੰਦਰ ਅਜਿਹਾ ਡਰ ਬੈਠ ਗਿਆ ਜੀਹਦੇ ਕਰਕੇ ਮੈਂ ਬਿਮਾਰ ਰਹਿਣ ਲੱਗਿਆ।

ਘਰ ਦੇ ਡਾਕਟਰ ਦੇ ਲੈ ਜਾਂਦੇ। ਦਵਾਈ ਨਾਲ਼ ਦੋ ਕੁ ਦਿਨ ਠੀਕ ਰਹਿੰਦਾ ਫ਼ੇਰ ਓਹੀ ਕੁਝ। ਜਦ ਮੈਂ ਵਾਰ-ਵਾਰ ਬਿਮਾਰ ਹੋਈ ਗਿਆ ਤਾਂ ਡਾਕਟਰ ਨੇ ਪਾਪਾ ਨੂੰ ਕਿਹਾ ਕਿ ਹੋ ਸਕਦਾ ਤੁਹਾਡੇ ਬੱਚੇ ਨੂੰ ਕੋਈ ਮਾਨਸਿਕ ਪ੍ਰੇਸ਼ਾਨੀ ਹੋਵੇ ਜਾਂ ਇਹਦੇ ਅੰਦਰ ਕੋਈ ਡਰ ਬੈਠ ਗਿਆ ਹੋਵੇ। ਤੁਸੀਂ ਬੱਚੇ ਵੱਲ ਧਿਆਨ ਦੇਵੋ। ਇਹਨੂੰ ਵਡਿਆ ਕੇ ਪੁੱਛੋ ਪਰ ਉਹਨਾਂ ਕੋਲ਼ ਏਨਾ ਸਮਾਂ ਕਿੱਥੇ ਸੀ। ਵਾਰ-ਵਾਰ ਛੁੱਟੀਆਂ ਕਰਨ ਕਰਕੇ ਉਹਨਾਂ ਦੇ ਤਾਂ ਕੰਮ ਦਾ ਨੁਕਸਾਨ ਹੋ ਰਿਹਾ ਸੀ। ਜਦ ਮੈਂ ਨਾ ਹੀ ਠੀਕ ਹੋਇਆ ਤਾਂ ਉਹਨਾਂ ਨੇ ਪਿੰਡ ਫੋਨ ਕਰ ਦਿੱਤਾ ਕਿ ਦਾਦੀ ਮਾਂ ਆ ਕੇ ਕੁਝ ਦਿਨ ਮੇਰੇ ਕੋਲ਼ ਰਹਿ ਜਾਣ ਪਰ ਉਹਨਾਂ ਤੋਂ ਬਿਨਾਂ ਪਿੱਛੇ ਗਊ ਦਾ ਔਖਾ ਸੀ। ਗਊ ਦੀ ਧਾਰ ਸਿਰਫ਼ ਉਹਨਾਂ ਨੂੰ ਹੀ ਕੱਢਣੀ ਆਉਂਦੀ ਸੀ। ਇਸ ਕਰਕੇ ਨੌਕਰ ਨੂੰ ਦੁਕਾਨ ਸੰਭਾਲ਼ ਕੇ ਦਾਦਾ ਜੀ ਆ ਗਏ ਮੇਰੇ ਕੋਲ਼। ਉਹ ਜਦੋਂ ਆਪਣਾ ਸਾਈਕਲ ਪੋਰਚ 'ਚ ਖੜ੍ਹਾ ਕੇ ਅੰਦਰ ਆਏ ਤਾਂ ਮੈਂ ਖੁਸ਼ੀ ਵਿਚ ਭੁੜਕ ਕੇ ਉੱਠਿਆ। ਮੇਰੀ ਤਾਂ ਬਿਮਾਰੀ ਕਿਧਰੇ ਗਈ ਪਰ ਦਾਦਾ ਜੀ ਮੇਰੀ ਹਾਲਤ ਦੇਖ ਕੇ ਪ੍ਰੇਸ਼ਾਨ ਹੋ ਗਏ। ਉਹ ਪਾਪਾ ਨੂੰ ਕਹਿਣ ਲੱਗੇ, "ਭਾਈ! ਜੇ ਥੋਡੇ ਤੋਂ ਮੁੰਡਾ ਨਹੀਂ ਸਾਂਭ ਹੁੰਦਾ ਤਾਂ ਮੈਂ ਪਿੰਡ ਲੈ ਜਾਨਾਂ।" ਪਰ ਪਾਪਾ ਕਿੱਥੇ ਮੰਨਣ ਵਾਲ਼ੇ।

ਮੈਨੂੰ ਤਾਂ ਦਾਦਾ ਜੀ ਦੇ ਆਉਣ ਨਾਲ਼ ਮੌਜਾਂ ਲੱਗ ਗਈਆਂ। ਸਾਰੇ ਡਰ-ਭੈਅ ਕਿਧਰੇ ਚਲੇ ਗਏ। ਸਾਰਾ ਦਿਨ ਉਹਨਾਂ ਨਾਲ਼ ਖੇਡਦਾ ਰਹਿੰਦਾ। ਸ਼ਾਮ ਵੇਲ਼ੇ ਉਹ ਮੈਨੂੰ ਸਾਡੇ ਨੇੜੇ ਦੀ ਲੰਘਦੀ ਨਹਿਰ ਕੋਲ਼ ਸੈਰ ਕਰਨ ਲੈ ਜਾਂਦੇ। ਮੈਂ ਭਾਵੇਂ ਪਾਣੀ ਤੋਂ ਡਰਦਾ ਸੀ ਪਰ ਉਹਨਾਂ ਦੇ ਨਾਲ਼ ਹੁੰਦਿਆਂ ਮੈਨੂੰ ਡਰ ਨਾ ਲੱਗਦਾ। ਮੈਂ ਉਹਨਾਂ ਦੇ ਮੂਹਰੇ ਹੋ-ਹੋ ਤੁਰਦਾ। ਉਹ ਮੈਨੂੰ ਕਿੰਨੀਆਂ ਸਾਰੀਆਂ ਕਹਾਣੀਆਂ ਸੁਣਾਉਂਦੇ। ਕਦੇ ਰਾਜਿਆਂ ਦੀਆਂ। ਕਦੇ ਰਾਣੀਆਂ ਦੀਆਂ। ਕਦੇ ਪੰਛੀਆਂ ਦੀਆਂ। ਕਦੇ ਜਾਨਵਰਾਂ ਦੀਆਂ। ਉਹਨਾਂ ਦਾ ਸਾਥ ਮੈਨੂੰ ਬਹੁਤ ਚੰਗਾ ਲਗਦਾ।

ਮੇਰਾ ਜੀਅ ਕਰਦਾ ਕਿ ਉਹ ਹਮੇਸ਼ਾ ਮੇਰੇ ਕੋਲ਼ ਰਹਿਣ ਪਰ ਉਹਨਾਂ ਦਾ ਏਥੇ ਦਮ ਘੁਟਦਾ ਸੀ। ਉਹਨਾਂ ਨੂੰ ਮੇਰੇ ਪਾਪਾ ਦਾ ਕੰਮ ਪਸੰਦ ਨਹੀਂ ਸੀ। ਉਹ ਉਹਨਾਂ ਨੂੰ 'ਮੌਤ ਦਾ ਸੌਦਾਗਰ' ਆਖਦੇ ਜੋ ਲੋਕਾਂ ਨੂੰ 'ਮੌਤ ਦਾ ਖ਼ੌਫ਼' ਵੇਚ ਕੇ ਆਪਣਾ ਟੱਬਰ ਪਾਲ਼ਦਾ ਸੀ। ਦਾਦਾ ਜੀ ਨੂੰ ਤਾਂ ਮੇਰੀ ਮੰਮੀ ਦਾ ਕਚਹਿਰੀਆਂ ਜਾਣਾ ਵੀ ਪਸੰਦ ਨਹੀਂ ਸੀ। ਉਹ ਕਹਿੰਦੇ ਕਿ ਸਾਊ ਘਰਾਂ ਦੀਆਂ ਧੀਆਂ ਕਚਹਿਰੀਆਂ 'ਚ ਨੀ ਜਾਂਦੀਆਂ। ਪਰ ਉਹਨਾਂ ਦੀ ਗੱਲ ਕੋਈ ਨਾ ਸੁਣਦਾ। ਉਹ ਮੇਰੇ ਠੀਕ ਹੋਣ ਤਕ ਦੱਬ-ਘੁੱਟ ਕੇ ਦਿਨ ਕਟੀ ਕਰਦੇ ਰਹੇ ਪਰ ਜਦੋਂ ਹੀ ਮੈਂ ਠੀਕ ਹੋ ਕੇ ਸਕੂਲ ਜਾਣ ਲੱਗਿਆ ਉਹ ਆਪਣਾ ਸਾਈਕਲ ਚੁੱਕ ਕੇ ਪਿੰਡ ਨੂੰ ਚਲੇ ਗਏ। ਉਹ ਅੱਜ ਦੇ ਜ਼ਮਾਨੇ 'ਚ ਵੀ ਸਾਈਕਲ ਚਲਾਉਂਦੇ ਨੇ। ਉਹਨਾਂ ਦੀ ਉਮਰ ਅੱਸੀ ਸਾਲਾਂ ਤੋਂ ਵੀ ਵੱਧ ਆ। ਉਹ ਪੂਰੇ ਰਿਸ਼ਟ-ਪੁਸ਼ਟ ਨੇ। ਮੇਰੇ ਪਾਪਾ ਆਪਣੀਆਂ ਚਾਰ ਭੈਣਾਂ ਤੋਂ ਛੋਟੇ ਨੇ।

ਦਾਦਾ ਜੀ ਦੇ ਚਲੇ ਜਾਣ ਮਗਰੋਂ ਮੇਰਾ ਸਕੂਲੋਂ ਛੁੱਟੀ ਤੋਂ ਬਾਅਦ ਟਿਕਾਣਾ ਬਦਲ ਗਿਆ ਕਿਉਂਕਿ ਪਾਪਾ ਨਾਲ਼ ਮੈਂ ਜਾਣ ਤੋਂ ਨਾਂਹ ਕਰ ਦਿੱਤੀ। ਹੁਣ ਪਾਪਾ ਮੈਨੂੰ ਸਕੂਲ ਤੋਂ ਲਿਆ ਕੇ ਮੰਮੀ ਕੋਲ਼ ਕਚਹਿਰੀਆਂ 'ਚ ਛੱਡ ਆਉਂਦੇ ਜਿੱਥੇ ਉਹ ਅਸ਼ਟਾਮਫ਼ਰੋਸ਼ੀ ਦਾ ਕੰਮ ਕਰਦੇ ਨੇ। ਏਥੇ ਬੜਾ ਆਨੰਦ ਸੀ। ਮੌਜਾਂ ਹੀ ਮੌਜਾਂ ਸਨ। ਆਲ਼ੇ-ਦੁਆਲ਼ੇ ਲੋਕ ਹੀ ਲੋਕ ਸਨ। ਕਚਹਿਰੀ ਦੇ ਬਾਹਰਲੇ ਪਾਸੇ ਇਕ ਵੱਡਾ ਸਾਰਾ ਪਿੱਪਲ ਸੀ। ਉਹਦੇ ਆਲ਼ੇ-ਦੁਆਲ਼ੇ ਪੱਕਾ ਚੌਂਤਰਾ ਬਣਾਇਆ ਹੋਇਆ ਸੀ। ਓਥੇ ਪਿੰਡਾਂ ਦੇ ਲੋਕ ਕਚਹਿਰੀਆਂ 'ਚ ਤਰੀਕ ਭੁਗਤਣ ਜਾਂ ਹੋਰ ਕੰਮ ਆਏ ਬੈਠੇ ਰਹਿੰਦੇ। ਮੈਂ ਉਹਨਾਂ ਕੋਲ਼ ਖੇਡਦਾ ਫ਼ਿਰੀ ਜਾਂਦਾ। ਇਹ ਦੁਨੀਆਂ ਮੇਰੇ ਲਈ ਨਵੀਂ ਸੀ ਪਰ ਮੈਂ ਬਹੁਤ ਖੁਸ਼ ਸੀ। ਓਥੇ ਛੋਟੇ-ਛੋਟੇ ਕਤੂਰੇ ਭੱਜੇ ਫਿਰਦੇ। ਮੈਂ ਉਹਨਾਂ ਨਾਲ਼ ਖੇਡਦਾ ਰਹਿੰਦਾ।

ਏਥੇ ਹੀ ਇਕ 'ਚੌਧਰੀ ਟੀ ਸਟਾਲ" ਸੀ। ਉਹਨਾਂ ਦਾ ਨੌਕਰ ਮੰਮੀ ਨੂੰ ਚਾਹ ਫ਼ੜਾਉਣ ਆਉਂਦਾ। ਹੌਲ਼ੀ-ਹੌਲ਼ੀ ਮੇਰੀ ਉਹਦੇ ਨਾਲ਼ ਦੋਸਤੀ ਹੋ ਗਈ। ਉਹ ਉੱਚਾ ਲੰਬਾ ਤਾਂ ਬਹੁਤ ਸੀ ਪਰ

ਸਿਰ ਤੋਂ ਗੰਜਾ ਸੀ। ਉਹਦਾ ਅਸਲ ਨਾਂ ਤਾਂ ਮੈਨੂੰ ਪਤਾ ਨੀ ਕੀ ਸੀ ਪਰ ਸਾਰੇ ਉਹਨੂੰ 'ਗਾਂਧੀ' ਕਹਿ ਕੇ ਬੁਲਾਉਂਦੇ। ਮੈਂ ਵੀ ਉਹਨੂੰ ਗਾਂਧੀ ਵੀਰਾ ਆਖਦਾ। ਉਹ ਸਾਰੀਆਂ ਕਚਹਿਰੀਆਂ 'ਚ ਚਾਹ ਫੜਾਉਂਦਾ ਤੁਰਿਆ ਫਿਰਦਾ। ਮੈਂ ਉਹਦੇ ਮਗਰ-ਮਗਰ। ਮੈਨੂੰ ਇਹ ਸੋਹਣੀ ਖੇਡ ਲੱਭ ਗਈ। ਉਹਨੂੰ ਸਾਰੇ ਭੈੜੀਆਂ-ਭੈੜੀਆਂ ਟਿੱਚਰਾਂ ਵੀ ਕਰਦੇ ਪਰ ਉਹ ਮੇਰੇ ਸਮਝੋਂ ਬਾਹਰ ਹੁੰਦੀਆਂ।

ਵਿਹਲੇ ਸਮੇਂ ਅਸੀਂ ਦੋਵੇਂ ਕਚਹਿਰੀਆਂ ਦੀ ਕੰਧ 'ਤੇ ਬੈਠ ਕੇ ਲੋਕਾਂ ਨੂੰ ਦੇਖਦੇ ਰਹਿੰਦੇ। ਕਦੇ ਅਸੀਂ ਕਾਰਾਂ ਗਿਣਨ ਲੱਗਦੇ। ਕਦੇ ਸਕੂਟਰ ਗਿਣਦੇ ਤੇ ਕਦੇ-ਕਦੇ ਬੰਦੇ ਵੀ ਗਿਣਦੇ। ਉਹ ਮੇਰਾ ਪੱਕਾ ਦੋਸਤ ਬਣ ਗਿਆ। ਉਹ ਬਹੁਤ ਚੰਗਾ ਮੁੰਡਾ ਸੀ ਪਰ ਉਹਦੀ ਇਕ ਆਦਤ ਮਾੜੀ ਸੀ। ਊਂਈਂ ਮੇਰੀਆਂ ਗੱਲ੍ਹਾਂ ਫੜ-ਫੜ ਖਿੱਚੀ ਜਾਂਦਾ ਜਾਂ ਪੁੱਠੇ-ਸਿੱਧੇ ਥਾਵੇਂ ਹੱਥ ਲਾਈ ਜਾਂਦਾ। ਜਦੋਂ ਅਸੀਂ ਬਾਥਰੂਮ ਜਾਂਦੇ ਤਾਂ ਮੇਰੀ ਨੀਕਰ ਖਿੱਚ ਕੇ ਭੱਜ ਜਾਂਦਾ। ਮੈਨੂੰ ਬੁਰਾ ਤਾਂ ਬਹੁਤ ਲੱਗਦਾ। ਕਈ ਵਾਰ ਮੇਰਾ ਉਹਦੇ ਨਾਲ਼ ਬੋਲਣ ਨੂੰ ਵੀ ਜੀਅ ਨਾ ਕਰਦਾ ਪਰ ਫੇਰ ਵੀ ਮੈਨੂੰ ਉਹ ਚੰਗਾ ਲੱਗਦਾ। ਉਹਦੇ ਨਾਲ਼ ਮੇਰੀ ਦੁਨੀਆਂ ਰੰਗੀਨ ਸੀ। ਉਹ ਮੈਨੂੰ 'ਹੱਡੀ' ਵੀ ਨਹੀਂ ਸੀ ਕਹਿੰਦਾ, ਭਾਵੇਂ ਮੈਂ ਉਹਨੂੰ ਦੱਸ ਦਿੱਤਾ ਸੀ ਕਿ ਸਕੂਲ 'ਚ ਮੈਨੂੰ ਸਾਰੇ ਹੱਡੀ ਕਹਿ ਕੇ ਛੇੜਦੇ ਨੇ।

ਮੰਮੀ ਚੌਧਰੀ ਦੀ ਦੁਕਾਨ ਮੂਹਰੇ ਐਕਟਿਵਾ ਖੜ੍ਹਾ ਕਰਕੇ ਆਪਣੇ ਖੋਖੇ ਵੱਲ ਨੂੰ ਤੁਰ ਪਈ। ਮੈਂ ਓਧਰ ਨੂੰ ਪਿੱਠ ਕਰਕੇ, ਨੀਵੀਂ ਪਾਈ ਓਥੇ ਹੀ ਖੜ੍ਹਾ ਰਿਹਾ। ਅੱਜ ਤਕਰੀਬਨ ਛੇ-ਸੱਤ ਸਾਲ ਬਾਅਦ ਮੈਂ ਏਥੇ ਆਇਆ ਸੀ। ਮੈਂ ਓਥੇ ਖੜ੍ਹਾ ਆਲ਼ਾ-ਦੁਆਲ਼ਾ ਦੇਖਣ ਲੱਗਿਆ। ਕਿੰਨਾ ਕੁਝ ਬਦਲ ਗਿਆ ਸੀ। ਚੌਂਤਰੇ ਦੇ ਵਿਚਾਲ਼ੇ ਖੜ੍ਹਾ ਪਿੱਪਲ਼ ਹੁਣ ਉੱਥੇ ਨਹੀਂ ਸੀ। ਚੌਂਤਰਾ ਢਾਹ ਕੇ ਪੱਕਾ ਸ਼ੈੱਡ ਬਣਾ ਕੇ ਹੇਠਾਂ ਬੈਂਚ ਡਾਹ ਦਿੱਤੇ ਸਨ। ਓਥੇ ਬਹੁਤ ਸਾਰੇ ਲੋਕ ਬੈਠੇ ਸਨ ਪਰ ਪਹਿਲਾਂ ਵਰਗੀ ਰੌਣਕ ਨਹੀਂ ਸੀ। ਕੋਈ ਕਿਸੇ ਨਾਲ਼ ਗੱਲਾਂ ਨੀ ਸੀ ਮਾਰ ਰਿਹਾ। ਸਾਰੇ ਪਾਸੇ ਮੋਬਾਈਲਾਂ 'ਤੇ ਚੱਲ ਰਹੀਆਂ ਰੀਲਾਂ ਦਾ ਸ਼ੋਰ ਸੀ। ਪਰ ਮੈਂ ਓਥੇ ਖੜ੍ਹਾ ਪਿੱਪਲ਼ 'ਤੇ ਚਹਿਕਦੇ ਪੰਛੀਆਂ ਦੇ ਸ਼ੋਰ ਨੂੰ ਲੱਭ ਰਿਹਾ ਸੀ। ਕਿੱਥੇ ਗੁਆਚ ਗਿਆ ਸਭ ਕੁਝ। ਕਿੱਥੇ ਗਈਆਂ ਚੀਂ-ਚੀਂ ਕਰਦੀਆਂ ਚਿੜੀਆਂ? ਪਿੱਪਲ਼ ਵੱਢਣ ਤੋਂ ਬਾਅਦ ਉਹ ਤਾਂ ਨਿਆਸਰੀਆਂ ਹੋ ਗਈਆਂ ਹੋਣਗੀਆਂ? ਉੱਜੜੇ ਘਰਾਂ ਤੋਂ ਬਾਅਦ ਉਹਨਾਂ ਦਾ ਮੁੜ ਵਸੇਬਾ ਕਿੱਥੇ ਹੋਇਆ ਹੋਵੇਗਾ? ਇਹਨਾਂ ਸੋਚਾਂ 'ਚ ਗੁਆਚਿਆ ਮੈਂ ਰੋਣਹਾਕਾ ਹੋਇਆ ਖੜ੍ਹਾ ਸੀ ਕਿ ਪਿੱਛਿਓਂ ਆ ਕੇ ਕਿਸੇ ਨੇ ਮੇਰੇ ਮੋਢੇ 'ਤੇ ਹੱਥ ਮਾਰ ਕੇ ਕਿਹਾ, "ਕਿਵੇਂ ਆਂ ਬਈ ਹੱਡੀ?"

ਮੈਂ ਗਾਂਧੀ ਨੂੰ ਸਾਹਮਣੇ ਖੜ੍ਹਾ ਦੇਖ ਕੇ ਭੰਵੱਤਰ ਗਿਆ ਤੇ ਸ਼ੂਟ ਵੱਟ ਲਈ। ਬਿਲਕੁਲ ਓਸੇ ਤਰ੍ਹਾਂ ਜਿਵੇਂ ਓਸ ਦਿਨ ਭੱਜਿਆ ਸੀ। ਹੋਇਆ ਇੰਝ ਕਿ ਉਸ ਦਿਨ ਸਵੇਰ ਤੋਂ ਹੀ ਮੀਂਹ ਪੈ ਰਿਹਾ ਸੀ। ਕਚਹਿਰੀਆਂ 'ਚ ਬਹੁਤ ਘੱਟ ਲੋਕ ਸਨ। ਅਸੀਂ ਜਮਾਂ ਵਿਹਲੇ ਬੈਠੇ ਗੱਪਾਂ ਮਾਰ ਰਹੇ ਸੀ ਤੇ ਜਦੋਂ ਮਾੜਾ ਜਿਹਾ ਮੀਂਹ ਘਟਿਆ ਤਾਂ ਗਾਂਧੀ ਮੈਨੂੰ ਬਾਥਰੂਮ ਦੇ ਬਹਾਨੇ ਕਚਹਿਰੀਆਂ ਦੇ ਪਿੱਛੇ ਬਣੇ ਪਖਾਨਿਆਂ ਵਿਚ ਲੈ ਗਿਆ ਤੇ ਅੰਦਰ ਵੜ ਕੇ ਕੁੰਡੀ ਲਾ ਲਈ। ਮੈਂ ਆਰਾਮ ਨਾਲ਼ ਖੜ੍ਹਾ ਹੋ ਕੇ ਪਿਸ਼ਾਬ ਕਰਨ ਲੱਗਿਆ। ਗਾਂਧੀ ਨੇ ਪਿਛਲੇ ਪਾਸਿਓਂ ਖਿੱਚ ਕੇ ਮੇਰੀ ਨੀਕਰ ਹੇਠਾਂ ਨੂੰ ਕਰ ਦਿੱਤੀ ਤੇ ਆਪਣਾ ਪਜਾਮਾ ਹੇਠਾਂ ਨੂੰ ਸਰਕਾ ਕੇ ਉਹਨੇ ਮੇਰੀ ਪਿੱਠ ਆਪਣੇ ਅਗਲੇ ਪਾਸੇ ਲਾ ਲਈ।

ਮੈਂ ਡਰ ਨਾਲ਼ ਕੰਬਣ ਲੱਗਿਆ ਪਰ ਅਗਲੇ ਹੀ ਪਲ ਮੇਰੇ ਅੰਦਰ ਅੰਨ੍ਹੀ ਤਾਕਤ ਆ ਗਈ ਤੇ ਮੈਂ ਆਪਣੀ ਸੱਜੀ ਬਾਂਹ ਦੀ ਕੂਹਣੀ ਪਿੱਛੇ ਨੂੰ ਕਰ ਕੇ ਉਹਦੇ ਨਰਮ ਥਾਵੇਂ ਐਨੀ ਜ਼ੋਰ ਦੀ ਮਾਰੀ ਕਿ ਦਰਦ ਨਾਲ ਉਹਦੇ ਹੱਥ ਛੁੱਟ ਗਏ। ਮੈਂ ਕੁੰਡੀ ਖੋਲ੍ਹ ਕੇ ਬਾਹਰ ਨੂੰ ਸ਼ੂਟ ਵੱਟ ਲਈ। ਇਕ ਹੱਥ ਆਪਣੀ ਨੀਕਰ ਨੂੰ ਪਾਈ, ਸੜਕ 'ਤੇ ਭੱਜਿਆ ਜਾਂਦਾ ਮੈਂ ਪਿੱਛੇ ਮੁੜ-ਮੁੜ ਦੇਖੀ ਗਿਆ, ਬਈ ਕਿਤੇ ਉਹ ਮਗਰ ਈ ਨਾ ਆਉਂਦਾ ਹੋਵੇ। ਜਦੋਂ ਮੈਨੂੰ ਪੱਕ ਹੋ ਗਈ ਕਿ ਉਹ ਕਿਤੇ ਨੀ ਆ ਰਿਹਾ ਤਾਂ ਮੈਂ ਖੜ੍ਹ ਕੇ ਸਾਹ ਲਿਆ ਤੇ ਆਪਣੀ ਨੀਕਰ ਨੂੰ ਠੀਕ ਕਰ ਕੇ ਪਾਇਆ।

ਜਦੋਂ ਮੈਂ ਮੰਮੀ ਦੇ ਖੋਖੇ ਕੋਲ਼ ਪਹੁੰਚਿਆ, ਉਹ ਆਪਣੀ ਐਕਟਿਵਾ ਸਟਾਰਟ ਕਰੀ ਖੜ੍ਹੇ ਮੈਨੂੰ ਹੀ ਉਡੀਕ ਰਹੇ ਸਨ। ਉਹਨਾਂ ਨੂੰ ਦੇਖ ਮੇਰਾ ਰੋਣ ਨਿੱਕਲ ਗਿਆ ਪਰ ਮੈਂ ਉਹਨਾਂ ਤੋਂ ਲੁਕੋ ਕੇ

ਆਪਣੀਆਂ ਅੱਖਾਂ ਸਾਫ ਕਰਦਾ ਉਹਨਾਂ ਦੇ ਪਿੱਛੇ ਬੈਠ ਗਿਆ। ਮੈਂ ਐਕਟਿਵਾ ਦੇ ਪਿੱਛੇ ਬੈਠਾ ਸਾਰੇ ਰਾਹ ਉਹਨਾਂ ਤੋਂ ਚੋਰੀ-ਚੋਰੀ ਰੋਂਦਾ ਆਇਆ। ਮੈਨੂੰ ਸਮਝ ਨਾ ਆਵੇ ਬਈ ਮੈਂ ਇਹਨਾਂ ਨੂੰ ਦੱਸਾਂ ਕਿ ਨਾ। ਕਿਉਂਕਿ ਇਹਨਾਂ ਨੇ ਤਾਂ ਮੇਰੀ ਗੱਲ 'ਤੇ ਭੋਰਾ ਯਕੀਨ ਨੀ ਕਰਨਾ, ਸਗੋਂ ਮੇਰੇ ਹੀ ਚਾਰ ਚਪੇੜਾਂ ਜੜ ਦੇਣੀਆਂ ਨੇ। ਘਰ ਆ ਕੇ ਮੈਂ ਕਮਰੇ ਅੰਦਰ ਵੜ ਕੇ ਪੈ ਗਿਆ। ਮੈਂ ਪਿਆ ਸੋਚਦਾ ਰਿਹਾ ਕਿ ਮੈਂ ਸਿਰਫ ਆਪਣੇ ਮੰਮੀ-ਪਾਪਾ 'ਤੇ ਹੀ ਭਾਰ ਨਹੀਂ ਸਗੋਂ ਮੈਂ ਤਾਂ ਇਸ ਧਰਤੀ 'ਤੇ ਵੀ ਭਾਰ ਹਾਂ ਜੀਹਨੂੰ ਗਾਂਧੀ ਵਰਗੇ....। ਮੇਰਾ ਜੀਅ ਕਰੇ ਕਿਧਰੇ ਭੱਜ ਜਾਵਾਂ ਜਾਂ ਮਰ ਜਾਵਾਂ।

ਰਾਤ ਨੂੰ ਸੁੱਤੇ ਪਏ ਨੂੰ ਮੈਨੂੰ ਬੁਖਾਰ ਚੜ੍ਹ ਗਿਆ। ਮੈਂ ਸਾਰੀ ਰਾਤ ਡਰ-ਡਰ ਕੇ ਉੱਠਦਾ ਰਿਹਾ ਤੇ ਨੀਂਦ 'ਚ 'ਗਾਂਧੀ' 'ਗਾਂਧੀ' ਬੁੜਬੁੜਾਉਂਦਾ ਰਿਹਾ। ਦਿਨ ਚੜ੍ਹਦੇ ਨੂੰ ਪਾਪਾ ਮੋਟਰ ਸਾਈਕਲ ਚੱਕ ਗਾਂਧੀ ਦੇ ਘਰ ਜਾ ਵੜੇ। ਜਦੋਂ ਉਹਨੂੰ ਪੁੱਛਿਆ ਤਾਂ ਉਹਨੇ ਨਵੀਂ ਓ ਗੱਲ ਘੜ ਲਈ ਕਿ ਹਰਮਨ ਦਾ ਪੈਰ ਗਟਰ 'ਚ ਫਸ ਗਿਆ ਸੀ ਤਾਂ ਕਰਕੇ ਉਹ ਬਾਹਲ਼ਾ ਡਰ ਗਿਆ।

ਮੈਂ ਛੇ-ਸੱਤ ਦਿਨ ਬਿਮਾਰ ਰਿਹਾ। ਮੰਮੀ ਮੇਰੇ ਕੋਲ਼ ਘਰ ਰਹੇ। ਏਸੇ ਕਰਕੇ ਤਾਂ ਮੈਨੂੰ ਬਿਮਾਰ ਹੋਣਾ ਚੰਗਾ ਵੀ ਲੱਗਦਾ ਹੁੰਦਾ ਕਿਉਂਕਿ ਮੰਮੀ ਸਾਰਾ ਦਿਨ ਮੇਰੇ ਆਲ਼ੇ-ਦੁਆਲ਼ੇ ਰਹਿੰਦੇ। ਗਰਮ-ਗਰਮ ਖਾਣਾ ਬਣਾ ਕੇ ਦਿੰਦੇ। ਸਾਡੀ ਕਿਚਨ 'ਚੋਂ ਤਾਜ਼ੇ ਖਾਣੇ ਦੀਆਂ ਮਹਿਕਾਂ ਆਉਂਦੀਆਂ। ਘਰ 'ਚ ਰੌਣਕ ਹੁੰਦੀ। ਹੋਰ ਤਾਂ ਹੋਰ ਮੰਮੀ ਮੈਨੂੰ ਝਿੜਕਦੇ ਵੀ ਨਾ। ਉਹ ਦਿਨ ਸਾਰਿਆਂ ਦਿਨਾਂ ਤੋਂ ਸੋਹਣੇ ਹੁੰਦੇ ਪਰ ਮੇਰੇ ਠੀਕ ਹੋਣ ਸਾਰ ਹੀ ਫੇਰ ਓਹੀ ਰੁਟੀਨ ਸ਼ੁਰੂ ਹੋ ਜਾਂਦੀ।

ਇਸ ਵਾਰ ਵੀ ਇੰਝ ਹੀ ਹੋਇਆ ਪਰ ਕੁਝ ਅਲੱਗ ਹੋਇਆ। ਮੈਨੂੰ ਸਕੂਲੋਂ ਲਿਆ ਕੇ ਜਦੋਂ ਪਾਪਾ ਨੇ ਮੋਟਰ ਸਾਈਕਲ ਕਚਹਿਰੀਆਂ ਵੱਲ ਨੂੰ ਮੋੜਿਆ ਤਾਂ ਮੈਂ ਚੀਕਾਂ ਮਾਰਨ ਲੱਗਿਆ ਕਿ ਮੈਂ ਕਚਹਿਰੀ ਨਹੀਂ ਜਾਣਾ। ਪਾਪਾ ਖਿਝ ਗਏ। ਉਹਨਾਂ ਨੂੰ ਕਿਸੇ ਜਰੂਰੀ ਮੀਟਿੰਗ 'ਤੇ ਜਾਣ ਦੀ ਕਾਹਲ ਸੀ। ਉਹਨਾਂ ਨੇ ਮੈਨੂੰ ਘਰੇ ਛੱਡ ਕੇ ਬਾਹਰੋਂ ਲੌਕ ਕਰ ਦਿੱਤਾ ਤੇ ਮੰਮੀ ਨੂੰ ਘਰ ਆਉਣ ਨੂੰ ਫੋਨ ਕਰ ਦਿੱਤਾ। ਘੰਟੇ ਕੁ ਬਾਅਦ ਮੰਮੀ ਆ ਤਾਂ ਗਏ ਪਰ ਮੇਰੇ ਝਿੜਕਾਂ ਬਹੁਤ ਪਈਆਂ। ਝਿੜਕਾਂ ਖਾ ਕੇ ਵੀ ਮੈਂ ਟੱਸ ਤੋਂ ਮੱਸ ਨਾ ਹੋਇਆ ਕਿਉਂਕਿ ਮੈਂ ਹੁਣ ਗਾਂਧੀ ਸਾਹਮਣੇ ਜਾਣ ਦੀ ਹਿੰਮਤ ਹੀ ਨਹੀਂ ਸੀ ਕਰ ਸਕਦਾ। ਦੂਜੇ ਦਿਨ ਵੀ ਮੈਂ ਕਚਹਿਰੀ ਜਾਣ ਤੋਂ ਜਵਾਬ ਦੇ ਦਿੱਤਾ। ਪਾਪਾ ਮੈਨੂੰ ਅੰਦਰ ਹੀ ਜਿੰਦਾ ਲਾ ਕੇ ਚਲੇ ਗਏ। ਹੌਲ਼ੀ-ਹੌਲ਼ੀ ਇਹ ਰੁਟੀਨ ਬਣ ਗਈ। ਪਾਪਾ ਮੈਨੂੰ ਸਕੂਲੋਂ ਲਿਆ ਕੇ ਘਰ ਦੇ ਅੰਦਰ ਜਿੰਦਾ ਲਾ ਕੇ ਛੱਡ ਜਾਂਦੇ। ਕਦੇ ਉਹ ਦੋ ਕੁ ਘੰਟੇ ਬਾਅਦ ਆ ਜਾਂਦੇ ਕਦੇ ਸ਼ਾਮ ਨੂੰ ਹੀ ਆਉਂਦੇ। ਜਿਉਂ-ਜਿਉਂ ਦਿਨ ਬੀਤਦੇ ਗਏ ਉਹ ਮੇਰੇ ਵੱਲੋਂ ਬੇਫ਼ਿਕਰ ਹੁੰਦੇ ਗਏ ਕਿਉਂਕਿ ਹੁਣ ਮੈਂ ਵੱਡਾ ਵੀ ਹੋ ਗਿਆ ਸੀ। ਮੈ ਆਰਾਮ ਨਾਲ਼ ਬੈਠਾ ਟੀ ਵੀ ਦੇਖੀ ਜਾਂਦਾ ਜਾਂ ਵੀਡੀਓ ਗੇਮ ਖੇਡੀ ਜਾਂਦਾ। ਹੌਲ਼ੀ-ਹੌਲ਼ੀ ਮੈਨੂੰ ਇਕੱਲਾ ਰਹਿਣਾ ਚੰਗਾ ਲੱਗਣ ਲੱਗਿਆ ਨੌਵੀਂ ਜਮਾਤ 'ਚ ਮੈਨੂੰ ਘਰਦਿਆਂ ਨੇ ਟੱਚ ਸਕਰੀਨ ਫੋਨ ਲੈ ਦਿੱਤਾ। ਫੋਨ ਕਾਹਦਾ ਸੀ ਬੱਸ ਅਲਾਦੀਨ ਦਾ ਚਿਰਾਗ਼ ਸੀ। ਕੁਝ ਮਰਜ਼ੀ ਸਰਚ ਮਾਰੋ ਪਲ ਵਿਚ ਸਭ ਕੁਝ ਤੁਹਾਡੇ ਸਾਹਮਣੇ। ਜਿਉਂ-ਜਿਉਂ ਮੈਂ ਵੱਡਾ ਹੁੰਦਾ ਗਿਆ ਮੇਰੀਆਂ ਅੱਖਾਂ ਸਾਹਮਣਿਓਂ ਪਰਦੇ ਹਟਦੇ ਗਏ। ਮੈਂ ਫੋਨ 'ਤੇ ਹਾਟ ਵੀਡੀਓ ਦੇਖਦਾ। ਆਪਣੇ ਅੰਗਾਂ ਨੂੰ ਸਮਾਰ-ਸਮਾਰ ਕੇ ਦੇਖਦਾ। ਸਾਰਾ ਦਿਨ ਮੇਰੇ ਸਿਰ ਨੂੰ ਕੁਝ ਚੜ੍ਹਿਆ ਰਹਿੰਦਾ। ਮੈਂ ਵੱਡਾ ਹੋ ਰਿਹਾ ਸੀ। ਮੈਨੂੰ ਆਪਣੇ ਆਪ ਨਾਲ਼ ਆਨੰਦ ਆਉਣ ਲੱਗਿਆ। ਮੈਂ ਆਪਣੇ ਸਰੀਰ ਨਾਲ਼ ਆਪ ਹੀ ਖੇਡਣ ਲੱਗਿਆ।

"ਚੱਲ ਖੋਲ੍ਹ ਬੇਟੇ ਲੌਕ।"

ਘਰ ਮੂਹਰੇ ਐਕਟਿਵਾ ਦੀ ਬ੍ਰੇਕ ਮਾਰ ਕੇ ਮੰਮੀ ਨੇ ਮੈਨੂੰ ਚਾਬੀ ਫੜਾਉਂਦਿਆਂ ਕਿਹਾ। ਮੈਂ ਖਿਝੇ ਖਿਝਾਏ ਨੇ ਦਰਵਾਜ਼ਾ ਖੋਲ੍ਹਿਆ। ਅੰਦਰ ਵੜਨ ਸਾਰ ਆਪਣੇ ਆਪ ਨੂੰ ਕਮਰੇ 'ਚ ਬੰਦ ਕਰ ਲਿਆ। ਮੈਂ ਕਮਰੇ ਦੀਆਂ ਚੀਜ਼ਾਂ ਚੱਕ-ਚੱਕ ਭੰਨਣ ਲੱਗਿਆ। ਮੈਂ ਬਹੁਤ ਫਰੱਸਟ੍ਰੇਟ ਸੀ। ਮੇਰਾ ਜੀਅ ਕਰਦਾ ਸੀ ਬਈ ਸਾਲ਼ੇ ਗਾਂਧੀ ਦਾ ਸਿਰ ਪਾੜ ਦਿਆਂ। ਉਹਨੂੰ ਸੜਕ 'ਤੇ ਘੜੀਸ ਘੜੀਸ ਕੇ ਕੁੱਟਾਂ। ਪਰ ਮੈਂ...ਮੈਂ....ਕਿੱਥੇ ਕੁਝ ਕਰਨ ਜੋਗਾ। ਮੈਂ ਤਾਂ ਬੱਸ....।

ਮੰਮੀ-ਪਾਪਾ ਦਰਵਾਜ਼ਾ ਭੰਨ-ਭੰਨ ਕੇ ਕਮਲ਼ੇ ਹੋਏ ਪਏ। ਜਦੋਂ ਨਾ ਹੀ ਹਟੇ ਤਾਂ ਮੈਂ ਕਮਰੇ ਦੀ ਚਿਟਕਣੀ ਖੋਲ੍ਹ ਕੇ ਉਹਨਾਂ ਦੇ ਮਗਰ ਪੈ ਗਿਆ। ਬਹੁਤ ਬੋਲਿਆ। ਜੋ ਨਹੀਂ ਵੀ ਬੋਲਣਾ ਚਾਹੀਦਾ ਸੀ ਉਹ ਵੀ ਬੋਲ ਦਿੱਤਾ। ਬੋਲਦਾ-ਬੋਲਦਾ ਮੈਂ ਹਫ ਕੇ ਡਿਗ ਗਿਆ। ਫੇਰ ਮੈਨੂੰ ਨਹੀਂ ਪਤਾ ਕੀ ਹੋਇਆ। ਮੇਰੀ ਤਾਂ ਜਦੋਂ ਜਾਗ ਖੁੱਲ੍ਹੀ ਤਾਂ ਮੈਂ ਆਲ਼ੇ-ਦੁਆਲ਼ੇ ਝਾਕਿਆ। ਖਿੜਕੀ ਦੇ ਬਾਹਰ ਮੂੰਹ ਹਨੇਰਾ ਸੀ। ਸ਼ਾਇਦ ਦਿਨ ਚੜ੍ਹ ਰਿਹਾ ਸੀ ਪਰ ਬਾਹਰੋਂ ਲੜਨ ਦੀਆਂ ਆਵਾਜ਼ਾਂ ਆ ਰਹੀਆਂ ਸਨ,

"ਤੁਸੀਂ ਕੀਤਾ ਈ ਕੀ ਆ? ਸਾਰੀ ਉਮਰ ਦੁਕਾਨ 'ਤੇ ਬੈਠ ਕੇ ਗੁਜ਼ਾਰ ਦਿੱਤੀ।" ਇਹ ਪਾਪਾ ਦੀ ਆਵਾਜ਼ ਸੀ।

"ਓਏ! ਸ਼ਰਮ ਕਰ ਕੁਝ। ਓਸ ਦੁਕਾਨ ਦੇ ਸਿਰ 'ਤੇ ਮੈਂ ਥੋਨੂੰ ਸਾਰਿਆਂ ਨੂੰ ਪੜ੍ਹਾ-ਲਿਖਾ ਕੇ ਵਿਆਹ ਦਿੱਤਾ।"

ਦਾਦਾ ਜੀ ਗ਼ੁੱਸੇ 'ਚ ਅੱਗ-ਬਬੂਲਾ ਹੋਏ ਪਏ ਸਨ। ਮੈਂ ਹੈਰਾਨ ਹੋਇਆ ਸੋਚ ਰਿਹਾ ਸੀ ਕਿ ਇਹ ਕਦੋਂ ਆ ਗਏ? ਮੈਨੂੰ ਆਪਣੀ ਕੱਲ੍ਹ ਸ਼ਾਮ ਵਾਲ਼ੀ ਹਾਲਤ ਨੂੰ ਸਮਝਣ ਲਈ ਕੁਝ ਸਮਾਂ ਲੱਗਿਆ। ਫੇਰ ਮੇਰੇ ਦਿਮਾਗ਼ ਨੇ ਕੰਮ ਕੀਤਾ ਕਿ ਇਹਨਾਂ ਨੇ ਹੀ ਦਾਦਾ ਜੀ ਨੂੰ ਫੋਨ ਕਰਕੇ ਸੱਦਿਆ ਹੋਣਾ। ਮੈਂ ਅਜੇ ਇਹਨਾਂ ਗੱਲਾਂ 'ਚ ਤੁਰਿਆ ਫਿਰਦਾ ਸੀ ਕਿ ਪਾਪਾ ਦੇ ਬੋਲ ਫਿਰ ਤੋਂ ਉੱਚੀ ਹੋ ਗਏ। ਉਹ ਕਹਿਣ ਲੱਗੇ,

"ਦੋ ਖਣ ਤਾਂ ਥੋਡੇ ਤੋਂ ਛੱਤ ਨੀ ਹੋਏ ਸਾਰੀ ਉਮਰ 'ਚ। ਮੈਂ ਕੋਠੀ ਬਣਾਈ। ਕਾਰ ਲਈ ਤੇ ਆਪਣੇ ਮੁੰਡੇ ਨੂੰ ਸ਼ਹਿਰ ਦੇ ਨਾਮੀ ਸਕੂਲ 'ਚ ਪੜ੍ਹਾ ਰਿਹਾਂ।"

"ਲਗਦਿਆ ਵਧੀਆ ਸਕੂਲ ਦਿਆ, ਹਾਲਤ ਦੇਖ ਮੁੰਡੇ ਦੀ ਕੀ ਕਰੀ ਪਈ ਆ। ਲੋਕਾਂ ਨੂੰ ਮੌਤ ਦਾ ਖ਼ੌਫ਼ ਵੇਚਕੇ ਤੂੰ ਕੋਠੀਆਂ ਖੜ੍ਹੀਆਂ ਕਰ ਲੀਆਂ। ਸ਼ਰਮ ਕਰ ਕੁਝ।"

ਬੋਲਦੇ-ਬੋਲਦੇ ਦਾਦਾ ਜੀ ਉੱਠ ਕੇ ਖੜ੍ਹੇ ਹੋ ਗਏ। ਉਹਨਾਂ ਦੀਆਂ ਖਰੀਆਂ-ਖਰੀਆਂ ਸੁਣ ਕੇ ਪਾਪਾ ਹੋਰ ਵੀ ਭੜਕ ਉੱਠੇ।

ਮੇਰੇ ਤੋਂ ਦਾਦਾ ਜੀ ਦੀ ਏਨੀ ਬੇਇੱਜ਼ਤੀ ਸਹਾਰ ਨਾ ਹੋਈ। ਮੈਂ ਉੱਠ ਕੇ ਲੌਬੀ ਵਿਚ ਆ ਗਿਆ। ਦਾਦਾ ਜੀ ਦੇ ਪੈਰੀਂ ਹੱਥ ਲਾ ਕੇ ਉਹਨਾਂ ਨੂੰ ਘੁੱਟ ਕੇ ਜੱਫੀ ਪਾਈ। ਫਿਰ ਬਾਹਰ ਪੋਰਚ ਵਿਚ ਖੜ੍ਹੇ ਸਾਈਕਲ ਨੂੰ ਦੇਖਿਆ ਤੇ ਮੈਂ ਉਹਨਾਂ ਦਾ ਹੱਥ ਫੜ ਕੇ ਪੋਰਚ ਵਿਚ ਲੈ ਆਇਆ। ਸਾਈਕਲ ਸਟੈਂਡ ਤੋਂ ਲਾਹ ਕੇ ਬਾਹਰ ਕੱਢਿਆ। ਦਾਦਾ ਜੀ ਨੂੰ ਆਪਣੇ ਮਗਰ ਬਿਠਾ ਕੇ ਪਿੰਡ ਵੱਲ ਨੂੰ ਚੱਲ ਪਿਆ। ਸਵੇਰ ਦੀ ਰੁਮਕਦੀ ਹਵਾ ਮਿੱਠਾ-ਮਿੱਠਾ ਸੰਗੀਤ ਛੇੜ ਰਹੀ ਆ।

ਮੈਂ ਸਾਰੇ ਜੰਜਾਲ਼ ਆਪਣੇ ਮਨੋਂ ਲਾਹ ਕੇ ਆਪਣੇ ਪਿੰਡ ਵੱਲ ਨੂੰ ਸਾਈਕਲ ਭਜਾਈ ਜਾ ਰਿਹਾ ਹਾਂ। ਪਿੱਛੇ ਬੈਠੇ ਦਾਦਾ ਜੀ ਬਹੁਤ ਪਿਆਰ ਨਾਲ਼ ਮੇਰੀ ਪਿੱਠ 'ਤੇ ਹੱਥ ਫੇਰ ਰਹੇ ਨੇ।000

***(ਫੋਨ: +91-99889-05550***

***ਈਮੇਲ: rajpreetbenipal70@gmail.com)***

# ਮਹਿੰਦਰਪਾਲ ਸਿੰਘ ਧਾਲੀਵਾਲ: ਕਹਾਣੀ: ਨਵਾਂ ਕਲਯੁਗ

ਸਥਾਨਕ ਖਬਰਾਂ ਵਿਚ ਰਵੀ ਨੂੰ ਟੀ ਵੀ 'ਤੇ ਵੇਖ ਕੇ ਮੈਨੂੰ ਸਦਮਾ ਲੱਗਿਆ। ਮੈਂ ਅੱਗੇ ਨੂੰ ਝੁਕ ਕੇ ਧਿਆਨ ਨਾਲ ਟੀ ਵੀ ਦੀ ਸਕਰੀਨ ਨੂੰ ਵੇਖਣ ਲੱਗਾ। ਹੋਰ ਧਿਆਨ ਨਾਲ ਵੇਖਿਆ ਤਾਂ ਸੱਚ ਮੁੱਚ ਰਵੀ ਹੀ ਸੀ।

ਅਜੇ ਮੈਂ ਸੰਭਲਿਆ ਨਹੀਂ ਸੀ, ਜੀਤਾਂ, ਮੇਰੀ ਪਤਨੀ, ਹੱਥ ਵਿਚ ਫੋਨ ਫੜੀ ਆ ਗਈ।

"ਆਹ ਦੇਖੋ, ਰਵੀ, ਭਾਅ ਜੀ ਕੇਵਲ ਦਾ ਬੇਟਾ--। ਹੈਂ ਇਹ ਤਾਂ ਟੀ ਵੀ 'ਤੇ ਵੀ--।" ਉਹ ਟੀ ਵੀ ਵੱਲ ਵੇਖਦਿਆਂ ਮੇਰੇ ਨਾਲ ਹੀ ਸੋਫੇ ਵਿਚ ਧਸ ਗਈ ਤੇ ਅਸੀਂ ਇਕ ਦੂਜੇ ਨੂੰ ਕੁਝ ਹੋਰ ਕਹਿਣ ਦਾ ਹੌਸਲਾ ਨਾ ਕਰ ਸਕੇ।

ਕੇਵਲ ਤੇ ਮੈਂ ਕਈ ਸਾਲ ਪਹਿਲਾਂ ਇਕੱਠੇ ਕੰਮ ਕਰਦੇ ਸੀ। ਇਹਨਾਂ ਦਿਨਾਂ ਵਿਚ ਹੀ ਸਾਡੀ ਦੋਸਤੀ ਵੀ ਹੋ ਗਈ ਤੇ ਇਹ ਦੋਸਤੀ ਪਰਿਵਾਰਕ ਦੋਸਤੀ ਵਿਚ ਬਦਲ ਗਈ। ਰਵੀ ਉਹਨਾਂ ਦਿਨਾਂ ਵਿਚ ਚਾਰ ਪੰਜ ਸਾਲ ਦਾ ਸੀ। ਤਿੰਨ ਕੁ ਸਾਲ ਕੰਮ ਕਰਨ ਬਾਅਦ ਕੇਵਲ ਨੇ ਦੁਕਾਨ ਖਰੀਦ ਲਈ। ਉਸ ਨੂੰ ਦੇਖ ਕੇ ਮੇਰਾ ਵੀ ਦੁਕਾਨ ਖਰੀਦਣ ਨੂੰ ਦਿਲ ਕਰਨ ਲੱਗਾ। ਪਰ ਮੇਰੇ ਕੋਲ਼ ਏਨੇ ਪੈਸੇ ਨਹੀਂ ਸਨ ਤੇ ਮੈਂ ਮਾਰਕਿਟ ਵਿਚ ਸਟਾਲ ਲਾਉਣ ਲੱਗਾ। ਕੁਝ ਸਾਲਾਂ ਬਾਅਦ ਮੈਂ ਵੀ ਦੁਕਾਨ ਖਰੀਦ ਲਈ। ਸਾਡਾ ਮਿਲਣਾ ਕੰਮ ਧੰਦੇ ਕਰਕੇ ਘਟ ਗਿਆ ਸੀ। ਫਿਰ ਵੀ ਅਸੀਂ ਦਿਨ ਤਿਉਹਾਰ 'ਤੇ ਇਕ ਦੂਜੇ ਦੇ ਘਰ ਹਾਜ਼ਰੀ ਲਗਵਾਉਂਦੇ ਰਹਿੰਦੇ।

ਕੁਝ ਸਾਲਾਂ ਬਾਅਦ ਕੇਵਲ ਨੇ ਉਹ ਦੁਕਾਨ ਵੇਚ ਕੇ ਰੈਡਿੰਗ ਸ਼ਹਿਰ ਵਿਚ ਵੱਡੀ ਦੁਕਾਨ ਲੈ ਲਈ। ਸਾਡਾ ਜਾਣਾ-ਆਉਣਾ ਹੋਰ ਘਟ ਗਿਆ। ਹੌਲ਼ੀ ਹੌਲ਼ੀ ਇਹ ਤਕਰੀਬਨ ਖਤਮ ਹੀ ਹੋ ਗਿਆ। ਕੁਝ ਸਾਲਾਂ ਬਾਅਦ ਮੈਂ ਦੁਕਾਨ ਵੇਚ ਕੇ ਵਿਹਲਾ ਹੋ ਗਿਆ। ਇਕ ਦਿਨ ਅਚਾਨਕ ਰੈਡਿੰਗ ਇਕ ਪਾਰਟੀ ਵਿਚ ਕੇਵਲ ਫਿਰ ਮਿਲ ਪਿਆ। ਅਸੀਂ ਫਿਰ ਤੋਂ ਇਕ ਦੂਜੇ ਨੂੰ ਮਿਲਣ ਲੱਗੇ. ਭਾਵੇਂ ਇਹ ਪਹਿਲਾਂ ਵਰਗੀ ਗੱਲ ਨਹੀਂ ਸੀ। ਇਹਨਾਂ ਦਿਨਾਂ ਵਿਚ ਹੀ ਰਵੀ ਦੇ ਇੱਕੀਵੇਂ ਜਨਮ 'ਤੇ ਸਾਨੂੰ ਵੀ ਉਸ ਨੇ ਸੱਦਿਆ ਸੀ। ਅਸੀਂ ਪਾਰਟੀ 'ਤੇ ਗਏ ਤਾਂ ਉਸ ਤੋਂ ਬਾਅਦ ਸਾਡਾ ਆਉਣ ਜਾਣ ਹੋਰ ਵਧ ਗਿਆ।

ਰਵੀ ਯੂਨੀਵਰਸਿਟੀ ਵਿਚ ਇਤਿਹਾਸ ਦੀ ਡਿਗਰੀ ਕਰ ਰਿਹਾ ਸੀ। ਮੈਨੂੰ ਇਤਿਹਾਸ ਬਾਰੇ ਬਹੁਤਾ ਪਤਾ ਨਹੀਂ ਸੀ। ਮੈਂ ਕੁਝ ਕੁ ਸਮਿਆਂ 'ਤੇ ਉਸ ਨਾਲ ਪੜ੍ਹਾਈ ਦੀ ਥਾਂ ਸਾਧਾਰਨ ਗੱਲਾਂ-ਬਾਤਾਂ ਕੀਤੀਆਂ ਸਨ। ਮੈਨੂੰ ਉਹ ਆਮ ਮੁੰਡਿਆਂ ਵਰਗਾ ਮੁੰਡਾ ਲੱਗਾ। ਉਹ ਘਰ ਹੁੰਦਾ ਤਾਂ ਸਾਡੇ ਨਾਲ ਬੀਅਰ ਸਾਂਝੀ ਕਰ ਲੈਂਦਾ ਪਰ ਇਕ-ਅੱਧ ਬੋਤਲ ਹੀ ਪੀਂਦਾ। ਕੁੱਲ ਮਿਲਾ ਕੇ ਮੈਨੂੰ ਉਹ ਪਿਆਰਾ ਵੀ ਲਗਦਾ ਤੇ ਸਮਝਦਾਰ ਵੀ।

ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਸੀ। ਸੋਸ਼ਲ ਮੀਡੀਆ ਹਰ ਰੋਜ਼ ਕੋਈ ਨਵੀਂ ਛਾਲ਼ ਮਾਰ ਲੈਂਦਾ। ਸਾਨੂੰ ਤਾਂ ਬਹੁਤਾ ਪਤਾ ਹੀ ਨਾ ਲੱਗਦਾ। ਨਵੇਂ ਬੱਚੇ ਤਾਂ ਨਾਲੋ ਨਾਲ ਸਿੱਖੀ-ਸਮਝੀ ਜਾਂਦੇ। ਮੈਂ ਤੇ ਕੇਵਲ ਪੁਰਾਣੀਆਂ ਗੱਲਾਂ ਤੇ ਢੰਗ ਤਰੀਕੇ ਵਿਚ ਹੀ ਖੁਸ਼ ਰਹਿੰਦੇ। ਨਵੀਂ ਤਕਨੀਕ ਸਾਨੂੰ ਖਾਸ ਸਮਝ ਨਾ ਲੱਗਦੀ।

"ਹੁਣ ਯਾਰ ਰਵੀ ਦੀ ਡਿਗਰੀ ਪੂਰੀ ਹੋ ਗਈ ਐ। ਮੈਂ ਚਾਹੁੰਨਾਂ ਉਹ ਦੁਕਾਨ ਸੰਭਾਲ਼ ਲਵੇ ਤੇ ਅਸੀਂ ਵਿਹਲੇ ਹੋ ਜਾਈਏ, ਹੁਣ ਮੇਰੇ ਕੋਲੋਂ ਕੰਮ ਬਹੁਤਾ ਹੁੰਦਾ ਵੀ ਨਹੀਂ।" ਇਕ ਦਿਨ ਕੇਵਲ ਨੇ ਕਿਹਾ ਤਾਂ ਮੈਂ ਇਕ ਦਮ ਉਸ ਨੂੰ ਕੋਈ ਜਵਾਬ ਨਾ ਦਿੱਤਾ।

ਖਾਣਾ ਖਾਣ ਤੋਂ ਪਹਿਲਾਂ ਅਸੀਂ ਲੋੜ ਅਨੁਸਾਰ ਪੈੱਗ ਪਾਏ ਤੇ ਗਰਮੀਆਂ ਦੀ ਸ਼ਾਮ ਦੀ ਧੁੱਪ ਦਾ ਨਿੱਘ ਲੈਣ ਲਈ ਗਾਰਡਨ ਵਿਚ ਜਾ ਬੈਠੇ। ਮੈਂ ਘੜੀ ਦੇਖੀ, ਅੱਠ ਵਜੇ ਵੀ ਅਜੇ ਸੂਰਜ ਛਿਪਿਆ ਨਹੀਂ ਸੀ। ਮੇਰੇ ਮਨ ਵਿਚ ਕੇਵਲ ਦਾ ਸਵਾਲ ਉੱਸਲਵੱਟੇ ਲੈ ਰਿਹਾ ਸੀ।

"ਕੇਵਲ ਤੂੰ ਰਵੀ ਨਾਲ ਗੱਲ ਕੀਤੀ ਐ। ਤੇਰੇ ਖਿਆਲ 'ਚ ਉਹ ਦੁਕਾਨ ਚਲਾਉਣ ਲਈ ਤਿਆਰ ਹੋਜੂ!"

"ਹੋਊ ਕਿਉਂ ਨੀ? ਕੰਮ ਤਾਂ ਅੱਜ ਕੱਲ ਚੱਜ ਦੇ ਮਿਲਦੇ ਨਹੀਂ। ਦੁਕਾਨ ਦਾ ਬਿਜ਼ਨਸ ਪਹਿਲਾਂ ਵਰਗਾ ਨਾ ਵੀ ਸਹੀ, ਫੇਰ ਵੀ ਰੋਟੀ ਬਣਾ ਕੇ ਵੀ ਚਾਰ ਪੈਸੇ ਬਚਦੇ ਆ।" ਕੇਵਲ ਨੇ ਰਵਾਇਤੀ ਦਲੀਲ ਦਿੱਤੀ।

"ਮੈਂ ਤਾਂ ਸਰਸਰੀ ਜਿਹੀ ਗੱਲ ਕੀਤੀ ਸੀ। ਅੱਜ ਕੱਲ ਦੇ ਬੱਚੇ ਆਪਣੇ ਵਾਲੇ ਬਿਜ਼ਨਸ ਵਿਚ ਦਿਲਚਸਪੀ ਨਹੀਂ ਰਖਦੇ। ਉਹ ਜੇ ਬਿਜ਼ਨਸ ਕਰਨਗੇ ਤਾਂ ਕੋਈ ਹੋਰ ਨਵਾਂ ਅੱਜ ਕੱਲ ਦੇ ਸਮੇਂ ਦੇ ਹਾਣ ਦਾ ਬਿਜ਼ਨਸ ਕਰਨਗੇ। ਤੈਨੂੰ ਪਤਾ ਈ ਐ ਗਰੌਸਰੀ ਦਾ ਕੰਮ ਕਿੰਨਾ ਸਖਤ ਐ। ਦਿਨੋ ਦਿਨ ਵੱਡੇ ਵੱਡੇ ਸਟੋਰਾਂ ਦਾ ਮੁਕਾਬਲਾ ਕਰਨਾ ਔਖਾ ਹੋਈ ਜਾਂਦਾ। ਬੱਚੇ ਆਪਣੇ ਜਿੰਨਾ ਸਖਤ ਕੰਮ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਨੀ। ਸ਼ਾਇਦ ਮੈਂ ਗਲਤ ਵੀ ਹੋਵਾਂ।"

ਕੇਵਲ ਸੋਚਣ ਲੱਗਾ ਪਰ ਉਸ ਨੇ ਕੋਈ ਗੱਲ ਨਾ ਕੀਤੀ। ਸਾਡੀਆਂ ਗੱਲਾਂ ਹੋਰ ਪਾਸੇ ਮੋੜਾ ਕੱਟ ਗਈਆਂ। ਖਾਣਾ ਖਾ ਕੇ ਅਸੀਂ ਘਰ ਆ ਗਏ।

ਕੁਝ ਦਿਨਾਂ ਬਾਅਦ ਕੇਵਲ ਦਾ ਫੋਨ ਆਇਆ ਤਾਂ ਉਸ ਨੇ ਦੱਸਿਆ ਕਿ ਰਵੀ ਬਿਜ਼ਨਸ ਵਿਚ ਦਿਲਚਸਪੀ ਨਹੀਂ ਰਖਦਾ ਤੇ ਉਹ ਦੁਕਾਨ ਵੇਚਣ ਬਾਰੇ ਵਿਚਾਰ ਕਰ ਰਿਹਾ ਸੀ। ਰਵੀ ਆਪਣੇ ਪਸੰਦ ਦੀ ਨੌਕਰੀ ਕਰਨੀ ਚਾਹੁੰਦਾ ਸੀ। ਹੁਣ ਕੇਵਲ ਦਾ ਧਿਆਨ ਉਸ ਦਾ ਵਿਆਹ ਕਰਨ ਵੱਲ ਸੀ।

"ਕੇਵਲ ਬੱਚਿਆਂ ਨੂੰ ਆਪਣੇ ਫੈਸਲੇ ਆਪ ਲੈਣ ਦੇਣੇ ਚਾਹੀਦੇ ਆ। ਜ਼ਮਾਨਾ ਬਦਲ ਗਿਆ। ਹੁਣ ਤਾਂ ਬੱਚੇ ਤੀਹਾਂ ਦੇ ਨੇੜ ਤੇੜ ਜਾ ਕੇ ਵਿਆਹ ਕਰਦੇ ਐ। ਕਈ ਤਾਂ ਵਿਆਹ ਬਾਰੇ ਗੱਲ ਈ ਨੀ ਕਰਦੇ। ਕਾਹਲ਼ੀ ਨਾ ਕਰ। ਹਾਂ ਨਿਆਣੇ ਦਾ ਮੂੰਹ ਸੁੰਘਣ ਵਿਚ ਕੋਈ ਹਰਜ ਨਹੀਂ।" ਮੈਂ ਉਸ ਨੂੰ ਰਾਇ ਦਿੱਤੀ।

ਇੰਝ ਦੋ ਕੁ ਸਾਲ ਲੰਘ ਗਏ। ਕੇਵਲ ਨੇ ਦੁਕਾਨ ਵੇਚ ਦਿੱਤੀ। ਮੁੜ ਕੇ ਉਸ ਨੇ ਮੁੰਡੇ ਦੇ ਵਿਆਹ ਬਾਰੇ ਵੀ ਕੋਈ ਗੱਲ ਨਾ ਕੀਤੀ। ਹੁਣ ਰਵੀ ਲੰਡਨ ਰਹਿੰਦਾ ਤੇ ਉੱਥੇ ਹੀ ਕੰਮ ਕਰਦਾ ਸੀ। ਉਸ ਨਾਲ ਸਾਡੀ ਮੁਲਾਕਾਤ ਵੀ ਨਹੀਂ ਸੀ ਹੁੰਦੀ। ਅਸੀਂ ਕੇਵਲ ਨੂੰ ਮਿਲਦੇ ਤਾਂ ਬੱਚਿਆਂ ਦੀ ਖੈਰ ਸੁੱਖ ਸਾਂਝੀ ਹੋ ਜਾਂਦੀ।

ਮੇਰਾ ਧਿਆਨ ਫਿਰ ਟੀ ਵੀ 'ਤੇ ਦਿਖਾਈ ਜਾ ਰਹੀ ਖਬਰ ਵੱਲ ਖਿੱਚਿਆ ਗਿਆ। ਇਕ ਵੱਡਾ ਘਰ ਜਿਸ ਦੀ ਲੰਬੀ ਕਾਰ ਡਰਾਈਵ ਹੈ। ਬਾਹਰ ਲੋਹੇ ਦਾ ਗੇਟ ਲੱਗਿਆ ਹੈ ਤੇ ਸਕਿਉਰਟੀ ਮੈਨ ਵੀ ਖੜ੍ਹਾ ਦਿਖਾਈ ਦੇ ਰਿਹਾ ਹੈ। ਰਵੀ ਅੰਦਰ ਇਕ ਵੱਡੇ ਖੁੱਲ੍ਹੇ ਕਮਰੇ ਵਿਚ ਕੁਰਸੀ 'ਤੇ ਬੈਠਾ ਹੈ। ਉਸ ਦੇ ਅੱਗੇ ਮੇਜ਼ 'ਤੇ ਰਿਵਾਲਵਰ ਪਿਆ ਹੈ। ਪਲੰਘ 'ਤੇ ਇਕ ਬਜ਼ੁਰਗ ਬੈਠਾ ਹੈ ਜਿਸ ਨੇ ਗਾਊਨ ਪਹਿਨਿਆ ਹੋਇਆ ਹੈ। ਉਹ ਘਬਰਾਇਆ ਹੋਇਆ ਨਹੀਂ ਪਰ ਚਿਹਰੇ 'ਤੇ ਤਣਾਅ ਸਾਫ ਝਲਕਦਾ ਨਜ਼ਰ ਆ ਰਿਹਾ ਹੈ। ਰਵੀ ਦੇ ਬੁੱਲ੍ਹ ਹਿਲਦੇ ਹਨ। ਉਹ ਬਿਲਕੁਲ ਸ਼ਾਂਤ ਤੇ ਨਿੱਡਰ ਦਿਸ ਰਿਹਾ ਹੈ। ਬਜ਼ੁਰਗ ਆਦਮੀ ਉੱਠ ਕੇ ਉਸ ਨੂੰ ਵਿਸਕੀ ਦਾ ਪੈੱਗ ਬਣਾ ਦਿੰਦਾ ਹੈ ਤੇ ਆਪ ਵੀ ਇਕ ਛੋਟਾ ਪੈੱਗ ਲੈ ਕੇ ਫਿਰ ਆਪਣੀ ਥਾਂ ਲੈ ਲੈਂਦਾ ਹੈ।

"ਇਹ ਰਵੀ ਏਥੇ ਕੀ ਕਰਦਾ ਹੋਇਆ ਤੇ ਇਹ ਗੰਨ--!" ਜੀਤਾਂ ਸਵਾਲ ਕਰਦੀ ਹੈ ਤੇ ਮੈਂ ਚੁੱਪ ਰਹਿੰਦਾ ਹਾਂ।

ਬਾਹਰ ਪੁਲੀਸ ਦੀਆਂ ਗੱਡੀਆਂ ਖੜ੍ਹੀਆਂ ਹਨ। ਘਰ ਦੇ ਚਾਰੇ ਪਾਸੇ ਪੁਲੀਸ ਹੈ ਤੇ ਸ਼ਾਇਦ ਰਵੀ ਦੇ ਅੰਦਰ ਜਾਣ ਦਾ ਰਸਤਾ ਢੂੰਡ ਰਹੀ ਹੈ। ਖਬਰਾਂ ਵਿਚ ਅਜੇ ਕੁਝ ਵੀ ਨਹੀਂ ਦੱਸਿਆ ਗਿਆ। ਇਕ ਗੱਲ ਸਾਫ ਹੈ ਰਵੀ ਉਸ ਘਰ ਵਿਚ ਕਿਸੇ ਖਤਰਨਾਕ ਇਰਾਦੇ ਨਾਲ ਗਿਆ ਲਗਦਾ ਹੈ। ਜੀਤਾਂ ਫਿਰ ਬੋਲਦੀ ਹੈ।

"ਭਾਅ ਜੀ ਕੇਵਲ ਨੂੰ ਫੋਨ ਲਾ ਕੇ ਤਾਂ ਦੇਖੋ। ਸ਼ਾਇਦ ਕੋਈ ਜਾਣਕਾਰੀ ਮਿਲ ਜਾਵੇ!"

"ਜੀਤਾਂ, ਉਹ ਪਤਾ ਨਹੀਂ ਵਿਚਾਰੇ ਕਿੰਨੇ ਫਿਕਰ ਵਿਚ ਹੋਣਗੇ। ਪਤਾ ਨਹੀਂ ਅਜੇ ਉਹਨਾਂ ਨੂੰ ਪਤਾ ਵੀ ਹੈ ਕਿ ਨਹੀਂ। ਹੋ ਸਕਦਾ ਪੁਲੀਸ ਹੀ ਉਹਨਾਂ ਤੋਂ ਪੁੱਛ-ਗਿੱਛ ਕਰ ਰਹੀ ਹੋਵੇ। ਨਾਲੇ ਰਵੀ ਕਿਹੜਾ ਉਹਨਾਂ ਨੂੰ ਦੱਸ ਗਿਆ ਹੋਊ।"

"ਕਿਸੇ ਨਾ ਕਿਸੇ ਸੋਸ਼ਲ ਮੀਡੀਆ ਵਾਲੇ ਨੇ ਤਾਂ ਹੁਣ ਤਕ ਤਸਵੀਰਾਂ ਭਾਅ ਜੀ ਨੂੰ ਭੇਜ ਦਿੱਤੀਆਂ ਹੋਣਗੀਆਂ। ਲੋਕਾਂ ਨੂੰ ਤਾਂ ਜਲਦੀ ਹੁੰਦੀ ਐ, ਸਭ ਤੋਂ ਪਹਿਲਾਂ ਅੱਪਲੋਡ ਕਰਨ ਦੀ।"

ਕੁਝ ਦਿਨ ਪਹਿਲਾਂ ਦੀ ਇਕ ਵੀਡੀਓ ਮੇਰੇ ਖਿਆਲ ਵਿਚ ਆਈ। ਕਿਸੇ ਦਾ ਐਕਸੀਡੈਂਟ ਹੋ ਗਿਆ ਸੀ। ਲੋਕ ਇਕੱਠੇ ਹੋ ਗਏ ਤੇ ਕੁਝ ਤਾਂ ਸਭ ਤੋਂ ਪਹਿਲਾਂ ਵੀਡੀਓ ਬਣਾਉਣ ਲੱਗੇ। ਕਿਸੇ ਨੇ ਡਿੱਗੇ ਪਏ ਬੰਦੇ ਦਾ ਖਿਆਲ ਨਹੀਂ ਸੀ ਕੀਤਾ। ਕਿਸੇ ਨੇ ਉਸ ਨੂੰ ਹਸਪਤਾਲ ਲਿਜਾਣ ਦਾ ਹੀਲਾ ਨਹੀਂ ਸੀ ਕੀਤਾ। ਉਸ ਦੀ ਜਾਨ ਨਾਲੋਂ ਉਹਨਾਂ ਨੂੰ ਫੋਟੋ ਖਿੱਚ ਕੇ ਅੱਪਲੋਡ ਕਰਨ ਦੀ ਕਾਹਲ਼ੀ ਸੀ। ਹੁਣ ਵੀ ਸ਼ਾਇਦ ਕੁਝ ਲੋਕ ਅਜਿਹਾ ਹੀ ਕਰ ਰਹੇ ਹੋਣਗੇ। ਮੈਨੂੰ ਜੀਤਾਂ ਦੀ ਗੱਲ ਸਹੀ ਲੱਗੀ। ਤਾਂ ਹੀ ਉਸ ਕੋਲ਼ ਇਹ ਵੀਡੀਉ ਪਹੁੰਚ ਗਿਆ ਸੀ।

ਮੇਰਾ ਧਿਆਨ ਫਿਰ ਰਵੀ ਵੱਲ ਗਿਆ। ਉਹ ਬਹੁਤ ਆਰਾਮ ਨਾਲ ਵਿਸਕੀ ਦੇ ਘੁੱਟ ਭਰ ਰਿਹਾ ਸੀ। ਨਾਲ ਹੀ ਬਜ਼ੁਰਗ ਨਾਲ ਗੱਲਾਂ ਕਰ ਰਿਹਾ ਸੀ। ਲਗਦਾ ਸੀ ਬਜ਼ੁਰਗ ਉਸ ਦੇ ਸਵਾਲਾਂ ਦਾ ਜਵਾਬ ਦੇ ਰਿਹਾ ਸੀ।

"ਇਹ ਮਾਮਲਾ ਤਾਂ ਦੇਰ ਤਕ ਚੱਲੂ। ਚੱਲ ਆਪਾਂ ਕਿਤੇ ਬਾਹਰ ਨੂੰ ਚੱਲੀਏ। ਘਰੇ ਬੈਠੇ ਤਾਂ ਟੀ ਵੀ ਦੇਖ ਦੇਖ ਹੀ ਡਿਪਰੈੱਸ ਹੋਈ ਜਾਵਾਂਗੇ।" ਮੈਂ ਟੀ ਵੀ ਬੰਦ ਕਰਦਿਆਂ ਕਿਹਾ।

"ਪਰ ਜਾਣਾ ਕਿੱਥੇ ਐ? ਦੇਖ ਤਾਂ ਲੈਂਦੇ ਬਈ ਮੁੰਡੇ ਨੂੰ ਛੱਡਦੇ ਆ ਕਿ ਨਹੀਂ। " ਜੀਤਾਂ ਦਾ ਮਨ ਰਵੀ ਨੂੰ ਘਰ ਆਇਆ ਵੇਖਣ ਲਈ ਕਾਹਲ਼ਾ ਸੀ।

"ਜੀਤਾਂ, ਐਡੀ ਵੱਡੀ ਘਟਨਾ ਐ। ਇਹ ਜਲਦੀ ਨਹੀਂ ਨਿਬੜਨਾ। ਸ਼ਾਇਦ ਰਾਤ ਦੇਰ ਤਕ ਈ ਰਵੀ ਨੂੰ ਗ੍ਰਿਫਤਾਰ ਕਰ ਸਕਣ--।"

ਮੈਨੂੰ ਐਨਾ ਚਿਰ ਇਸ ਹਾਲਾਤ ਵਿਚੋਂ ਦੀ ਗੁਜ਼ਰਨਾ ਬਹੁਤ ਮੁਸ਼ਕਲ ਲਗਦਾ ਸੀ। ਘਰੇ ਰਹਿੰਦੇ ਤਾਂ ਟੀ ਵੀ ਜਾਂ ਟੈਲੀਫੋਨ ਨਾਲ ਹੀ ਬੱਝੇ ਰਹਿਣਾ ਸੀ ਤੇ ਮੈਂ ਇਹ ਨਹੀਂ ਸੀ ਚਾਹੁੰਦਾ। ਮੈਨੂੰ ਕੋਈ ਯੋਗ ਜਿਹੀ ਜਗਾਹ ਨਹੀਂ ਸੀ ਦਿਸ ਰਹੀ ਜਿੱਥੇ ਟੈਲੀਫੋਨ ਤੇ ਟੀ ਵੀ ਦੋਵੇਂ ਹੀ ਨਾ ਹੋਣ।

"ਚੱਲ ਆਪਾਂ ਕੋਈ ਫਿਲਮ ਦੇਖ ਕੇ ਆਉਨੇ ਆਂ। ਸਿਨਮੇ 'ਚ ਫਿਲਮ ਦੇਖਿਆਂ ਵੀ ਜੁਗੜੇ ਈ ਬੀਤ ਗਏ ਐ।" ਸੁਣ ਕੇ ਜੀਤਾਂ ਨੇ ਵੀ ਕੋਈ ਨਾਂਹ ਨੁੱਕਰ ਨਾ ਕੀਤੀ। ਫੋਨ ਅਸੀਂ ਬੰਦ ਕਰ ਦਿੱਤੇ।

***

ਜਦ ਅਸੀਂ ਘਰ ਆਏ ਤਾਂ ਪੁਲੀਸ ਅਫਸਰ ਦੀ ਇੰਟਰਵਿਊ ਚੱਲ ਰਹੀ ਸੀ। ਰਵੀ ਕਿਸ ਤਰ੍ਹਾਂ ਜਾਂ ਕਿਸ ਰਾਹ ਅੰਦਰ ਗਿਆ, ਉਸ ਨੇ ਦੱਸਣ ਤੋਂ ਨਾਂਹ ਕਰ ਦਿੱਤੀ। ਇੰਝ ਕਰਨ ਨਾਲ ਕੋਈ ਹੋਰ ਵੀ ਕੋਸ਼ਿਸ਼ ਕਰ ਸਕਦਾ ਸੀ। ਪਰ ਏਨਾ ਜ਼ਰੂਰ ਕਿਹਾ ਕਿ ਉਹ ਰਾਹ ਪੂਰੀ ਤਰ੍ਹਾਂ ਸੁਰੱਖਿਅਤ ਕਰ ਦਿੱਤਾ ਗਿਆ ਸੀ। ਮੈਂ ਉਸ ਦੀ ਸਾਰੀ ਇੰਟਰਵਿਊ ਸੁਣੀ ਤੇ ਜੀਤਾਂ ਆਪਣੀ ਆਦਤ ਅਨੁਸਾਰ ਵਿਚ ਵਿਚ ਸਵਾਲ ਪੁੱਛੀ ਜਾਂਦੀ ਸੀ ਪਰ ਮੈਂ ਜਵਾਬ ਕੋਈ ਨਾ ਦਿੱਤਾ।

ਪੁਲੀਸ ਨੂੰ ਲੌਰਡ ਸਟੀਵਨਸਨ ਦੀ ਪਤਨੀ ਨੇ ਟੈਲੀਫੋਨ ਕੀਤਾ ਸੀ, ਜੋ ਨਾਲ ਦੇ ਕਮਰੇ ਵਿਚ ਸੀ। ਦੋਵਾਂ ਕਮਰਿਆਂ ਵਿਚ ਸਾਂਝਾ ਦਰਵਾਜ਼ਾ ਹੋਣ ਕਰਕੇ ਉਸ ਨੇ ਗੱਲ-ਬਾਤ ਸੁਣੀ ਤਾਂ ਦਰਵਾਜ਼ੇ ਦੀ ਵਿਰਲ ਵਿਚੋਂ ਰਵੀ ਨੂੰ ਦੇਖਿਆ। ਇਹ ਉਸ ਨੂੰ ਸ਼ੱਕੀ ਲੱਗਾ। ਉਸ ਨੇ ਆਪਣੇ ਕਮਰੇ ਦੇ ਦਰਵਾਜ਼ੇ ਨੂੰ ਜਿੰਦਰਾ ਲਗਾ ਲਿਆ ਤੇ ਚੁੱਪ ਚਾਪ ਪੁਲੀਸ ਦੀ ਉਡੀਕ ਕਰਦੀ ਰਹੀ। ਕੁਝ ਮਿੰਟਾਂ ਵਿਚ ਪੁਲੀਸ ਪਹੁੰਚ ਗਈ ਤਾਂ ਉਹ ਹੇਠਾਂ ਚਲੀ ਗਈ ਤੇ ਪੁਲੀਸ ਨੂੰ ਆਪਣਾ ਕਮਰਾ ਦਿਖਾ ਦਿੱਤਾ। ਪੁਲੀਸ ਦੇ ਮਾਹਿਰਾਂ ਨੇ ਰਵੀ ਨਾਲ ਗੱਲ-ਬਾਤ ਸ਼ੁਰੂ ਕੀਤੀ ਤੇ ਦੋ ਤਿੰਨ ਘੰਟਿਆਂ ਦੀ ਕੋਸ਼ਿਸ਼ ਮਗਰੋਂ ਉਸ ਨੂੰ ਹਥਿਆਰ ਸੁੱਟ ਕੇ ਪੇਸ਼ ਹੋਣ ਲਈ ਮਨਾ ਲਿਆ। ਇੰਝ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ।

ਪੁਲੀਸ ਨੂੰ ਗੁਪਤ ਸੀ ਸੀ ਟੀ ਵੀ ਕੈਮਰਾ ਜਿਹੜਾ ਲੌਰਡ ਦੇ ਕਮਰੇ ਵਿਚ ਬੰਦ ਰਹਿੰਦਾ ਸੀ ਤੇ ਲੋੜ ਪੈਣ ’ਤੇ ਲੇਡੀ ਆਪਣੇ ਕਮਰੇ ਵਿਚੋਂ ਜਾਂ ਲੌਰਡ ਖੁਦ ਔਨ ਕਰ ਸਕਦੇ ਸਨ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਲੇਡੀ ਨੇ ਕੈਮਰਾ ਚਲਾ ਦਿੱਤਾ। ਪੁਲੀਸ ਨੇ ਕੈਮਰੇ ਦੀਆਂ ਰਿਕਾਰਡ ਕੀਤੀਆਂ ਫੋਟੋ ਲੈ ਕੇ ਜਲਦੀ ਹੀ ਰਵੀ ਦੀ ਔਨ ਲਾਈਨ ਭਾਲ ਸ਼ੁਰੂ ਕਰ ਦਿੱਤੀ। ਹਰ ਵਿਅਕਤੀ ਦਾ ਪਾਸਪੋਰਟ, ਡਰਾਈਵਿੰਗ ਲਾਇਸੰਸ ਤੇ ਹੋਰ ਬਹੁਤ ਸਾਰੇ ਦਫਤਰਾਂ ਵਿਚ ਫੋਟੋ ਹੁੰਦੀਆਂ ਹਨ। ਪੁਲੀਸ ਨੇ ਕੰਪਿਊਟਰ ਦੀ ਮਦਦ ਨਾਲ ਉਹਨਾਂ ਫੋਟੋਆਂ ਨਾਲ ਰਵੀ ਦੀ ਫੋਟੋ ਮਿਲਾਈ ਤੇ ਕੰਪਿਊਟਰ ਨੇ ਸਹੀ ਫੋਟੋ ਦੀ ਸਹੀ ਪਾ ਦਿੱਤੀ। ਪੁਲੀਸ ਨੂੰ ਉਸ ਦੇ ਘਰ ਦਾ ਐਡਰੈੱਸ, ਉਸ ਦੀ ਯੂਨੀਵਰਸਿਟੀ ਦੇ ਦੋਸਤ, ਉਸ ਦੇ ਕੰਮ ਦਾ ਪਤਾ, ਗੱਲ ਕੀ ਸਭ ਲੋੜੀਂਦੀ ਜਾਣਕਾਰੀ ਮਿਲ ਗਈ ਸੀ।

ਇਕ ਪਾਸੇ ਪੁਲੀਸ ਰਵੀ ਤੋਂ ਪੁੱਛ-ਗਿੱਛ ਕਰ ਰਹੀ ਸੀ, ਦੂਜੇ ਪਾਸੇ ਰੈਡਿੰਗ ਪੁਲੀਸ ਉਸ ਦੇ ਮਾਪਿਆਂ ਤੋਂ ਜਾਣਕਾਰੀ ਲੈ ਰਹੀ ਸੀ। ਉਹਨਾਂ ਨੂੰ ਤਾਂ ਕੁਝ ਪਤਾ ਹੀ ਨਹੀਂ ਸੀ। ਉਸ ਦੇ ਦੋਸਤਾਂ ਨੂੰ ਵੀ ਬਹੁਤੀ ਜਾਣਕਾਰੀ ਨਹੀਂ ਸੀ, ਜਿਸ ਨਾਲ ਰਵੀ ਦੇ ਇਸ ਘਟਨਾ ਵਿਚ ਉਲਝਣ ਦੇ ਕਾਰਨਾਂ ਨੂੰ ਸਮਝਣ ਵਿਚ ਮਦਦ ਮਿਲ ਸਕਦੀ। ਕੁਝ ਖਾਸ ਪੁਲੀਸ ਦੇ ਹੱਥ ਨਹੀਂ ਸੀ ਲੱਗਿਆ। ਅਸਲ ਜਾਣਕਾਰੀ ਉਸ ਦੇ ਟੈਲੀਫੋਨ ਤੇ ਲੈਪਟੌਪ ਤੋਂ ਮਿਲੀ।

ਰਵੀ ਦੀ ਦਿਲਚਸਪੀ ਸਾਜ਼ਿਸ਼ੀ ਸਿਧਾਂਤਾਂ, ਜਿਹਨਾਂ ਨੂੰ ਕੌਂਸਪੀਰੇਸੀ ਥਿਊਰੀ ਕਿਹਾ ਜਾਂਦਾ ਹੈ, ਵਿਚ ਕਾਫੀ ਵਧ ਗਈ ਸੀ। ਕਰੋਨੇ ਦੀ ਮਹਾਂਮਾਰੀ ਨੂੰ ਵੀ ਉਹ ਕੁਝ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ, ਦਵਾਈ ਵੇਚਣ ਵਾਲੇ ਦੁਕਾਨਦਾਰ ਤੇ ਡਾਕਟਰਾਂ ਦੀ ਮਿਲੀ ਭੁਗਤ ਦੇ ਸਾਜ਼ਿਸ਼ੀ ਸਿਧਾਂਤ ਅਨੁਸਾਰ ਜਾਣ-ਬੁਝ ਕੇ ਪੈਦਾ ਕਰਨ ਵਿਚ ਯਕੀਨ ਕਰਦਾ ਸੀ। ਅਜਿਹੀ ਥਿਊਰੀ ਫੈਲਾਉਣ ਵਾਲੇ ਲੋਕਾਂ ਨਾਲ ਉਸ ਦਾ ਸੋਸ਼ਲ ਮੀਡੀਏ ’ਤੇ ਡੂੰਘਾ ਸੰਪਰਕ ਸੀ।

ਅਮਰੀਕਾ ਦੇ ਇਕ ਸਕੂਲ ਵਿਚ ਇਕ ਗੰਨਮੈਨ ਨੇ ਡੇਢ-ਦੋ ਦਰਜਨ ਬੱਚੇ ਮਾਰ ਦਿੱਤੇ। ਇਸ ਨਾਲ ਹਾਹਾਕਾਰ ਮੱਚਣੀ ਜ਼ਰੂਰੀ ਸੀ। ਇਕ ਸਾਜ਼ਿਸ਼ੀ ਵਿਅਕਤੀ, ਜੋ ਇਕ ਟੀ ਵੀ ਸਟੇਸ਼ਨ ਦਾ ਮਾਲਕ ਸੀ, ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਗ਼ਲਤ ਤੇ ਮਨਘੜਤ ਖਬਰ ਹੈ। ਟਰੰਪ ਸਰਕਾਰ ਨੂੰ ਬਦਨਾਮ ਕਰਨ ਲਈ ਕੁਝ ਲੋਕ ਅਜਿਹੀਆਂ ਖਬਰਾਂ ਲੋਕਾਂ ਵਿਚ ਡਰ ਪੈਦਾ ਕਰਨ ਲਈ ਫੈਲਾ ਰਹੇ ਹਨ। ਰਵੀ ਵੀ ਉਸ ਨਾਲ ਸਹਿਮਤ ਸੀ ਤੇ ਆਪਣੀਆਂ ਪੋਸਟਾਂ ਵਿਚ ਇਸ ਖਬਰ ਨੂੰ ਗਲਤ ਮੰਨ ਰਿਹਾ ਸੀ।

ਮਾਰੇ ਗਏ ਬੱਚਿਆਂ ਦੇ ਮਾਪਿਆਂ ਨੇ ਉਸ ਬੰਦੇ ’ਤੇ ਅਦਾਲਤ ਵਿਚ ਕੇਸ ਕਰ ਦਿੱਤਾ। ਪੁਲੀਸ ਨੇ ਕਾਤਲ ਵਿਰੁੱਧ ਕੇਸ ਦਰਜ ਕੀਤਾ ਹੋਇਆ ਸੀ, ਬੱਚਿਆਂ ਦੇ ਪੋਸਟ ਮਾਰਟਮ ਦੀਆਂ ਰਿਪੋਰਟਾਂ, ਉਹਨਾਂ ਦੇ ਡੈੱਥ ਸਰਟੀਫਿਕਟ ਆਦਿ ਸਭ ਸਬੂਤ ਮੌਜੂਦ ਸਨ। ਅਦਾਲਤ ਨੇ ਸਾਜ਼ਿਸ਼ੀ ਖਬਰਾਂ ਦੇ ਵਣਜਾਰੇ ਵਿਰੁੱਧ ਫੈਸਲਾ ਦਿੱਤਾ ਤੇ ਸੈਂਕੜੇ ਮਿਲੀਅਨ ਡਾਲਰ ਖਰਚਾ ਤੇ ਬੱਚਿਆਂ ਦੇ ਮਾਪਿਆਂ ਨੂੰ

ਮਾਨਸਿਕ ਤਕਲੀਫ ਅਤੇ ਬੱਚਿਆਂ ਦੀ ਦੁਖਦਾਈ ਮੌਤ ਨਾਲ ਖਿਲਵਾੜ ਕਰਨ ਨੂੰ ਸਹੀ ਮੰਨਿਆ। ਉਸ ਦੀ 300 ਮਿਲੀਅਨ ਡਾਲਰ ਦੀ ਜਾਇਦਾਦ ਸੀ। ਉਸ ਦਾ ਦਿਵਾਲ਼ਾ ਨਿਕਲ ਗਿਆ। ਪਰ ਰਵੀ ਅਜੇ ਵੀ ਉਸ ਦੀ ਕਹਾਣੀ ਨੂੰ ਸੱਚ ਮੰਨਦਾ ਸੀ।

ਮੈਂ ਇਹ ਜੀਤਾਂ ਨੂੰ ਦੱਸਿਆ ਤਾਂ ਉਸ ਨੂੰ ਵਿਸ਼ਵਾਸ ਨਾ ਆਇਆ। ਭਲਾ ਝੂਠੀਆਂ ਤੇ ਮਨਘੜਤ ਖਬਰਾਂ ਕਿਵੇਂ ਸੱਚ ਬਣ ਜਾਂਦੀਆਂ! ਉਹ ਸਿਰ ਮਾਰ ਰਹੀ ਸੀ।

"ਤੂੰ ਕਦੇ ਭੂਤ, ਪ੍ਰੇਤ ਜਾਂ ਚੁੜੇਲ ਦੇਖੀ ਐ?" ਮੈਂ ਸਵਾਲ ਕੀਤਾ।

"ਨਹੀਂ, ਪਰ ਕਈ ਲੋਕ ਇੰਡੀਆ ਵਿਚ ਕਹਿੰਦੇ ਸੀ ਉਹਨਾਂ ਨੇ ਦੇਖੀ ਐ।"

"ਕਈ ਲੋਕ ਤਾਂ ਏਥੇ ਵੀ ਕਹਿੰਦੇ ਸੀ ਕਿ ਉਹਨਾਂ ਨੇ 'ਵਿੱਚਜ਼' ਦੇਖੀਆਂ ਜਾਂ ਸੁਣੀਆਂ ਤੇ ਇੰਡੀਆ 'ਚ ਜਿਵੇਂ 'ਸਿਆਣੇ' ਚੁੜੇਲਾਂ ਤੋਂ ਖਹਿੜਾ ਛੁਡਾਉਣ ਦਾ ਢੌਂਗ ਕਰਦੇ ਹੁੰਦੇ ਐ, ਉਵੇਂ ਏਥੇ 'ਵਿੱਚ ਹੰਟਰ' ਹੁੰਦੇ ਸੀ।"

"ਫੇਰ", ਜੀਤਾਂ ਨੇ ਅਜੇ ਪੂਰੀ ਗੱਲ ਸਮਝੀ ਨਹੀਂ ਸੀ।

"ਤੇਰ੍ਹਵੀਂ-ਚੌਧਵੀਂ ਸਦੀ ਤਕ 'ਵਿੱਚਜ਼' ਦਾ ਨਾਂ ਨਿਸ਼ਾਨ ਨਹੀਂ ਸੀ। ਫੇਰ ਕਿਸੇ ਦੀ ਕਲਪਨਾ ਨੇ ਇਹ, ਚੁੜੇਲ ਕਹਿ ਲਉ ਜਾਂ ਵਿੱਚ ਬਾਰੇ ਅਫਵਾਹ ਚਲਾਈ ਜਿਵੇਂ ਅੱਜ ਕੱਲ ਸਾਜ਼ਿਸ਼ੀ ਲੋਕ ਅਫਵਾਹਾਂ ਫੈਲਾ ਰਹੇ ਐ। ਹੌਲ਼ੀ ਹੌਲ਼ੀ ਇਸ ਅਫਵਾਹ ਨੂੰ ਲੋਕ ਸੱਚ ਮੰਨਣ ਲੱਗੇ। ਓਦੋਂ ਸਰਕਾਰੀ ਲੋਕਾਂ ਦੀ ਜਾਣਕਾਰੀ ਦਾ ਘੇਰਾ ਵੀ ਸੀਮਤ ਹੀ ਹੁੰਦਾ ਸੀ ਤੇ ਉਹਨਾਂ ਦਾ ਵੀ ਅਫਵਾਹਾਂ 'ਤੇ ਯਕੀਨ ਕਰ ਲੈਣਾ ਕੁਦਰਤੀ ਸੀ। ਸਰਕਾਰਾਂ ਨੇ ਵੀ ਆਪਣੇ 'ਵਿੱਚ ਹੰਟਰ' ਰੱਖ ਲਏ। ਜਦ ਕੋਈ ਕਿਸੇ 'ਤੇ 'ਵਿੱਚ' (whitch) ਜਾਣੀ ਚੁੜੇਲ ਹੋਣ ਦਾ ਦੋਸ਼ ਲਗਾਉਂਦਾ ਤਾਂ ਸਰਕਾਰੀ 'ਵਿੱਚ ਹੰਟਰ' ਦੀ ਰਾਇ ਲਈ ਜਾਂਦੀ ਜਿਹੜੀ ਆਮ ਕਰਕੇ ਦੋਸ਼ੀ ਦੇ ਉਲਟ ਹੁੰਦੀ। ਵਿੱਚ ਜਾਣੀ ਚੁੜੇਲ ਨੂੰ ਮੌਤ ਦੀ ਸਜ਼ਾ ਹੋ ਜਾਂਦੀ ਤੇ ਦੋਸ਼ ਲਗਾਉਣ ਵਾਲਾ ਕਈ ਵਾਰ ਉਸ ਦੀ ਜਾਇਦਾਦ ਵੀ ਹੜੱਪ ਕਰ ਲੈਂਦਾ। ਕਿਉਂਕਿ ਕਦੀ ਕਦੀ ਸਾਰੇ ਪਰਿਵਾਰ 'ਤੇ ਹੀ ਚੁੜੇਲਾਂ/ਪ੍ਰੇਤਾਂ ਦਾ ਪਰਿਵਾਰ ਹੋਣ ਦਾ ਠੱਪਾ ਲੱਗ ਜਾਂਦਾ ਸੀ।"

"ਪਰ ਤੁਹਾਨੂੰ ਕਿਵੇਂ ਪਤੈ?"

"ਮੈਂ ਇਕ ਮੰਨੇ-ਪ੍ਰਮੰਨੇ ਇਤਿਹਾਸਕਾਰ ਦੀ ਕਿਤਾਬ ਪੜ੍ਹੀ ਸੀ, ਜਿਸ ਵਿਚ ਉਸ ਨੇ ਸਭ ਵਿਸਥਾਰ ਅਤੇ ਸਬੂਤਾਂ ਨਾਲ ਦੱਸਿਆ।"

"ਪਰ ਰਵੀ ਦਾ ਇਹਦੇ ਨਾਲ ਕੀ ਸਬੰਧ?"

"ਆਪਾਂ ਥੋੜ੍ਹਾ ਪਾਸੇ ਚਲੇ ਗਏ। ਪੁਲੀਸ ਦੀ ਰਿਪੋਰਟ ਅਨੁਸਾਰ ਰਵੀ ਕਿਸੇ 'ਸਾਰਾਹ' ਨਾਂ ਦੀ ਕੁੜੀ ਨਾਲ ਬਾਤ-ਚੀਤ ਕਰਦਾ ਸੀ ਤੇ ਉਹ ਸੁਨੇਹੇ ਵੀ ਸਾਂਝੇ ਕਰਦੇ ਰਹਿੰਦੇ ਸਨ। ਕਈ ਵਾਰ ਰੁਮਾਂਸ ਅਤੇ ਕਈ ਵਾਰ ਸਾਧਾਰਨ ਗੱਲਾਂ ਕਰਦੇ। ਕਦੀ ਕਾਮੁਕ ਤੇ ਕਦੇ ਪਰਿਵਾਰ ਤੇ ਦੋਸਤਾਂ ਬਾਰੇ ਵੀ। ਉਹ ਵੀ ਦਿਨ ਵਿਚ ਕਈ ਕਈ ਵਾਰ। ਇਸ ਸਭ ਦਾ ਰਿਕਾਰਡ ਪੁਲੀਸ ਨੂੰ ਮਿਲਿਆ। ਪੁਲੀਸ ਇਸ ਕੁੜੀ ਦੀ ਭਾਲ਼ ਵਿਚ ਸੀ। ਰਵੀ ਨੇ ਉਸ ਨੂੰ ਇਕ ਵਾਰ ਦੱਸਿਆ ਕਿ ਉਹ ਸੰਬੰਧਤ ਲੌਰਡ ਨੂੰ ਪਸੰਦ ਨੀ ਕਰਦਾ ਤੇ ਉਹ ਧਰਤੀ ਉੱਤੇ ਬੋਝ ਹੈ। ਇਸ ਬੋਝ ਨੂੰ ਉਹ ਹਟਾਉਣਾ ਚਾਹੁੰਦਾ ਹੈ। ਸਾਰਾਹ ਤੋਂ ਉਸ ਦਾ ਵਿਚਾਰ ਪੁੱਛਿਆ?"

"ਨਹੀਂ ਨਹੀਂ, ਰਵੀ ਤਾਂ ਨੀ ਇਹੋ ਜਿਹਾ ਲੱਗਦਾ।" ਜੀਤਾਂ ਨੂੰ ਯਕੀਨ ਨਹੀਂ ਸੀ ਆ ਰਿਹਾ।

"ਸਾਰਾਹ ਦਾ ਜਵਾਬ ਤਾਂ ਸੁਣ। ਉਹ ਰਵੀ ਨਾਲ ਸਹਿਮਤ ਸੀ। ਇਸ ਬੋਝ ਨੂੰ ਹਟਾਉਣ ਲਈ ਰਵੀ ਨੂੰ ਸਗੋਂ ਉਕਸਾ ਰਹੀ ਸੀ।"

"ਅੱਛਾ ਉਹਨੇ ਇਹ ਜਵਾਬ ਦਿੱਤਾ! ਕਿਹੋ ਜੀ ਕੁੜੀ ਐ ਉਹ?" ਜੀਤਾਂ ਦਾ ਮੂੰਹ ਗ਼ੁੱਸੇ ਤੇ

ਹੈਰਾਨੀ ਨਾਲ ਰੰਗ ਵਟਾ ਗਿਆ ਸੀ।

"ਸਾਰਾਹ ਨੂੰ ਉਹਨੇ ਪੁੱਛਿਆ ਕਿ ਜੇ ਉਹ ਲੌਰਡ ਦਾ ਕਤਲ ਕਰ ਦਿੰਦਾ ਹੈ ਤਾਂ ਸਾਰਾਹ ਉਸ ਨੂੰ ਨਫਰਤ ਤਾਂ ਨਹੀਂ ਕਰਨ ਲੱਗ ਜਾਵੇਗੀ। ਸਾਰਾਹ ਨੇ ਕਿਹਾ ਕਿ ਉਹ ਰਵੀ ਨੂੰ ਕਦੀ ਵੀ ਨਫਰਤ ਨਹੀਂ ਕਰ ਸਕਦੀ ਸਗੋਂ ਉਹਦਾ ਪਿਆਰ ਤੇ ਇੱਜ਼ਤ ਉਸ ਦੀਆਂ ਨਜ਼ਰਾਂ ਵਿਚ ਹੋਰ ਵੀ ਵਧ ਜਾਵੇਗਾ।"

"ਹਾਇ ਹਾਇ, ਕਿਹੋ ਜੀ ਐ ਚੁੜੇਲ ਜਿਹੀ? ਮੁੰਡੇ ਨੂੰ ਗ਼ਲਤ ਪਾਸੇ ਲਾਈ ਜਾਂਦੀ ਐ। ਫੇਰ ਉਹ ਫੜੀ ਗਈ?"

"ਦਿਲਚਸਪ ਗੱਲ ਇਹ ਐ ਕਿ ਉਹ ਅਸਲੀ ਕੁੜੀ ਨਹੀਂ ਸੀ। 'ਏ ਆਈ' ਜਾਣੀ ਨਕਲੀ ਚੇਤਨਾ ਨਾਲ ਕੰਪਿਊਟਰ ਨੇ ਆਪਣੇ ਆਪ ਹੀ ਇਹ ਸਾਰੀ ਗੱਲ-ਬਾਤ ਦੀ ਸਿਰਜਣਾ ਕੀਤੀ ਸੀ। ਪੁਲੀਸ ਦੇ ਮਾਹਿਰਾਂ ਦੀ ਛਾਣ-ਬੀਣ ਨਾਲ ਇਹ ਸਭ ਸਾਫ ਹੋ ਗਿਆ।"

"ਵਾਅਗੁਰੂ ਵਾਅਗੁਰੂ। ਕਿਹੋ ਜਿਆ ਸਮਾਂ ਆ ਗਿਆ। ਪਰ ਆਵਾਜ਼ ਤੇ ਸਾਰੀ ਗੱਲ-ਬਾਤ ਬਿਨਾਂ ਕਿਸੇ ਇਨਸਾਨ ਦੀ ਮੌਜੂਦਗੀ ਤੋਂ। ਯਕੀਨ ਕਰਨਾ ਮੁਸ਼ਕਲ ਐ।" ਉਸ ਦੀ ਹੈਰਾਨੀ ਹੋਰ ਵੀ ਵਧ ਗਈ।

"ਤੂੰ ਦੇਖ ਨਾ ਉਹ ਤੇਰੀ ਭਾਣਜੀ ਐ ਕੈਨੇਡਾ। ਉਹਦਾ ਕੁਝ ਦਿਨ ਹੋਏ ਫੋਨ ਆਇਆ ਸੀ। ਅਖੇ ਤੇਰਾ ਕੈਨੇਡਾ 'ਚ ਐਕਸੀਡੈਂਟ ਹੋ ਗਿਆ ਤੇ ਤੈਨੂੰ ਐਮਰਜੈਂਸੀ ਵਿਚ ਪੈਸਿਆਂ ਦੀ ਲੋੜ ਐ। ਅਕਾਊਂਟ ਨੰਬਰ ਵੀ ਉਹਨੇ ਦੱਸ ਦਿੱਤਾ ਸੀ। ਕੁੜੀ ਪੈਸੇ ਪਾਉਣ ਨੂੰ ਤਿਆਰ ਵੀ ਹੋ ਗਈ ਪਰ ਉਹਦਾ ਪਤੀ ਓਥੇ ਹੈ ਨਹੀਂ ਸੀ ਤੇ ਬੈਂਕ ਦਾ ਕੰਮ ਉਹੀ ਕਰਦਾ ਸੀ। ਸੋ ਉਹ ਕੁਝ ਕਰ ਨਾ ਸਕੀ। ਦੋ ਚਾਰ ਦਿਨ ਬਾਅਦ ਤੂੰ ਉਹਨੂੰ ਫੋਨ ਕੀਤਾ ਤਾਂ ਉਹ ਪ੍ਰੇਸ਼ਾਨ ਸੀ ਕਿ ਕਿਵੇਂ ਤੇਰੀ ਆਵਾਜ਼ ਵਿਚ ਕੋਈ ਹੋਰ ਗੱਲ ਕਰ ਸਕਦਾ। ਬੱਸ ਇਹੋ ਏ ਆਈ ਦਾ ਖੇਲ੍ਹ ਐ।"

ਹੁਣ ਜੀਤਾਂ ਨੂੰ ਯਕੀਨ ਹੋ ਗਿਆ ਕਿ ਰਵੀ ਨਾਲ ਜੋ ਹੋਇਆ ਉਹ ਸੱਚ ਹੀ ਸੀ।

"ਅੱਗੇ ਕਲਯੁਗ ਦੀਆਂ ਗੱਲਾਂ ਕਰਦੇ ਸੀ, ਹੁਣ ਤਾਂ ਕੰਪਿਊਟਰ ਨੇ ਈ ਨਵਾਂ ਕਲਯੁਗ ਸਹੇੜ ਦਿੱਤਾ ਐ। ਪਤਾ ਨੀ ਕੀ ਨਿਬੜਨਾ ਲੋਕਾਂ ਨਾਲ।" ਕਹਿੰਦਿਆਂ ਉਸ ਨੇ ਟੈਲੀਫੋਨ ਬੰਦ ਕਰ ਦਿੱਤਾ।

"ਏ ਆਈ ਕਾਫੀ ਕੁਝ ਚੰਗਾ ਵੀ ਕਰਦੀ ਐ। ਇਕ ਐਪ ਡਾਊਨਲੋਡ ਕਰ ਲਵੋ ਤੇ ਤੁਸੀਂ ਕੋਈ ਵੀ ਸਵਾਲ ਪੁੱਛ ਸਕਦੇ ਹੋ--।"

"ਕੋਈ ਵੀ—ਦਿਲਸਚਪ।" ਜੀਤਾਂ ਚਹਿਕੀ।

"ਮੈਂ ਸੱਚ ਕਹਿ ਰਿਹਾ ਹਾਂ। ਸਿਆਸਤ, ਧਰਮ, ਸਾਇੰਸ--ਕੁਝ ਵੀ।"

"ਮੈਂ ਤਾਂ ਇਕੋ ਸਵਾਲ ਪੁੱਛਣਾ-।" ਜੀਤਾਂ ਦੀਆਂ ਅੱਖਾਂ ਵਿਚ ਸ਼ਰਾਰਤੀ ਜਿਹੀ ਮੁਸਕਰਾਹਟ ਸੀ।

"ਕੀ?"

"ਮੇਰੇ ਘਰ ਆਲ਼ਾ ਮੇਰੇ ਕਹਿਣ 'ਤੇ ਕਿਤਾਬ ਪੜ੍ਹਨ ਦੀ ਥਾਂ ਟੀ ਵੀ 'ਤੇ ਇੰਡੀਅਨ ਡਰਾਮੇ ਕਦੋਂ ਦੇਖਣ ਲੱਗੂ।" ਕਹਿ ਕੇ ਉਹ ਖਿੜ ਖਿੜਾ ਕੇ ਹੱਸ ਪਈ। 000

***(mps.dhaliwal@hotmail.com)***

# ਅਲਫ਼ਾਜ਼: ਕਹਾਣੀ: ਕੀੜਾ

"ਤੇਰੇ ਹੱਥ ਟੁੱਟਦੇ ਆ ਉਏ ਕਰਦੇ ਨੂੰ, ਕੰਮ ਫੁਰਤੀ ਨਾਲ ਕਰ," ਗੋਰੇ ਨੇ ਖਿੱਝ ਕੇ ਕਿਹਾ ਤਾਂ ਉਹਦਾ ਜੀਅ ਕਰਿਆ ਕਿ ਉਹਦੇ ਥੱਪੜ ਮਾਰ ਕੇ ਭੱਜ ਜਾਵੇ, ਸਭ ਛੱਡ ਛੁਡਾ ਜਾਵੇ। ਪਰ ਭੱਜ ਕੇ ਜਾਣਾ ਕਿੱਥੇ ਸੀ...? ਪੈਰਾਂ 'ਚ ਪਈ ਬੇੜੀ ਤਾਂ ਮਰਨ 'ਤੇ ਹੀ ਨਿਕਲਣੀ ਸੀ। 'ਕੇਰਾਂ ਸਰੀਰ ਨਿੱਸਲ ਹੋਇਆ ਜਾਪਿਆ ਤੇ ਉਹ ਬਰਫ਼ ਵਾਂਗ ਉੱਥੇ ਈ ਜੰਮ ਕੇ ਰਹਿ ਗਿਆ...।

ਵਿਦੇਸ਼ੀ ਧਰਤੀ 'ਤੇ ਡਾਲਰਾਂ ਦੀ ਮਹਿਕ ਨਾਲ ਖਿੱਚੇ ਆਏ ਵੱਡੇ ਘਰ ਦੇ ਫਰਜ਼ੰਦ, ਕਰਨ, ਲਈ ਇਹ ਕੋਈ ਨਵੀਂ ਗੱਲ ਤਾਂ ਨਹੀਂ ਸੀ...।

ਖਿਝ ਨਾਲ ਉਲਝੀਆਂ ਸੋਚਾਂ ਦਿਮਾਗ਼ ਦੀਆਂ ਕੰਧਾਂ 'ਚ ਟਕਰਾਉਣ ਲੱਗੀਆਂ...ਅਤੀਤ ਵਰਤਮਾਨ ਰਲ਼ ਕੇ ਬੋਲਣ ਲੱਗੇ...ਇੰਡੀਆ ਜੀਹਨੂੰ ਬੈਠੇ ਬਿਠਾਏ ਸਭ ਮਿਲਦਾ ਸੀ, ਹੁਣ ਏਥੇ ਕਿਸੇ ਥੱਲੇ ਕੰਮ ਕਰਨਾ ਔਖਾ ਲੱਗ ਰਿਹਾ ਸੀ। ਪਰ ਬਾਹਰ ਕੰਮ ਬਿਨਾਂ ਗੁਜ਼ਾਰਾ ਵੀ ਕਿੱਥੇ? ਚੂਹੀ 'ਚੋਂ ਰੀੜ੍ਹ ਦੀ ਹੱਡੀ ਕੱਢ ਕੇ ਫੇਰ ਹੀ ਕੰਮ ਹੁੰਦਾ ਆ...ਹੁਣ ਨਹੀਂ ਹੁੰਦਾ ਕੰਮ ਤਾਂ ਬੰਦਾ ਮਰ ਜੇ...? ਪਰ ਏਥੇ ਮਤਲਬ ਤਾਂ ਕੰਮ ਨਾਲ ਆ...। ਇਸ ਚੱਕਰ ਵਿਚ ਤਾਂ ਪਹਿਲਾਂ ਕਈ ਜੌਬਾਂ ਬਦਲ ਲਈਆਂ ਨੇ...। ਲਾਉਣੇ ਭਾਵੇਂ ਏਥੇ ਪੈਕਿੰਗ 'ਤੇ ਟੈਗ ਹੀ ਆ... ਪਰ ਇਹ ਗੋਰੇ ਸੁਪਰਵਾਈਜ਼ਰ ਨੂੰ ਇਹ ਆ ਕਿ ਜਿੰਨਾ ਟਾਈਮ ਕੰਮ ਕਰਨਾ ਇਹ ਭੰਬੀਰੀ ਬਣ ਜਾਣ, ਸਾਹ ਵੀ ਪੁੱਛ ਕੇ ਲੈਣ...।

ਲੰਮਾ ਸਾਹ ਲਿਆ...ਸ਼ਿਫਟ ਮੁੱਕੀ, ਥੱਕਿਆ ਹਾਰਿਆ ਆਰਾਮ ਕਰਨ ਬੈਠਾ ਮੀਚੀਆਂ ਅੱਖਾਂ 'ਚ ਉਹ ਮੋਗੇ ਜ਼ਿਲ੍ਹੇ ਦੇ ਘੁੱਗ ਵੱਸਦੇ ਪਿੰਡ ਕੋਟ ਕਰੋੜ ਕਲਾਂ ਦੀ ਉਸ ਧਰਤੀ 'ਤੇ ਪਹੁੰਚ ਗਿਆ... ਜਿੱਥੇ ਹਾਈਵੇ ਦੇ ਸੱਜੇ ਹੱਥ ਜੌੜੇਆਂ ਵਾਲੇ ਰਾਹ 'ਤੇ ਉਹਨਾਂ ਦਾ ਖੁੱਲ੍ਹਾ ਡੁੱਲ੍ਹਾ ਘਰ ਆ...।

ਪਿੰਡ ਦੇ ਸਰਦੇ ਵਰਦੇ ਘਰਾਂ 'ਚੋਂ, ਚਾਵਾਂ ਮਲ੍ਹਾਰਾਂ ਨਾਲ ਪਲ਼ਿਆ ਘਰ ਦਾ ਇਕਲੌਤਾ ਵਾਰਿਸ...।

"ਫੁਰਤੀ ਮਾਰ ਫੁਰਤੀ, ਕੰਮ ਚੱਜ ਨਾਲ ਕਰ," ਉਹ ਇਹ ਸ਼ਬਦ ਆਪਣੇ ਕਾਮੇ ਰਾਮੂੰ ਨੂੰ ਕਹਿ ਰਿਹਾ ਸੀ।

ਘਰੇ ਕਾਮੇ ਰੱਖੇ ਹੋਣ ਕਰਕੇ ਹੱਥੀਂ ਕੰਮ ਤਾਂ ਭਾਵੇਂ ਨਹੀਂ ਸੀ ਕਰਨਾ ਪਿਆ, ਪਰ ਕਾਮਿਆਂ ਨੂੰ ਹੁਕਮ ਤਾਂ ਦਿੱਤਾ ਜਾ ਸਕਦਾ ਸੀ...।

ਸ਼ਾਮੂੰ ਇਹਨਾਂ ਦਾ ਪੁਰਾਣਾ ਬੰਦਾ ਸੀ... ਉਦੋਂ ਦਾ ਜਦੋਂ ਉਹ ਜਵਾਕ ਸੀ ਤੇ ਸ਼ਾਮੂੰ ਵੀ ਜਵਾਕ ਸੀ...। ਤੇਰਾਂ-ਚੌਦਾਂ ਸਾਲ ਦੇ ਕਰੀਬ ਸ਼ਾਮੂੰ ਨੂੰ ਪਿੰਡ ਜਾਣ ਤੋਂ ਪਹਿਲਾਂ ਉਹਦਾ ਮਾਮਾ ਪਹਿਲੀ ਵਾਰ ਉਨ੍ਹਾਂ ਦੇ ਹਵਾਲੇ ਕਰ ਕੇ ਗਿਆ ਸੀ...।

"ਸਦਾਰ ਜੀ, ਫ਼ਿਕਰ ਨਹੀਂ ਕਰਨੀ, ਮੈਂ ਪਿੰਡ ਹੋ ਕੇ ਆ ਗਈ, ਬੱਸ ਮ੍ਹੀਨਾ ਕੁ ਲੱਗੂ, ਉਦੋਂ ਤਕ ਇਹ ਸਾਰਾ ਕੰਮ ਕਰੂਗੀ, ਬਡੀ ਫੁਰਤੀ ਵਾਲਾ ਮੁੰਡਾ ਹੈ ਜੀ, ਮੇਰਾ ਭਾਂਜਾ ਆ... ਜਦੋਂ ਮੈਂ ਆ ਗਈ ਅਸੀਂ ਦੋਨੋਂ ਕੰਮ ਕਰਾਂਗੀ" ਸ਼ਾਮੂੰ ਦੇ ਮਾਮੇ ਪਿੰਡ ਜਾਣ ਲੱਗੇ ਉਹਦਾ ਹੱਥ ਫੜਾਉਂਦਿਆਂ ਬਾਪੂ ਨੂੰ ਕਿਹਾ ਸੀ। ਤੇ ਕੋਲ਼ ਸਹਿਮਿਆ ਖੜ੍ਹਾ ਸ਼ਾਮੂੰ ਵਿਚਾਰਿਆਂ ਵਾਂਗ ਸਭ ਡੌਰ ਭੌਰ ਹੋ ਦੇਖ ਰਿਹਾ ਸੀ।

ਕਰਨ ਵੀ ਬਾਪੂ ਦੇ ਪਿਛਲੇ ਪਾਸੇ ਖੜ੍ਹਾ ਸਭ ਸੁਣ ਰਿਹਾ ਸੀ।

"ਉਹ ਤਾਂ ਠੀਕ ਆ, ਪਰ ਇਹ ਜਵਾਕ ਆ... ਇਹਦੇ ਤੋਂ ਭਾਰਾ ਕੰਮ ਨਹੀਂ ਹੋਣਾ... ਜਾ ਕੇ ਨਾ ਬਹਿਜੀਂ... ਤੂੰ ਵੀ ਜਲਦੀ ਆ ਜੀਂ... ਨਾਲੇ ਪੈਸੇ ਇਹਨੂੰ ਪੂਰੇ ਨਹੀਂ ਦੇ ਸਕਦੇ...।" ਭਾਰੀ

ਆਵਾਜ਼ ਵਿਚ ਬਾਪੂ ਨੇ ਕਿਹਾ ਤਾਂ ਸ਼ਾਮੂੰ ਦਾ ਮਾਮਾ ਬੋਲਿਆ, "ਸਦਾਰ ਜੀ, ਤੁਸੀਂ ਸਰੀਰ 'ਤੇ ਨਾ ਜਾਉ ਜੀ, ਬੜੀ ਚੀੜੀ ਹੈਗਾ...। ਨਾਲੇ ਮੈਂ ਜਲਦੀ ਆ ਜਾਊਂ ਜੀ... ਪੈਸੇ ਦਾ ਕੋਈ ਨਾ ਕਰਲਾਂਗੇ ਜੀ... ਔਰ ਵੀ ਤਾਂ ਕਿਤੇ ਲੱਗਣਾ ਈ ਹੈ ਜੀ, ਨਾਲੇ ਅਪਨੇ ਘਰ ਵੀ ਤਾਂ ਬੰਦੇ ਦੀ ਜ਼ਰੂਰਤ ਹੈਗੀ... ਇਹ ਠੋਡਾ ਈ ਬੱਚਾ ਐ ਜੀ" ਸ਼ਾਮੂੰ ਦੇ ਮਾਮੇ ਨੇ ਵਿਚਾਰਗੀ ਨਾਲ ਹੱਥ ਜੋੜਦਿਆਂ ਉਹਨੂੰ ਰੱਖ ਲੈਣ ਦੀ ਬੇਨਤੀ ਕੀਤੀ ਸੀ...।

"ਮਿਸਟਰ ਗੂਫਰ, ਮੇਰਾ ਨਈਸ ਆ ਇਹ... ਤੁਸੀਂ ਫ਼ਿਕਰ ਨਾ ਕਰੋ, ਯੰਗ ਬਲੱਡ ਆ... ਪੂਰਾ ਕੰਮ ਕਰੂ ਇਹ, ਤਨਖਾਹ ਦਾ ਕੋਈ ਨਾ ਤੁਸੀਂ ਦੋ ਡਾਲੇ ਘੱਟ ਦੇ ਦਿਓ ਪਰ ਕੰਮ ਦੇ ਦਿਉ...। ਮੈਂ ਇੰਡੀਆ ਚੱਲਿਆ ਆਂ, ਜਦੋਂ ਮੈਂ ਆਇਆ ਤਾਂ ਦੋਵੇਂ 'ਕੱਠੇ ਕੰਮ ਕਰਿਆ ਕਰਾਂਗੇ...।" ਤਾਏ ਨੇ ਇੰਡੀਆ ਜਾਣ ਤੋਂ ਪਹਿਲਾਂ ਮਿਸਟਰ ਗੂਫਰ ਨੂੰ ਕਰਨ ਨੂੰ ਕੰਮ 'ਤੇ ਰੱਖਣ ਲਈ ਬੇਨਤੀ ਕੀਤੀ ਸੀ।

"ਮਿਸਟਰ ਸਿੰਘ ਲੋਡਿੰਗ ਦਾ ਕੰਮ ਹੈਵੀ ਹੁੰਦਾ ਆ, ਮੁੰਡਾ ਯੰਗ ਲੱਗ ਰਿਹਾ, ਜਿਵੇਂ ਕੰਮ ਕੀਤਾ ਨਹੀਂ ਹੁੰਦਾ...ਬਾਕੀ ਤੁਸੀਂ ਸ਼ਿਫਾਰਿਸ਼ ਕਰਦੇ ਓ ਤਾਂ ਡੋਂਟ ਵਰੀ...ਪਰ ਡਾਲਰ ਦੂਜਿਆਂ ਜਿੰਨੇ ਨਹੀਂ ਦੇ ਹੋਣੇ।" ਮਿਸਟਰ ਗੂਫਰ ਨੇ ਜੱਕੋ-ਤੱਕੀ ਵਿਚ ਜਦੋਂ ਤਾਏ ਨੂੰ ਕਿਹਾ ਤਾਂ ਕਰਨ ਦੇ ਮੂੰਹ 'ਤੇ ਖੁਸ਼ੀ ਆ ਗਈ।

ਬਿਲਕੁਲ... ਉਹੀ ਖੁਸ਼ੀ ਜੋ ਪਹਿਲੀ ਵਾਰ ਕੰਮ ਮਿਲਣ ਤੋਂ ਬਾਅਦ ਸ਼ਾਮੂੰ ਦੇ ਮੂੰਹ 'ਤੇ ਆਈ ਸੀ...। ਤਾਏ ਨੇ ਜਿਵੇਂ ਧੰਨਵਾਦ ਕੀਤਾ ਤਾਂ ਉਹਨੂੰ ਸ਼ਾਮੂੰ ਦਾ ਮਾਮਾ ਯਾਦ ਆ ਗਿਆ, ਜੋ ਝੁਕ ਝੁਕ ਕੇ ਵਾਰ ਵਾਰ ਉਹਦੇ ਬਾਪੂ ਨੂੰ ਪ੍ਰਣਾਮ ਕਰ ਰਿਹਾ ਸੀ...।

"ਹੁਣ ਤੇਰਾ 'ਲਾਂਭਾ ਨਈਂ ਆਉਣੀ ਚਾਹੀਦੀ, ਸਦਾਰ ਜੀ ਕਾ ਕਹਿਣਾ ਮਾਨਣਾ ਆ...ਜੋ ਕਹੇਂਗੇ ਕਰਨਾ ਪੜੇਗਾ... ਤੇਰੀ ਜ਼ਬਾਂ ਪੇ ਨਾਂਹ ਨਹੀਂ ਚਾਹੀਏ ਮੁਝੇ।" ਜਦੋਂ ਸ਼ਾਮੂੰ ਦੇ ਮਾਮੇ ਦੀ ਕਹੀ ਗੱਲ ਚੇਤੇ ਆਈ ਤਾਂ ਜਾਪਿਆ ਤਾਇਆ ਮੂਹਰੇ ਆਣ ਖੜ੍ਹਾ ਹੋਵੇ।

"ਕਰਨੇ, ਮਿਸਟਰ ਗੂਫਰ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦੇਣਾ... ਭਲੇ ਬੰਦੇ ਨੇ... ਜਦੋਂ ਮਾਰੋ ਮਾਰ ਪੈ ਰਹੀ ਆ ਤਾਂ ਫੇਰ ਵੀ ਕੰਮ ਦੇ ਰਹੇ ਆ... ਸਾਰਾ ਕੰਮ ਸਮਝਾ ਦੇਣਗੇ, ਜਿਵੇਂ ਕਹਿਣਗੇ ਕਰਨਾ ਆ... ਲੋਡਿੰਗ ਦਾ ਹੀ ਕੰਮ ਆ, ਕਰ ਲਵੇਂਗਾ... ਹੋਰ ਕੰਮ ਨਾ ਫੜਨ ਬਹਿਜੀਂ...। ਆਪੇ ਡਾਲੇ ਵਧਾ ਦੇਣੇ ਆ ਇਹਨਾਂ ਨੇ, ਕੰਮ ਵੇਖ ਕੇ... ਬਾਕੀ ਮੈਂ ਵਾਪਿਸ ਆ ਈ ਜਾਣਾ... ਉਦੋਂ ਤਕ ਇਹਨਾਂ ਨੂੰ ਤਾਇਆ ਸਮਝ...।" ਤਾਏ ਨੇ ਕਰਨ ਨੂੰ ਸਮਝਾ ਕੇ ਉਹਦੀ ਜੌਬ ਪੱਕੀ ਸਮਝ ਕੇ ਇੰਡੀਆ ਦਾ ਜਹਾਜ਼ ਉਵੇਂ ਹੀ ਫੜ ਲਿਆ ਸੀ ਜਿਵੇਂ ਸ਼ਾਮੂੰ ਦੇ ਮਾਮੇ ਨੇ ਬਿਹਾਰ ਜਾਣ ਲਈ ਟਰੇਨ ਫੜ ਲਈ ਸੀ...।

ਘਰੇ ਪਹਿਲਾਂ ਇਕ ਪੰਜਾਬੀ ਕਾਮਾ ਹੋਣ ਕਰਕੇ ਦੋ ਚਾਰ ਦਿਨ ਤਾਂ ਸ਼ਾਮੂੰ ਨੂੰ ਕੋਈ ਬਾਹਲ਼ਾ ਕੰਮ ਨਾ ਲਾਇਆ...। ਪੰਜਾਬੀ ਕਾਮਾ ਸ਼ਾਮੂੰ ਨੂੰ ਕੰਮ ਸਮਝਾਉਂਦਾ ਰਿਹਾ, ਡਰਦਾ ਡਰਦਾ ਸ਼ਾਮੂੰ ਸਭ ਵੇਖਦਾ ਰਿਹਾ, ਬਿਲਕੁਲ ਉੱਦਾਂ ਜਿਵੇਂ ਆਪ੍ਰੇਟਰ ਚੀਨੇ ਨੇ ਕੰਮ ਬਾਰੇ ਦੱਸਿਆ ਸੀ ਤੇ ਔਖਿਆਈ ਬਾਰੇ ਦੱਸ ਕੇ ਡਰਾਉਣ ਦੀ ਕੋਸ਼ਿਸ਼ ਕੀਤੀ ਸੀ... ਚੀਨੇ ਨੂੰ ਸੀਨੀਅਰ ਹੋਣ ਦਾ ਗ਼ਰੂਰ ਸੀ ਜਿਵੇਂ ਕਰਨ ਦੇ ਪੰਜਾਬੀ ਕਾਮੇ ਨੂੰ ਸੀ ਕਿ ਉਹ ਸਰਦਾਰਾਂ ਦਾ ਖਾਸ ਬੰਦਾ ਆ...। ਸ਼ਾਮੀਂ ਜਦੋਂ ਰੋਟੀ ਮਿਲਦੀ ਤਾਂ ਸ਼ਾਮੂੰ ਇਉਂ ਖਾਂਦਾ, ਜਿਵੇਂ ਬਹੁਤ ਟਾਇਮ ਬਾਅਦ ਮਿਲੀ ਹੋਵੇ...। ਕਰਨ ਨੇ ਵੀ ਤਾਂ ਸਾਰਾ ਵੀਕ ਟਾਇਮ 'ਤੇ ਜਾਣ ਦੀ ਖਾਤਿਰ ਕੁਝ ਚੱਜ ਨਾਲ ਖਾਧਾ ਨਹੀਂ ਸੀ ਤੇ ਐਤਵਾਰ ਹਾਬੜਿਆਂ ਵਾਂਗ ਰੋਟੀ 'ਤੇ ਟੁੱਟ ਪਿਆ ਸੀ...। ਸ਼ਾਮੂੰ ਨੇ ਕੁਝ ਦਿਨ ਓਪਰਾ ਜਿਹਾ ਕੀਤਾ... ਬਾਪੂ ਨੇ ਵੀ ਸੀਰੀ ਨੂੰ ਕਿਹਾ ਸੀ ਕਿ ਬਾਹਲ਼ਾ ਤੰਗ ਨਾ ਕਰੇ, ਸਮਝਾ ਦਵੇ, ਹੌਲ਼ੀ ਹੌਲ਼ੀ ਕਰਨ ਲੱਗ ਪਊ...। ਏਨਾ ਕਹਿਣ ਨਾਲ ਸ਼ਾਮੂੰ ਦਾ ਦਿਲ ਠਹਿਰ ਗਿਆ ਸੀ...। ਉਹਦਾ ਕਮਰਾ ਪਸ਼ੂਆਂ ਦੇ

ਵਾੜੇ ਨਾਲ ਬਣੀ ਬੈਠਕ 'ਚ ਸੀ, ਜਿੱਥੇ ਉਹਦਾ ਮਾਮਾ ਰਹਿੰਦਾ ਸੀ...।

ਗੂਫਰ ਵੀ ਤਾਂ ਚੀਨੇ ਨੂੰ ਇਹੀ ਕਹਿੰਦਾ ਸੀ ਕਿ ਸ਼ਿਕਾਇਤਾਂ ਨਾ ਕਰ ਕੰਮ ਕਰਵਾ, ਨਵਾਂ ਨਵਾਂ ਆਇਆ ਆਪੇ ਕਰਨ ਲੱਗ ਜਾਊਂਗਾ... ਯੰਗ ਬਲੱਡ ਆ... ਉਸ ਦਿਨ ਉਸਨੂੰ ਗੂਫਰ ਸੱਚੀਂ ਬਹੁਤ ਚੰਗਾ-ਚੰਗਾ ਲੱਗਾ ਸੀ।

ਕਰਨ ਹਮ-ਉਮਰ ਹੋਣ ਕਰਕੇ ਬਹੁਤ ਕੁਝ ਸ਼ਾਮੂੰ ਤੋਂ ਪੁੱਛਣਾ ਚਾਹੁੰਦਾ... ਤੂੰ ਪੜ੍ਹਦਾ ਕਿਉਂ ਨਹੀਂ...? ਤੇਰੇ ਮਾਂ-ਬਾਪ ਕਿੱਥੇ ਨੇ...? ਭੈਣ ਭਰਾ ਕਿੱਥੇ ਨੇ...? ਪਰ ਜਦੋਂ ਵੀ ਦੇਖਦਾ ਸ਼ਾਮੂੰ ਕੰਮ ਲੱਗਿਆ ਹੁੰਦਾ...ਮਾਮੇ ਦੀ ਗ਼ੈਰਹਾਜ਼ਰੀ 'ਚ ਉਹਦੇ ਕੋਲ਼ ਸਿਰ ਖੁਰਕਣ ਦੀ ਵਿਹਲ ਨਾ ਲੱਗਦੀ ਤੇ ਉਹ ਵਾਹ ਲੱਗਦੀ ਜਾਨੋਂ ਵੱਧ ਜ਼ੋਰ ਮਾਰਦਾ, ਆਰਾਮ ਤਾਂ ਕਰਦਾ ਹੀ ਨਾ।

ਬਿਲਕੁਲ ਜਿਵੇਂ ਲੋਡਿੰਗ ਵੇਲ਼ੇ ਉਹ ਭੱਜ ਭੱਜ ਕੰਮ ਕਰਨ ਦੀ ਕੋਸ਼ਿਸ਼ ਕਰਦਾ... ਕਈ ਵਾਰ ਡਾਲੇ 'ਤੇ ਖੜ੍ਹ ਕੇ ਸਮਾਨ ਚੜ੍ਹਾਉਂਦਾ... ਸਾਹ ਚੜ੍ਹ ਜਾਂਦਾ... ਰੁਕਦਾ ਤਾਂ ਵੇਖਦਾ ਕੋਈ ਨਾ ਕੋਈ ਟੇਢੀ ਨਿਗ੍ਹਾ ਨਾਲ ਵੇਖ ਰਿਹਾ ਹੁੰਦਾ... ਨਾਲ ਦੇ ਮਸ਼ੀਨਾਂ ਨੂੰ ਮਾਤ ਪਾਉਂਦੇ... ਉਹ ਮਨ ਮਾਰ ਕੇ ਸ਼ਿਫਟ ਪੂਰੀ ਕਰਨ ਦੀ ਕੋਸ਼ਿਸ਼ ਕਰਦਾ... ਅੱਠ ਘੰਟੇ ਅੱਠ ਵਰ੍ਹਿਆਂ ਵਰਗੇ ਹੁੰਦੇ... ਬਰੇਕ ਅੱਖ ਦੇ ਫੋਰ ਨਾਲ ਗੁਜ਼ਰਦੀ।

ਸ਼ਾਮੂੰ ਦੇ ਮਾਮੇ ਤੇ ਉਸ ਵਿਚ ਕੰਮ ਕਰਨ ਦਾ ਜ਼ਮੀਨ ਆਸਮਾਨ ਦਾ ਫਰਕ ਸੀ। ਜਿਵੇਂ ਗੂਫਰ ਕਹਿੰਦਾ, "ਤੂੰ ਆਪਣੇ ਅੰਕਲ ਵਰਗਾ ਨਹੀਂ ਲੱਗਦਾ..." ਤਾਏ ਦੇ ਇੰਡੀਆ ਤੋਂ ਵਾਪਿਸ ਆਉਣ ਤੋਂ ਪਹਿਲਾਂ ਹੀ ਗੂਫਰ ਨੇ ਉਹਨੂੰ ਛੁੱਟੀ ਕਰ ਦਿੱਤੀ ਸੀ ਕਿਉਂਕਿ ਸਾਰਾ ਦਿਨ ਕੋਡੀ ਢੂਹੀ ਨਾਲ ਲੋਡਿੰਗ ਕਰਨੀ ਔਖੀ ਸੀ...ਇਕ ਮਿੰਟ ਵੀ ਬਰੇਕ ਤੋਂ ਬਿਨਾਂ ਰੁਕਣ ਦਾ ਹੁਕਮ ਨਹੀਂ ਸੀ... ਹਫ਼ਤਾ-ਖੰਡ ਤਾਂ ਸਰੀਰ 'ਚੋਂ ਖੱਲੀਆਂ ਈ ਨਹੀਂ ਸੀ ਨਿਕਲੀਆਂ... ਮਸਾਂ ਕੰਮ ਮਿਲਿਆ ਸੀ, ਛੱਡਣਾ ਵੀ ਨਹੀਂ ਸੀ ਚਾਹੁੰਦਾ...। ਬਿਲਕੁਲ ਉਵੇਂ ਜਿਵੇਂ ਸ਼ਾਮੂੰ ਦੇ ਮਾਮੇ ਦੇ ਪਰਤਣ ਤੋਂ ਬਾਅਦ ਬਾਪੂ ਨੇ ਕਿਹਾ ਸੀ ਕਿ ਜਵਾਕ ਆ, ਇਹਦੇ ਤੋਂ ਕੰਮ ਨਹੀਂ ਹੁੰਦਾ...। ਪਰ ਸ਼ਾਮੂੰ ਦੇ ਮਾਮੇ ਨੇ ਬਾਪੂ ਦੀਆ ਮਿੰਨਤਾਂ ਕੀਤੀਆਂ ਕਿਉਂਕਿ ਉਹਨੂੰ ਵਿਸ਼ਵਾਸ ਸੀ ਕਿ ਉਹਦੇ ਕੋਲ਼ ਰਹਿ ਕੇ ਸ਼ਾਮੂੰ ਕੰਮ ਸਿੱਖ ਲਵੇਗਾ...ਜਿਵੇਂ ਤਾਏ ਨੂੰ ਸੀ ਕਿ ਉਹਦੇ ਨਾਲ ਕੰਮ ਕਰ ਕੇ ਕਰਨ ਨੂੰ ਕੰਮ ਦਾ ਭੇਦ ਆ ਜਾਵੇਗਾ... ਪਰ ਕਿੱਥੇ? ਬਾਪੂ ਤਾਂ ਸ਼ਾਮੂੰ ਦੇ ਮਾਮੇ ਭਗਤ ਦੀਆਂ ਮਿੰਨਤਾਂ ਨਾਲ ਪਿਘਲ ਗਿਆ ਸੀ...ਪਰ ਮਿਸਟਰ ਗੂਫਰ ਟੱਸ ਤੋਂ ਮੱਸ ਨਹੀਂ ਸੀ ਹੋਇਆ...ਹਾਲ ਵੇਂਕੈਂਸੀ ਨਹੀਂ ਆ ਮਿਸਟਰ ਸਿੰਘ, ਜਦੋਂ ਹੋਈ ਵਿਚਾਰ ਕਰ ਲਵਾਂਗੇ।

ਕਸੂਰ ਤਾਏ ਦਾ ਵੀ ਨਹੀਂ ਸੀ...ਤਾਇਆ ਤਾਂ ਰਿਟਾਇਰਮੈਂਟ ਤੋਂ ਬਾਅਦ ਮੁੰਡਿਆਂ ਕੋਲ਼ ਆ ਕੇ ਉਹਨਾਂ ਦੇ ਬਰਾਬਰ ਕੰਮ ਕਰ ਰਿਹਾ ਸੀ...। ਮੁੰਡੇ ਤਾਂ ਪਬਲਿਕ ਸੈਕਟਰ ਵਿਚ ਵਧੀਆ ਅਹੁਦਿਆਂ 'ਤੇ ਕੰਮ ਕਰ ਰਹੇ ਸੀ...। ਤਾਏ ਨੇ ਵੀ ਇਕੱਲਤਾ ਤੇ ਘਰ ਦੀ ਘੁਟਣ ਤੋਂ ਛੁਟਕਾਰਾ ਪਾਉਣ ਲਈ ਲੋਡਿੰਗ ਕੰਪਨੀ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਏਥੇ ਹੀ ਮਿਸਟਰ ਗੂਫਰ ਨਾਲ ਉਹਦੀ ਚੰਗੀ ਸਾਂਝ ਬਣ ਗਈ ਸੀ ਤੇ ਉਹਦੀ ਮਿੰਨਤ ਕਰਕੇ ਤਾਏ ਨੇ ਕੰਮ 'ਤੇ ਲਵਾਇਆ ਸੀ...।

ਤਾਇਆ ਉਹਨੂੰ ਚੀੜ੍ਹੀ ਹੱਡੀ ਦਾ ਲੱਗਦਾ, ਜੋ ਹਾਲੇ ਤਕ ਟਿਕਦਾ ਨਹੀਂ ਸੀ...ਜਿਵੇਂ ਸ਼ਾਮੂੰ ਦੇ ਮਾਮੇ ਬਾਰੇ ਬਾਪੂ ਗੱਲ ਕਰਦਾ ਹੁੰਦਾ ਸੀ ਕਿ ਇਹ ਤਾਂ ਹੋਰ ਈ ਗ੍ਰਹਿ ਤੋਂ ਆਇਆ, ਜੀਹਨੇ 'ਆਰਾਮ' ਸ਼ਬਦ ਸੁਣਿਆ ਈ ਨਹੀਂ।

ਕਰਨ ਦਾ ਇਹ ਪਹਿਲਾ ਕੰਮ ਨਹੀਂ ਸੀ, ਜਿਵੇਂ ਸ਼ਾਮੂੰ ਸਮਾਂ ਪੈਣ ਤੇ ਹੌਲ਼ੀ ਹੌਲ਼ੀ ਉਹਦੇ ਕੋਲ਼ ਦਿਲ ਖੋਲ੍ਹਣ ਲੱਗ ਪਿਆ ਸੀ...ਉਹਨੇ ਦੱਸਿਆ ਸੀ ਕਿ ਉਹਦਾ ਮਨ ਪੜ੍ਹਾਈ ਵਿਚ ਨਹੀਂ ਸੀ ਲੱਗਦਾ, ਮਸਾਂ ਹੀ ਛੇਵੀਂ ਕੀਤੀ ਸੀ ਕਿ ਪੜ੍ਹਾਈ ਛੱਡ ਦਿੱਤੀ, ਉਹ ਵੇਖਦਾ ਕਿ ਜਦੋਂ ਮਾਮਾ ਪੰਜਾਬ

ਤੋਂ ਵਾਪਸ ਆਉਂਦਾ ਆ ਤਾਂ ਉਹਦੇ ਕੋਲ਼ ਬਹੁਤ ਸਾਰਾ ਸਮਾਨ ਹੁੰਦਾ ਆ... ਜਿੱਥੇ ਉਹਨਾਂ ਦੇ ਘਰ ਭੁੱਖਮਰੀ ਸੀ, ਉੱਥੇ ਮਾਮਾ ਹਰ ਮਹੀਨੇ ਨਾਨਕਿਆਂ ਨੂੰ ਪੈਸੇ ਭੇਜਦਾ... ਮਾਮੇ ਦੇ ਜਵਾਕਾਂ ਦੇ ਸੋਹਣੇ ਕੱਪੜੇ ਪਾਏ ਹੁੰਦੇ... ਮਾਮਾ ਪੰਜਾਬ ਦੀਆਂ ਸਿਫਤਾਂ ਕਰਦਾ, ਹਰੇ ਭਰੇ ਖੇਤਾਂ, ਗੱਡੀਆਂ ਕਾਰਾਂ ਤੇ ਵਧੀਆ ਸੜਕਾਂ ਦੀ ਗੱਲ ਕਰਦਾ... ਮਾਮਾ ਗੀਤ ਵੀ ਗਾਉਂਦਾ 'ਆਪਨਾ ਪੰਜਾਬ ਹੋਵੇ'... ਮਾਮਾ ਦੱਸਦਾ ਕਿ ਉਹਨੂੰ ਤਾਂ ਟਰੈਕਟਰ ਚਲਾਉਣਾ ਵੀ ਆ ਗਿਆ ਆ... ਮਾਲਕ ਉਹਦੇ 'ਤੇ ਬਹੁਤ ਯਕੀਨ ਕਰਦੇ ਆ... ਉਹਨੂੰ ਪੰਜਾਬ ਕੋਈ ਸਵਰਗ ਦੇਸ਼ ਲੱਗਦਾ, ਜਿਸਨੇ ਮਾਮੇ ਕੇ ਪਰਿਵਾਰ ਦੀ ਖੁਸ਼ਕੀ ਚੁੱਕ ਦਿੱਤੀ ਸੀ... ਮਾਮਾ ਜਦੋਂ ਵੀ ਉਹਨਾਂ ਦੇ ਘਰ ਆਉਂਦਾ ਸਾਰੇ ਮਾਮੇ ਦੁਆਲੇ ਪੰਜਾਬ ਦੀਆਂ ਗੱਲਾਂ ਸੁਣਨ ਬਹਿ ਜਾਂਦੇ...ਮਾਮਾ ਕੱਚੀਆਂ ਪੱਕੀਆਂ ਗੱਲਾਂ ਵੱਧ ਮਸਾਲੇ ਲਾ ਲਾ ਕੇ ਸੁਣਾਉਂਦਾ...ਸਾਡੀਆਂ ਅੱਖਾਂ ਮਾਮੇ ਦੇ ਹੱਥਾਂ ਵੱਲ ਹੁੰਦੀਆਂ ਕਿ ਮਾਮਾ ਲੈ ਕੇ ਕੀ ਆਇਆ... ਨਾਨਕੇ ਜਾਂਦੇ ਤਾਂ ਉੱਥੋਂ ਦੇ ਲੋਕ, ਜਵਾਨ ਜਹਾਨ ਮੁੰਡੇ-ਖੁੰਡੇ ਮਾਮੇ ਦੇ ਆਸੇ ਪਾਸੇ ਜੁੜਦੇ, ਉਹਨੂੰ ਪੰਜਾਬ ਬੁਲਾ ਲੈਣ ਦੀਆਂ ਗੱਲਾਂ ਕਰਦੇ... ਮਾਮਾ ਦੱਸਦਾ ਕਿ ਉਹ ਇਕ ਵੱਡੀ ਕੰਪਨੀ ਵਿਚ ਕੰਮ ਕਰਦਾ ਹੈ, ਉੱਥੇ ਉਹਦੀ ਵਧੀਆ ਤਨਖਾਹ ਆ, ਉਹਨੇ ਟਰੈਕਟਰ 'ਤੇ ਬਹਿ ਚਾਰੇ ਪਾਸੇ ਗੇੜਾ ਦੇਣਾ ਹੁੰਦਾ ਆ ਬੱਸ... ਕੰਪਨੀ ਦਾ ਮਾਲਕ ਉਹਦੇ 'ਤੇ ਬਹੁਤ ਭਰੋਸਾ ਕਰਦਾ ਹੈ, ਉਹਨੂੰ ਪਿਆਰ ਕਰਦਾ ਹੈ, ਪੁੱਤ ਸਮਝਦਾ ਹੈ। ਕਈਆਂ ਦੇ ਕਹਿਣ 'ਤੇ ਇਕ ਦੋ ਨੂੰ ਤਾਂ ਮਾਮਾ ਲੈ ਕੇ ਵੀ ਗਿਆ ਸੀ ਤੇ ਉਦੋਂ ਤੋਂ ਹੀ ਉਹਦਾ ਮਨ ਵੀ ਖਿੱਚਿਆ ਗਿਆ... ਉਹ ਵੀ ਪੰਜਾਬ ਜਾਣ ਲਈ ਕਾਹਲ਼ਾ ਸੀ ਤੇ ਉਹ ਘਰੋਂ ਲੜ ਕੇ ਟਰੇਨ ਚੜ੍ਹ ਕੇ ਪੰਜਾਬ ਆ ਗਿਆ ਸੀ...। ਮਾਮਾ ਗੱਲਾਂ 'ਚ ਮੋਗੇ ਸ਼ਹਿਰ ਦੀ ਗੱਲ ਕਰਦਾ ਹੁੰਦਾ ਸੀ ਤੇ ਉਹ ਵੀ ਕਿਵੇਂ ਨਾ ਕਿਵੇਂ ਮੋਗੇ ਪਹੁੰਚ ਗਿਆ ਸੀ...। ਪਰ ਪਤਾ ਨਹੀਂ ਸੀ ਲੱਗ ਰਿਹਾ...ਕਿ ਜਾਣਾ ਕਿੱਧਰ ਆ... ਗੂੰਗਾ ਬੋਲ਼ਾ ਹੋਇਆ ਕਿਸੇ ਚਾਤਰ ਦੁਕਾਨਦਾਰ ਦੇ ਹੱਥੀਂ ਚੜ੍ਹ ਗਿਆ...। ਉਹ ਕੰਮ ਤਾਂ ਕਰਵਾਉਂਦਾ, ਪਰ ਕਮਾਈ ਦੇ ਨਾਂ 'ਤੇ ਰੋਟੀ ਹੀ ਦਿੰਦਾ ਸੀ ਤੇ ਨਾਂਹ ਕਰਦਾ ਤਾਂ ਕੁੱਟਦਾ ਮਾਰਦਾ ਸੀ...। ਉਹ ਤਿੰਨ-ਚਾਰ ਮਹੀਨੇ ਬਹੁਤ ਔਖੇ ਸੀ... ਇਕ ਹਿਸਾਬ ਨਾਲ ਜੇਲ੍ਹ 'ਚ ਹੀ ਸੀ...। ਇਹ ਤਾਂ ਉਹਦੀ ਕਿਸਮਤ ਚੰਗੀ ਸੀ ਕਿ ਇਕ ਦਿਨ ਸਰਦਾਰ ਨਾਲ ਮੋਗੇ ਰੇਹ-ਖਾਦ ਲੈਣ ਗਿਆ ਮਾਮਾ ਉਹਨੂੰ ਦਿਖ ਗਿਆ... ਉਹਨੇ ਮਾਮੇ ਨੂੰ ਪਛਾਣ ਲਿਆ ਤੇ ਭੱਜ ਕੇ ਮਾਮੇ ਕੋਲ਼ ਚਲਾ ਗਿਆ... ਮਾਮਾ 'ਕੇਰਾਂ ਤਾਂ ਉਹਨੂੰ ਵੇਖ ਕੇ ਹੈਰਾਨ ਹੋ ਗਿਆ... ਪਰ ਫੇਰ ਸਾਰੀ ਕਹਾਣੀ ਦੱਸਣ 'ਤੇ ਮਾਮਾ ਦੁਕਾਨਦਾਰ ਕੋਲੋਂ ਉਹਨੂੰ ਛੁਡਾ ਲਿਆਇਆ ਸੀ... ਹੁਣ ਤਕ ਦੁਕਾਨਦਾਰ ਨੇ ਉਹਨੂੰ ਰੁਪਈਆ ਨਹੀਂ ਸੀ ਦਿੱਤਾ, ਫੇਰ ਵੀ ਉਹਨੇ ਪੰਜ ਹਜ਼ਾਰ ਰੁਪਈਆ ਲੈ ਕੇ ਛੱਡਿਆ ਸੀ...। ਉੱਥੋਂ ਛੁਡਾ ਕੇ ਮਾਮੇ ਨੇ ਉਹਨੂੰ ਆਵਦੇ ਦੋਸਤ ਕੋਲ਼ ਛੱਡ ਦਿੱਤਾ ਤੇ ਕੁਝ ਕੁ ਮਹੀਨੇ ਉਹਨੇ ਰਾਜ ਮਿਸਤਰੀ ਨਾਲ ਲਗਾਏ ਸੀ ਤੇ ਮਾਮੇ ਦੇ ਪੈਸੇ ਪੂਰੇ ਕਰ ਦਿੱਤੇ ਸੀ...। ਜਦੋਂ ਮਾਮੇ ਨੇ ਪਿੰਡ ਜਾਣਾ ਸੀ ਤਾਂ ਉਹਨੇ ਏਥੇ ਸਰਦਾਰ ਹੋਰਾਂ ਕੋਲ਼ ਲਵਾ ਦਿੱਤਾ ਸੀ... ਵੈਸੇ ਵੀ ਸਰਦਾਰ ਨੇ ਕਿਹਾ ਸੀ ਕਿ ਆਪਾਂ ਇਸ ਵਾਰ ਵਾਹੀ ਵੱਧ ਕਰਕੇ ਬੰਦਾ ਵੱਧ ਰੱਖਣਾ ਆ ਤੇ ਮਾਮੇ ਨੇ ਸੋਚਿਆ ਕਿਉਂ ਨਾ ਉਹਨੂੰ ਈ ਲਵਾ ਦੇਵਾਂ... ਜਾਣ ਲੱਗਾ ਮਾਮਾ ਕਹਿ ਕੇ ਗਿਆ ਸੀ ਕਿਸੇ ਕੋਲ਼ ਗੱਲ ਨਹੀਂ ਕਰਨੀ... ਸ਼ਾਇਦ ਮਾਮੇ ਨੂੰ ਆਵਦਾ ਭੇਦ ਖੁੱਲ੍ਹਣ ਦਾ ਡਰ ਸੀ... ਸ਼ਾਮੂੰ ਨੇ ਬਾਅਦ ਵਿਚ ਕਈ ਵਾਰ ਇਹ ਕਹਾਣੀ ਘੋਟ ਘੋਟ ਕੇ ਸੁਣਾਈ ਸੀ...।

"ਯਾਰ!!... ਕਹਾਣੀ ਤਾਂ ਮੇਰੀ ਵੀ ਸ਼ਾਮੂੰ ਵਰਗੀ ਹੀ ਸੀ।" ਕਰਨ ਸੋਚਾਂ 'ਚੋਂ ਉੱਭਰਿਆ। ਉਹਦੇ ਲਈ ਵੀ ਕਨੇਡਾ ਸੁਪਨ ਦੇਸ਼ ਵਾਂਗ ਸੀ, ਇੰਦਰ ਲੋਕ ਦਾ ਸਵਰਗ... ਸੂਟਡ ਬੂਟਡ ਹੋਏ ਨਾਨਕੇ ਜਾਂ ਤਾਏ ਦੇ ਜਵਾਕ ਪੰਜਾਬ ਆਉਂਦੇ ਤਾਂ ਹੌਲ ਪੈਂਦੇ, ਉਹ ਜਦੋਂ ਮਹਿਕਾਂ ਛੱਡਦੇ ਹਰੇ ਹਰੇ ਡਾਲਰ ਵਿਖਾਉਦੇ ਤਾਂ ਏਧਰਲਾ ਸਾਰਾ ਕੁਝ ਵਿਹੁ ਵਰਗਾ ਲੱਗਦਾ ਸੀ...। ਏਧਰ ਵੱਡੀਆਂ ਕੋਠੀਆਂ-ਕਾਰਾਂ ਵੀ ਗੱਤੇ ਦੀਆਂ ਜਾਪਦੀਆਂ... ਕਿੰਨਾ ਸੋਹਣਾ ਸਮਾਨ ਲਿਆਉਂਦੇ... ਸਭ ਬਰੈਂਡਿਡ...

ਫਿਰ ਹੁਣ ਤਾਂ ਸਾਰਾ ਪੰਜਾਬ ਹੀ ਬਾਹਰ ਨੂੰ ਉੱਲਰ ਚੱਲਿਆ ਸੀ ਤੇ ਕਿਸੇ ਗੱਲ ਖਾਤਰ ਹੀ ਚੱਲਿਆ ਸੀ...। ਕਨੇਡਾ ਵਿਚ ਪੈਂਦੀ ਰੂੰਅ ਵਰਗੀ ਬਰਫ਼, ਸੋਹਣੀਆਂ ਵਾਦੀਆਂ, ਸਾਫ਼ ਸੜਕਾਂ ਤੇ ਸਖ਼ਤੀ ਨਾਲ ਲਾਗੂ ਹੁੰਦੇ ਨੇਮਾ ਕਾਨੂੰਨਾਂ ਦੀ ਗੱਲ ਚੱਲਦੀ ਤਾਂ ਆਪਣੇ ਦੇਸ਼ ਦੀਆਂ ਕਮੀਆਂ ਹੀ ਕਮੀਆਂ ਨਜ਼ਰ ਆਉਂਦੀਆਂ...।

ਵੱਡੀ ਭੈਣ ਦਾ ਵਿਆਹ ਵੀ ਕਨੇਡਾ ਵਾਲੇ ਪੀ.ਆਰ ਮੁੰਡੇ ਨਾਲ ਕਰਿਆ ਸੀ...। ਪਹਿਲ਼ਾਂ ਤਾਂ ਆਪ ਆਈਲੈਟਸ ਕਰਕੇ ਕਨੇਡਾ ਜਾਣ ਦੀ ਨਾਕਾਮ ਕੋਸ਼ਿਸ਼ ਕੀਤੀ, ਪਰ ਗੱਲ ਨਾ ਬਣਨ 'ਤੇ ਲੀਮੀਆ ਮੁੱਲ ਲੈ ਲਈ ਤੇ ਵੀਹ ਲੱਖ ਭਰ ਕੇ ਸਿੱਧਾ ਵਰਕ ਪਰਮਿਟ 'ਤੇ ਆ ਗਿਆ ਸੀ, ਜੀਹਦੇ ਕੋਲ਼ੋਂ ਲੀਮੀਆ ਲਈ ਸੀ ਉਹਨੇ ਵਾਅਦਾ ਕਰਿਆ ਸੀ ਕਿ ਪੀ.ਆਰ ਕਰਵਾਉਣ 'ਚ ਪੂਰੀ ਮਦਦ ਕਰੇਗਾ...। ਉਹ ਘੱਟੋ ਘੱਟ ਉਜਰਤ 'ਤੇ ਕੰਮ ਕਰਵਾਉਂਦਾ, ਓਵਰ ਟਾਈਮ ਲਵਾ ਕੇ ਵੀ ਕਿਸੇ ਗਿਣਤੀ 'ਚ ਨਾ ਰੱਖਦਾ...। ਛੇ ਮਹੀਨਿਆਂ ਦੇ ਅੰਦਰ ਅੰਦਰ ਜੀਭ ਕਢਵਾ ਦਿੱਤੀ, ਕਨੇਡਾ ਦਾ ਅਸਲ ਪੱਖ ਪਤਾ ਲੱਗ ਗਿਆ...। ਮੈਂ ਆਵਦੇ ਸਿਰ 'ਤੇ ਜਾਣਾ ਤੇ ਕਿਸੇ ਦੀ ਮਦੱਦ ਨਹੀਂ ਲੈਣੀ ਵਾਲੀ ਜ਼ਿੱਦ ਨੇ ਹੁਣ ਸਾਹ ਸੂਤ ਕਰ ਕੇ ਰੱਖ ਦਿੱਤੇ ਸੀ...। ਫੇਰ ਭੈਣ ਨੂੰ ਮਿਲਣ ਗਏ ਨੇ ਸਾਰੀ ਕਹਾਣੀ ਦੱਸੀ, ਉਹਨਾਂ ਨੇ ਰਲ਼ ਮਿਲ ਕੇ ਉੱਥੋਂ ਕੱਢਿਆ...। ਇੰਮਪਲੋਇਅਰ ਤਾਂ ਪੈਰ ਨਾ ਲੱਗਣ ਦਵੇ... ਮੇਰਾ ਰਿਕਾਰਡ ਖਰਾਬ ਹੁੰਦਾ... ਸੌ ਸੌ ਗੱਲਾਂ ਕਰੇ। ਉਹਨੂੰ ਪਤਾ ਸੀ ਬੰਦਾ ਖਰਾਬ ਕਰੂ... ਉਹ ਤਾਂ ਸਾਲ ਦੇ ਮਿਲੇ ਵਰਕ ਪਰਮਿਟ ਨੂੰ ਐਕਸਟੈਂਡ ਕਰਵਾਉਣ ਦੇ ਹੋਰ ਪੈਸੇ ਮੰਗੇ...। ਜ਼ੁਬਾਨਾਂ ਪੈਸੇ ਮੂਹਰੇ ਕਿੱਥੇ ਖੜ੍ਹਦੀਆਂ ਨੇ, ਖੇਡਾ ਤਾਂ ਆਪੇ ਖਰਾਬ ਹੋਣਾ ਸੀ... ਉਹਨੇ ਤਾਂ ਪੈਰਾਂ 'ਤੇ ਭੋਰਾ ਪਾਣੀ ਨਹੀਂ ਪੈਣ ਦਿੱਤਾ...। ਘਰੋਂ ਫੇਰ ਪੈਸੇ ਮੰਗਵਾਏ, ਕੁਝ ਭੈਣ ਹੋਰਾਂ ਨੇ ਕੀਤੇ ਤੇ ਦੁਬਾਰਾ ਕਿਸੇ ਚੰਗੇ ਇੰਪਲੌਇਅਰ ਤੋਂ ਲੀਮੀਆ ਖਰੀਦੀ ਤੇ ਵਰਕ ਪਰਮਿਟ ਨਵੇਂ ਸਿਰੇ ਤੋਂ ਲਿਆ...। ਚਲੋ ਉਹਦੇ ਕੋਲ਼ ਚੰਗੀ ਗੱਲ ਇਹ ਸੀ ਕਿ ਉਹਨੇ ਕਹਿ ਤਾਂ ਦਿੱਤਾ ਸੀ ਕਿ ਜੇ ਕਿਤੇ ਹੋਰ ਵੀ ਕੈਸ਼ 'ਤੇ ਕੰਮ ਮਿਲਦਾ ਤਾਂ ਕਰ ਸਕਦਾ ਆ...। ਉਹਦਾ ਉਸਾਰੀ ਦਾ ਕੰਮ ਸੀ ਤੇ ਔਖਾ ਭਾਰਾ ਸੀ। ਬੰਦਾ ਨਰਮ ਕਰ ਕੇ ਖਾਤੇ ਵਿਚ ਤਨਖਾਹ ਵਗੈਰਾ ਸ਼ੋਅ ਕਰ ਰਿਹਾ ਸੀ ਤੇ ਕਦੇ ਕਦੇ ਓਵਰ ਟਾਈਮ ਵੀ ਸ਼ੌਅ ਕਰਦਾ... ਉਹਨੇ ਤਾਂ ਲਿਹਾਜ਼ ਵਰਤੀ...। ਤਾਇਆ ਛੋਟੇ ਮੁੰਡੇ ਕੋਲ਼ ਰਹਿੰਦਾ ਸੀ... ਜੋ ਭੈਣ ਦੇ ਸ਼ਹਿਰ ਨਾਲ ਸੀ, ਤਾਂ ਕਰ ਕੇ ਦੋਵਾਂ ਥਾਵਾਂ 'ਤੇ ਆ ਜਾ ਲੈਂਦਾ ਸੀ। ਤਾਏ ਨੇ ਜਦੋਂ ਜਾਣਾ ਸੀ ਤਾਂ ਗੂਫਰ ਕੋਲ਼ ਕੰਮ ਦਿਵਾ ਕੇ ਗਿਆ ਸੀ ਕਿ ਹੋਰ ਪੈਸੇ ਕਮਾ ਲਊ... ਪਰ ਛੇਤੀ ਹੀ ਗੂਫਰ ਕੋਲ਼ੋਂ ਤਾਂ ਜਵਾਬ ਮਿਲ ਗਿਆ ਸੀ ਤੇ ਉਹ ਉਸਾਰੀ ਵਾਲੇ ਕੰਮ 'ਤੇ ਹੀ ਜਾਣ ਲੱਗ ਪਿਆ ਸੀ...। ਚਲੋ ਐਏਂ ਸੀ ਸਾਰਾ ਦਿਨ ਕੋਡੀ ਢੂਹੀ ਤਾਂ ਨਹੀਂ ਸੀ ਕਰਨੀ ਪੈਂਦੀ, ਭਾਵੇਂ ਕੰਮ ਤਾਂ ਕੰਸ਼ਟਰੱਕਸ਼ਨ ਵਾਲਾ ਵੀ ਸੌਖਾ ਨਹੀਂ ਸੀ...।

"ਯਹਾਂ ਪੇ ਸਭ ਠੀਕ ਹੈ, ਬਹੁਤ ਅੱਛਾ ਹੈ ਸਭ... ਖਾਣ ਪੀਨੇ ਕੋ ਅੱਛੇ ਸੇ ਮਿਲ ਰਹਾ ਆ... ਸਰਦਾਰ ਜੀ ਕਾ ਪਰਿਬਾਰ ਬੜਾ ਅੱਛਾ ਹੈ, ਮਾਮਾ ਜੀ ਭੀ ਸਾਥ ਹੈ...।" ਫੋਨ 'ਤੇ ਗੱਲ ਕਰਦਿਆਂ ਸ਼ਾਮੂੰ ਅਕਸਰ ਆਪਣੇ ਪਰਿਵਾਰ ਨੂੰ ਕਹਿੰਦਾ ਸੀ, ਹੌਲ਼ੀ ਹੌਲ਼ੀ ਉਹ ਉਨ੍ਹਾਂ ਦੇ ਪਰਿਵਾਰ ਵਿਚ ਰਚਣ ਮਿੱਚਣ ਲੱਗਾ ਸੀ...। ਪਰ ਮਾਲਕ ਕਦੇ ਨੌਕਰ ਨੂੰ ਨਹੀਂ ਕਹਿੰਦਾ ਕਿ ਉਹ ਕੰਮ ਬਹੁਤ ਵਧੀਆ ਕਰਦਾ ਆ, ਉਹ ਹਮੇਸ਼ਾ ਨਘੋਚ ਕੱਢੂ। ਮਾਲਕ ਸਿਰਫ ਉਦੋਂ ਸਿਫ਼ਤ ਕਰੂ ਜਦੋਂ ਉਹਨੇ ਹੋਰ ਕੰਮ ਲੈਣਾ ਹੋਊ ਜਾਂ ਉਹਨੂੰ ਗ਼ਰਜ਼ ਹੋਊ... ਤਾਂ ਹੀ ਉਹ ਵੀ ਕੰਮ ਕਰਦੇ ਸ਼ਾਮੂੰ ਨੂੰ ਕਹਿ ਦਿੰਦਾ... 'ਛੇਤੀ ਨਿਬੇੜ, ਚੱਜ ਨਾਲ ਕਰ, ਪਿਉ ਦਾ ਸਮਝਿਆ? ਹੋਰ ਪਤਾ ਨਹੀਂ ਕੀ ਕੁਝ।' ਉਹ ਹੱਸ ਹੱਸ ਸਾਰਾ ਕੁਝ ਸਹਿ ਜਾਂਦਾ... ਸੁਬਹ ਛੇ ਵਜੇ ਤੋਂ ਲੈ ਕੇ ਰਾਤ ਦੇ ਨੌਂ ਵਜੇ ਤਕ ਊਰੀ ਬਣਿਆ ਘੁੰਮਦਾ ਰਹਿੰਦਾ...।

"ਹਾਂ ਬਾਪੂ, ਠੀਕ ਆ ਮੌਜਾਂ ਆ ...। ਲੁੱਟੀ ਜਾਨੇ ਆਂ ਨਜ਼ਾਰੇ... ਕਨੇਡਾ ਵਰਗੀ ਰੀਸ

ਕਿੱਥੇ... ਸਾਰੀ ਥਕਾਵਟ ਲਹਿ ਜਾਂਦੀ ਜਦੋਂ ਇਕ ਨੂੰ ਪੰਜਾਹ ਨਾਲ ਗੁਣਾ ਕਰ ਕੇ ਵੇਖੀਦਾ।"

ਉਹਨੂੰ ਵੀ ਤਾਂ ਏਹੀ ਕਹਿਣਾ ਪੈਂਦਾ, ਜਦੋਂ ਘਰੋਂ ਫੋਨ ਆਉਂਦਾ... ਬੇਬੇ ਸਾਮ੍ਹਣੇ ਵੀ ਚੜ੍ਹਦੀ ਕਲਾ ਰੱਖਣੀ ਪੈਂਦੀ...। ਉਹਨਾਂ ਨੂੰ ਵੀ ਚਾਅ ਆ ... ਜਵਾਕ ਬਾਹਰ ਸੈੱਟ ਨੇ... ਬੇਬੇ ਤਾਂ ਇਕ ਗੇੜਾ ਉਹਦੇ ਆਉਣ ਤੋਂ ਪਹਿਲਾਂ ਭੈਣ ਕੋਲ਼ ਲਾ ਗਈ ਆ...। ਬਾਪੂ ਨੇ ਪਤਾ ਨਹੀਂ ਕੀ ਸੌਂਹ ਖਾਧੀ ਆ ਕਿ ਮੈਂ ਨਹੀਂ ਕਨੇਡਾ ਆਉਣਾ... ਸ਼ਾਇਦ ਕਨੇਡਾ ਦਾ ਦੂਜਾ ਪੱਖ ਜਾਣਦਾ ਸੀ ਉਹ। ਉਹ ਤਾਂ ਮੈਨੂੰ ਵੀ ਰੋਕਦਾ ਸੀ ਕਿ ਜਦੋਂ ਏਥੇ ਸਾਰਾ ਕੁਝ ਹੈਗਾ ਤਾਂ ਕੀ ਲੈਣਾ ਆ? ਏਧਰ ਰਾਜਾ ਆਂ ਤੂੰ...। 'ਦੂਰ ਦੇ ਢੋਲ ਹੀ ਸੁਹਾਵਣੇ ਲੱਗਦੇ ਆ' ਪਰ ਉਹ ਕਹਿੰਦੇ ਆ ਨਾ 'ਰਾਹ ਪਏ ਜਾਣੀਏ ਜਾਂ ਵਾਹ ਪਏ ਜਾਣੀਏ'...। ਸਾਰੇ ਰਿਸ਼ਤੇਦਾਰ ਅੱਡੋ ਅੱਡੀ ਕੰਮਾਂ 'ਤੇ ਸੀ...। ਭੈਣ-ਜੀਜਾ ਵੀ ਵੀਕ ਐਂਡ 'ਤੇ ਘਰ ਮਿਲਦੇ ਨੇ, ਭੈਣ ਤਾਂ ਵੀਕਐਂਡ 'ਤੇ ਵੀ ਕੰਮ ਕਰ ਆਉਂਦੀ ਆ...। ਹੁਣ ਉਨ੍ਹਾਂ ਆਵਦਾ ਕੰਮ ਸ਼ੁਰੂ ਕਰਨਾ ਆ...। ਰੋਟੀ ਵੀ ਬੇਹੀ ਗਰਮ ਕਰ ਕੇ ਖਾਣੀ ਪੈਂਦੀ... ਏਥੇ ਤਾਂ ਵਾਹ ਵੀ ਡਾਹਢਿਆਂ ਨਾਲ ਪਿਆ ਸੀ...। ਘਰੇ ਬਾਪੂ ਨੂੰ ਪੈਸੇ ਤਾਂ ਭੇਜਣੇ ਪੈਂਦੇ ਨੇ ਕਿ ਉਹਨੂੰ ਲੱਗੇ ਨਾ ਕਿ ਇਹਨੇ ਮੇਰਾ ਪੈਸਾ ਖਰਾਬ ਕਰ ਦਿੱਤਾ ਆ ... ਇਹਨੂੰ ਕੰਮ ਨਹੀਂ ਆਉਂਦਾ। ਸੋਚਦਾ... ਮਿਹਨਤ ਕਰਕੇ ਕਮਾ ਰਿਹਾ ਆ... ਜਸਟੀਫਾਈ ਤਾਂ ਕਰਨਾ ਹੀ ਹੋਇਆ ਨਾ...। ਕਦੇ ਕਦੇ ਸੋਚਦਾ ਵੀਕਐਂਡ 'ਤੇ ਖਿਚਾਈਆਂ ਫੋਟੋਆਂ ਹੀ ਏਧਰਲਿਆਂ ਨੂੰ ਖਿੱਚਦੀਆਂ ਨੇ... ਦਿਮਾਗ਼ ਖਰਾਬ ਕਰਦੀਆਂ ਕਿ ਕਨੇਡਾ ਈ ਜਾਣਾ...।

"ਸਰਦਾਰ ਜੀ, ਅਬ ਮੈਂਨੇ ਸੋਚਾ ਹੈ ਕਿ ਮਾਂ-ਬਾਪ ਕੋ ਇਦਰ ਹੀ ਲੈ ਆਊਂ... ਯਹਾਂ ਪਰ ਮਕਾਨ ਬਨਾ ਲੈਨਾ ਹੈਗੀ... ਯਹਾਂ ਪਰ ਸਭ ਸਹੂਲਤੇਂ ਹੈ... ਸ਼ਾਦੀ ਕਰ ਬੀਵੀ ਬੀ ਇੱਧਰ ਹੀ ਲੈ ਆਨੀ ਹੈ ਜੀ... ਸਦਾਰ ਜੀ ਔਰ ਬੀਬੀ ਜੀ ਕੀ ਸੇਵਾ ਕਰੇਗੀ...।" ਜਦੋਂ ਸ਼ਾਮੂੰ ਕੋਲ਼ ਮੋਟਰ 'ਤੇ ਜਾਂਦਾ ਤਾਂ ਉਹ ਅਕਸਰ ਹੀ ਤੋਤੇ ਵਾਂਗ ਰਟੇ ਰਟਾਏ ਬੋਲ ਬੋਲਦਾ।

"ਜਦੋਂ ਪੀ.ਆਰ. ਹੋ ਗਿਆ, ਮੈਂ ਤੁਹਾਨੂੰ ਵੀ ਕਨੇਡਾ ਹੀ ਲੈ ਜਾਣਾ" ਕਰਨ ਨੇ ਵੀ ਤਾਂ ਬੇਬੇ ਬਾਪੂ ਨੂੰ ਇਹੀ ਆਖਿਆ ਸੀ।

ਜਿਸ ਦਿਨ ਵੀਜ਼ਾ ਆਇਆ ਸੀ ਤਾਂ ਬਾਪੂ ਅੱਖਾਂ ਜਿਹੀਆਂ ਭਰ ਆਇਆ ਸੀ... ਉਹ ਭਾਵੁਕ ਹੋ ਕੇ ਬੋਲਿਆ ਸੀ, "ਪੁੱਤ, ਸਾਨੂੰ ਕੀਹਦੇ ਆਸਰੇ ਛੱਡ ਚੱਲਿਆ ਆਂ।" ਉਹ ਉਦੋਂ ਫੋਕਾ ਜਿਹਾ ਹੀ ਹੱਸ ਸਕਿਆ।

ਭੈਣ ਨੂੰ ਕਿਹਾ ਹੋਇਆ ਕਿ ਏਧਰ ਹੀ ਪੀ.ਆਰ ਕੁੜੀ ਲੱਭ ਦਵੀਂ, ਸਟੂਡੈਂਟ ਵੀ ਚੱਲੂ... ਹੁਣ ਜਦੋਂ ਰਹਿਣਾ ਈ ਏਧਰ ਆ, ਨਾਲੇ ਉਦੋਂ ਤਕ ਬਾਪੂ ਬੇਬੇ ਕੋਲ਼ ਸ਼ਾਮੂੰ ਹੋਰੀਂ ਹੈਗੇ ਆ...।"

ਘਰਾਂ 'ਚੋਂ ਤਾਂ ਕੋਈ ਹੈ ਨਹੀਂ ਸੀ ਇੰਡੀਆ, ਨਾ ਚਾਚਾ-ਤਾਇਆ ਤੇ ਨਾ ਉਹਨਾਂ ਦਾ ਧੀ ਪੁੱਤ... ਫੇਰ ਡਿਊਟੀ ਵੀ ਸ਼ਾਮੂੰ ਹੋਰਾਂ ਦੀ ਲਾਉਣੀ ਸੀ।

ਸ਼ਾਮੂੰ ਹੁਣ ਤਾਂ ਟਿਕ ਗਿਆ ਸੀ... 'ਕੇਰਾਂ ਤਾਂ ਆਵਦੇ ਕਿਸੇ ਰਿਸ਼ਤੇਦਾਰ ਦੇ ਮਗਰ ਲੱਗ ਭੱਜ ਵੀ ਗਿਆ ਸੀ...ਉਹਦੇ ਨਾਲ ਕੰਮ 'ਚ ਹਿੱਸੇਦਾਰ ਬਣਨ ਨੂੰ ਫਿਰਦਾ ਸੀ...ਪਰ ਕੰਮ ਫੇਲ੍ਹ ਹੋ ਜਾਣ ਕਰ ਕੇ ਵਾਪਸ ਆ ਗਿਆ ਸੀ...। ਜਦੋਂ ਇਹਦਾ ਮਾਮਾ ਬਜ਼ੁਰਗ ਹੋਣ ਕਰ ਕੇ ਕੰਮ ਛੱਡ ਗਿਆ ਤਾਂ ਫੇਰ ਸ਼ਾਮੂੰ ਕਿੱਧਰੇ ਨਾ ਗਿਆ... ਕੰਮ ਦਾ ਬੋਝ ਲੈਣ ਲੱਗਾ ਸੀ... ਉਹਨੂੰ ਲੱਗਦਾ ਘਰ ਮੇਰੇ ਸਿਰ 'ਤੇ ਈ ਆ। ਜਿਵੇਂ ਕਰਨ ਵੀ ਤਾਏ ਦੇ ਵੱਡੇ ਮੁੰਡੇ ਨਾਲ ਇਸ ਆਸ ਨਾਲ ਟਰੱਕ 'ਤੇ ਚੜ੍ਹਿਆ ਸੀ ਕਿ ਕੰਮ ਦਾ ਭੇਦ ਲੈ ਕੇ ਟਰਾਂਸਪੋਰਟ ਖੋਲ੍ਹ ਲਊ... ਪਰ ਉਹ ਉਹਨੂੰ ਚਾਚੇ ਦਾ ਪੁੱਤ ਘੱਟ ਤੇ ਕ਼ਲੀਂਡਰ ਵੱਧ ਸਮਝਦਾ... ਲੌਗ ਬੁੱਕ ਉਹਦੀ ਭਰੀ ਹੁੰਦੀ ਤੇ ਟਰੱਕ ਕਰਨ ਚਲਾ ਰਿਹਾ ਹੁੰਦਾ। ਇਕ ਦਿਨ ਕਰਨ ਤੋਂ ਟਰੱਕ ਠੁਕ ਗਿਆ ਸੀ... ਗ਼ਲਤੀ ਭਾਵੇਂ ਸਾਹਮਣੇ ਵਾਲੇ ਦੀ ਸੀ...। ਲੋਗ ਬੁੱਕ 'ਤੇ ਤਾਏ ਦੇ ਮੁੰਡੇ ਦਾ ਨਾਮ ਚੜ੍ਹਿਆ ਹੋਣ ਕਰਕੇ ਵਾਹਵਾ ਸਿਆਪਾ ਪਿਆ... ਪੁਲੀਸ ਆਈ, ਮੋਟਾ

ਜੁਰਮਾਨਾ ਲੱਗਾ ਤੇ ਉਹ ਕਰਨ ਨਾਲ ਡਾਢਾ ਔਖਾ ਹੋ ਗਿਆ... ਬੁਲਾਉਣਾ ਵੀ ਛੱਡ ਗਿਆ... ਜਿਹੜਾ ਸਿਰ ਉਲਾਂਭਾ ਆਇਆ ਉਹ ਅਲੱਗ...।

ਸ਼ਾਮੂੰ ਮਿਹਨਤੀ ਬਹੁਤ ਆ, ਉਹਦਾ ਖਰਚ ਕੋਈ ਨਹੀਂ ਸੀ... ਪੈੱਗ ਉਹਨੂੰ ਕਰਨ ਕਦੇ ਕਦੇ ਲਵਾ ਦਿੰਦਾ ਸੀ... ਗੁਟਖਾ ਕਦੇ ਲਾਉਂਦਾ ਨਹੀਂ ਵੇਖਿਆ... ਬੀੜੀ ਪੀਂਦਾ ਸੀ ਪਰ ਕਰਨ ਤੋਂ ਚੋਰੀ...। ਉਹਨੂੰ ਪਤਾ ਸੀ ਕਰਨ ਬੀੜੀ ਤਮਾਕੂ ਤੋਂ ਸਖਤ ਨਫ਼ਰਤ ਕਰਦਾ ਆ... ਉਹਨੂੰ ਜੋ ਵੀ ਤਨਖਾਹ ਮਿਲਦੀ ਥੋੜ੍ਹੇ ਥੋੜ੍ਹੇ ਪੈਸੇ ਜਮ੍ਹਾਂ ਕਰਾਉਂਦਾ ਗਿਆ...। ਕਰਨ ਦੇ ਬਾਪ ਨੇ ਸਰਪੰਚ ਨੂੰ ਕਹਿ ਕੇ ਉਹਦੀ ਵੋਟ ਤੇ ਆਧਾਰ ਕਾਰਡ ਏਥੇ ਦਾ ਬਣਾ ਦਿੱਤਾ ਸੀ ਕਿਉਂਕਿ ਕੰਮ ਕਰਦੇ ਨੂੰ ਕਈ ਸਾਲ ਹੋ ਗਏ ਸੀ ਤੇ ਫਿਰ ਪੰਚਾਇਤ ਵੱਲੋਂ ਦਿੱਤੇ ਪਲਾਟਾਂ ਵਿਚੋਂ ਉਹਨੂੰ ਪਲਾਟ ਦਵਾ ਦਿੱਤਾ ਸੀ...। ਸ਼ਾਮੂੰ ਕੋਲ਼ ਕੁਝ ਜਮ੍ਹਾਂ ਪੈਸੇ ਸੀ, ਕੁਝ 'ਆਵਾਸ ਯੋਜਨਾ' ਤਹਿਤ ਗ੍ਰਾਂਟ ਮਿਲ ਗਈ ਤੇ ਉਹਨੇ ਦੋ ਕਮਰਿਆਂ ਦਾ ਮਕਾਨ ਛੱਤ ਲਿਆ ਸੀ...। ਜਿਵੇਂ ਹੀ ਪੈਰ ਲੱਗੇ, ਸ਼ਾਮੂੰ ਵਿਆਹ ਕਰਵਾ ਵਹੁਟੀ ਨੂੰ ਏਧਰ ਲੈ ਆਇਆ ਸੀ। ਉਹਦੇ ਦੋ ਭਰਾ ਪੰਜਾਬ ਆ ਕੇ ਕੰਮ ਕਰਨ ਲੱਗੇ ਸੀ... ਪਿੱਛੇ ਉਹਦੇ ਕਾਫ਼ੀ ਰਿਸ਼ਤੇਦਾਰ ਬਿਹਾਰ ਵਿਚ ਹਾਲੇ ਵੀ ਸਨ...।

"ਪੰਜਾਬ ਆ ਕੇ ਮੇਰੀ ਲਾਇਫ ਬਣ ਗਈ ਆ ਸਦਾਰ ਜੀ... ਜਬ ਹਮ ਅਪਨੇ ਦੇਸ਼ ਜਾਤੇ ਹੈਂ ਤੋਂ ਸਭੀ ਹਮੇਂ ਇੱਜ਼ਤ ਕੀ ਨਿਗ੍ਹਾ ਸੇ ਦੇਖਤੇ ਹੈ... ਅਭੀਂ ਤੋਂ ਹਮ ਕੁਝ ਦਾਨ ਪੁੰਨ ਵੀ ਕਰਤੇ ਹੈ... ਕੁਝ ਖੇਤ ਅਪਨੇ ਬੀ ਬਨਾ ਲੀਏ ਹੈ...।" ਸ਼ਾਮੂੰ ਮੰਜੇ ਦੇ ਕੋਲ਼ ਬੈਠਾ ਕਹਿੰਦਾ ਤਾਂ ਲੱਗਦਾ ਸਾਲ਼ਾ ਗੱਪ ਮਾਰ ਰਿਹਾ... ਮਨ 'ਚ ਗਾਹਲ ਕੱਢ ਹੱਸਦਾ, "ਸਾਲ਼ਿਆ ਚੱਲਦਾ ਤਾਂ ਰੁਪਈਆ ਈ ਆ, ਇਉਂ ਕਰਦਾ ਜਿਵੇਂ ਡਾਲਰ ਕਮਾ ਕੇ ਭੇਜਦਾ ਹੋਵੇ..." ਸ਼ਾਮੂੰ ਜਦੋਂ ਵੀ ਕੁਝ ਦਿਨ ਲਾ ਪਿੰਡੋਂ ਮੁੜਦਾ ਤਾਂ ਉਹਦਾ ਮਨ ਵੈਰਾਗ ਵਿਚ ਡੁੱਬਿਆ ਰਹਿੰਦਾ... ਉਹਦੇ ਚੇਤਿਆਂ 'ਚ ਪਿੰਡ ਦੀਆਂ ਕਹਾਣੀਆਂ ਹੁੰਦੀਆਂ... ਪਿੰਡ ਦੇ ਲੋਕ ਹੁੰਦੇ...।

"ਸਰਦਾਰ ਬਖਤਾਵਰ ਸਿੰਘ ਕਨੇਡਾ ਵਾਲੇ, ਇਸ ਟੂਰਨਾਮੈਂਟ ਲਈ ਓਪਨ ਕਬੱਡੀ ਦਾ ਪਹਿਲਾ ਇਨਾਮ ਦੇਣਗੇ...।" ਕਰਨ ਦਾ ਤਾਇਆ ਅਕਸਰ ਹੀ ਪਿੰਡ ਹੋਣ ਵਾਲੇ ਕਬੱਡੀ ਟੂਰਨਾਮੈਂਟ ਲਈ ਮਾਇਆ ਦਿਆ ਕਰਦਾ ਸੀ...। ਇਸ ਵਾਰ ਟੂਰਨਾਮੈਂਟ 'ਤੇ ਜਾ ਨਹੀਂ ਹੋਇਆ ਤਾਂ ਉਹਨੇ ਮਾਇਆ ਭੇਜ ਦਿੱਤੀ ਸੀ ਤੇ ਚੱਲ ਰਹੇ ਲਾਇਵ ਵਿਚ ਵਾਰ ਵਾਰ ਕੁਮੈਂਟੇਟਰ ਤੋਂ ਆਪਣਾ ਨਾਮ ਸੁਣ ਕੇ ਖੁਸ਼ ਹੋ ਰਿਹਾ ਸੀ...। ਏਧਰ ਇੰਡੀਆ ਵਿਚ ਹੱਥ ਘੁੱਟ ਕੇ ਖਰਚ ਕਰਨ ਵਾਲਾ ਤਾਇਆ ਹੁਣ ਪਿੰਡ ਦਾ ਵੱਡਾ ਦਾਨੀ ਆ... ਹਰੇਕ ਗ਼ਰੀਬ ਗੁਰਬੇ ਦੀ ਮੱਦਦ ਕਰਦਾ ਆ... ਗਿਆਨ ਵੰਡਦਾ ਆ... ਗ਼ਰੀਬ ਕੁੜੀਆਂ ਦੇ ਵਿਆਹ 'ਤੇ ਵੀ ਮੱਦਦ ਦਿੰਦਾ ਹੈ... ਤਾਏ ਨੇ ਜੱਦੀ ਵਾਹਣ ਨਾਲ ਹੋਰ ਵਾਹਣ ਵੀ ਮੁੱਲ ਲੈ ਕੇ ਜੋੜਿਆ ਹੈ... ਅਕਸਰ ਹੀ ਆਥਣ ਨੂੰ ਦਾਰੂ ਪੀ ਕੇ ਪਿੰਡ ਦੀਆਂ ਗੱਲਾਂ ਤੋਰ ਲੈਂਦਾ ਆ... ਇਸ ਵਾਰ ਵੀ ਪਿੰਡੋਂ ਮੁੜਿਆ ਕਿੰਨੇ ਦਿਨ ਪਿੰਡ ਦੀਆਂ ਗੱਲਾਂ ਹੀ ਸੁਣਾਉਂਦਾ ਰਿਹਾ...। ਅਖੇ, "ਹੁਣ ਤਾਂ ਪਿੰਡ ਬਹੁਤ ਬਦਲ ਗਏ ਆ, ਬਹੁਤ ਤਰੱਕੀ ਕਰ ਰਹੇ ਆ... ਵੱਡੀਆਂ ਵੱਡੀਆਂ ਕੋਠੀਆਂ, ਚੌੜੀਆਂ ਸੜਕਾਂ, ਖੁੱਲ੍ਹੇ ਪਲਾਜ਼ੇ ਕਨੇਡਾ ਦਾ ਹੀ ਭੁਲੇਖਾ ਪਾਉਂਦੇ ਨੇ...।" ਕਦੇ ਕਦੇ ਤਾਇਆ ਪਿੰਡ ਜਾ ਕੇ ਸਰਪੰਚੀ ਲੈਣ ਦੀਆਂ ਗੱਲਾਂ ਕਰਦਾ ਆ...।

"ਸਰਦਾਰ ਜੀ, ਅਬ ਤੋਂ ਹਮਰਾ ਬਿਹਾਰ ਬੀ ਤਰੱਕੀ ਕਰ ਰਹਾ ਹੈ...। ਨਿਤੀਸ਼ ਜੀ ਨੇ ਹਮਾਰੇ ਗਾਂਵ ਤਕ ਸੜਕ ਬਨਾ ਦੀ ਹੈ... ਬੱਸ ਸੇਵਾ ਵੀ ਸ਼ੁਰੂ ਹੋ ਚੁਕੀ ਹੈ, ਅਬ ਤੋਂ ਹਮਰੇ ਗਾਉਂ ਮੇਂ ਇੰਟਰਨੈੱਟ ਬੀ ਆਨੇ ਲਗਾ ਹੈ" ਸ਼ਾਮੂੰ ਕਰਨ ਦੇ ਕਨੇਡਾ ਆਉਣ ਤੋਂ ਪਹਿਲਾਂ ਉਸ ਦਿਨ ਆਵਦੇ ਪਿੰਡ ਦੀਆਂ ਗੱਲਾਂ ਉਸਨੂੰ ਚਾਅ ਨਾਲ ਸੁਣਾ ਰਿਹਾ ਸੀ...।

ਅਚਾਨਕ ਖੜਾਕਾ ਹੋਇਆ ਤੇ ਕਰਨ ਸਾਰੇ ਯਾਦਾਂ, ਖਿਆਲਾਂ 'ਚੋਂ ਝਟਕੇ ਨਾਲ ਬਾਹਰ ਆ ਗਿਆ... ਦਿਨ ਢਲਣ ਲੱਗਾ ਸੀ... ਕਿਉਂ ਨਾ ਅੱਜ ਸ਼ਾਮੂੰ ਨਾਲ ਹੀ ਗੱਲ ਕੀਤੀ ਜਾਵੇ... ਪਰ

ਥੱਕਿਆ ਬਹੁਤ ਸੀ... ਸੋਚਿਆ ਘਰ ਜਾ ਕੇ ਫਰੈੱਸ਼ ਹੋ ਕੇ ਫੋਨ ਕਰਾਂਗਾ... ਰਾਤ ਨੂੰ ਫੁੱਲ ਸ਼ਿਫਟ ਵਾਲੇ ਦੂਜੇ ਕੰਮ 'ਤੇ ਵੀ ਜਾਣਾ ਸੀ। ਪਾਰਟ ਟਾਈਮ ਵਾਲੇ ਗੋਰੇ ਦੀਆਂ ਗੱਲਾਂ ਹਾਲੇ ਵੀ ਜਖਮਾਂ 'ਤੇ ਪਏ ਲੂਣ ਵਾਂਗ ਮੱਚ ਰਹੀਆਂ ਸੀ... ਚਲੋ ਫੁੱਲ ਜੌਬ ਰੈਸਟੋਰੈਂਟ 'ਤੇ ਸੀ... ਸੋਚਿਆ ਹੋਇਆ ਕਿ ਪੀ.ਆਰ. ਹੋ ਕੇ ਰੈਸਟੋਰੈਂਟ ਦਾ ਕੰਮ ਹੀ ਖੋਲ੍ਹਣਾ...।

ਘਰ ਆ ਕੇ ਨਹਾ ਕੇ ਦੁੱਧ 'ਚ ਬਰੈੱਡ ਪਾ ਖਾਣਾ ਸ਼ੁਰੂ ਕੀਤਾ... ਕੰਮ 'ਤੇ ਜਾਣਾ ਸੀ, ਰੈੱਸਟ ਵੀ ਨਾ ਕੀਤੀ... ਸ਼ਾਮੂੰ ਨੂੰ ਫੋਨ ਲਾ ਲਿਆ। ਸ਼ਾਮੂੰ ਬੜਾ ਖੁਸ਼ ਸੀ ਕਿ ਛੋਟੇ ਸਰਦਾਰ ਨੇ ਉਹਨੂੰ ਫੋਨ ਕੀਤਾ ਆ... ਗੱਲਬਾਤ ਲੰਬੀ ਹੋ ਗਈ... ਗੱਲ ਕਰਦਿਆਂ ਕਰਦਿਆਂ ਅਚਾਨਕ ਸ਼ਾਮੂੰ ਭਾਵੁਕ ਜਹੇ ਹੋ ਗਿਆ, ਜਿਵੇਂ ਕਾਫ਼ੀ ਸਮੇਂ ਦੀ ਦਿਲ 'ਚ ਦੱਬੀ ਕੂਕ ਅੱਜ ਕੱਢਣੀ ਹੋਵੇ।

"ਸਰਦਾਰ ਜੀ, ਇਕ ਬਾਤ ਬੋਲੂੰ, ਬੁਰਾ ਨਾ ਮਨਾਈਏਗਾ... ਬਹੁਤ ਕਾਮ ਕਰ ਲੀਏ, ਸੋਚਤਾ ਹੂੰ ਸਭ ਬੇਚ ਕੇ ਦੇਸ਼ ਚਲਾ ਜਾਊਂ, ਸਭੀ ਲੋਗ ਹੈਂ ਵਹਾਂ ਪੇ... ਯਹਾਂ ਪਰ ਤੋ ਕਾਮ ਸੇ ਫੁਰਸਤ ਹੀ ਨਹੀਂ ਮਿਲਤੀ... ਸਭ ਰਿਸ਼ਤੇਦਾਰ ਕਾਮ ਪਰ ਰਹਿਤੇ ਹੈਂ... ਵਹਾਂ ਪਰ ਤੋਂ ਸਭ ਸਾਥ ਥੇ, ਯਹਾਂ ਆ ਕਰ ਲਗਾ ਕਿ ਜ਼ਿੰਦਗੀ ਬਿਹਤਰ ਬਨਾਨੇ ਕੇ ਚੱਕਰ ਮੇਂ ਮੈਨੇ ਸਭ ਕੋ ਖੋ ਦੀਆ ਹੈ... ਗਾਂਵ ਜੈਸੀ ਮੌਜ ਨਹੀਂ ਹੈ ਸਰਦਾਰ ਜੀ, ਵੋ ਸਕੂਨ ਨਹੀਂ ਹੈ... ਪਰ ਮੁਝੇ ਲਗਤਾ ਹੈ ਅਬ ਤੋ ਮੇਰੀ ਅਸਥੀਆਂ ਹੀ ਜਾਏਂਗੀ ਔਰ ਮੈਂ ਤੋ ਚਾਹ ਕੇ ਭੀ ਨਹੀਂ ਜਾ ਸਕਤਾ, ਪਰ ਸਰਦਾਰ ਜੀ ਆਪਕੇ ਤੋ ਖੂਬ ਮਜ਼ੇ ਹੈਂ, ਬੀਜੀ ਬਤਾਤੇ ਹੈਂ, ਮੈਨੇ ਆਪਕੀ ਫੋਟੋ ਬੀ ਦੇਖੀ ਹੈ... ਐਸ਼ ਹੈ ਆਪਕੀ ਬਿਦੇਸ਼ ਮੇਂ..." ਸ਼ਾਮੂੰ ਭਾਵੁਕ ਹੋ ਕੇ ਕਿੰਨੀਆਂ ਹੀ ਗੱਲਾਂ ਕਹਿ ਗਿਆ।

ਕਰਨ ਦੀਆਂ ਅੱਖਾਂ ਵਿਚੋਂ ਘਰਾਲ੍ਹਾਂ ਵਗਣ ਲੱਗੀਆਂ... ਜ਼ੁਬਾਨ ਠਾਕੀ ਗਈ... ਮਕਾਨ ਦੀ ਮਾਰਗੇਜ... ਗੱਡੀ ਦੀ ਕਿਸ਼ਤ... ਆਉਣ ਵਾਲੀ ਪੀ.ਆਰ. ਦਾ ਫ਼ਿਕਰ ਤੇ ਕਨੇਡਾ ਦਾ ਟੈਗ... ਸਿਰ 'ਤੇ ਤਾਣੀ ਬੰਦੂਕ ਵਾਂਗ ਜਾਪੇ... ਉਹਨੂੰ ਜਾਪਿਆ ਉਹਦੀਆਂ ਗੱਲਾਂ ਜਿਵੇਂ ਸ਼ਾਮੂੰ ਨੇ ਮੂੰਹ 'ਚੋਂ ਖਿੱਚ ਲਿਆ ਹੋਵੇ... ਹੁਣ ਇਹਨੂੰ ਕੀ ਕਹਾਂ...? ਦੁੱਖ ਤਾਂ ਇਹਦਾ ਵੀ ਮੇਰੇ ਦੁੱਖ ਤੋਂ ਛੋਟਾ ਨਹੀਂ... ਸਭ ਸੁਣ ਕੇ ਕੋਈ ਗੱਲ ਨਾ ਔੜੀ... ਵਾਰ-ਵਾਰ ਗਲ਼ਾ ਸਾਫ਼ ਕਰ ਕੇ ਦਰਦ ਅੰਦਰ ਖਿੱਚਣ ਦੀ ਕੋਸ਼ਿਸ਼ ਕੀਤੀ।

ਸ਼ਾਮੂੰ ਹੈਲੋ ਹੈਲੋ ਕਰ ਰਿਹਾ ਆ... ਪਰ ਹੁਣ ਦੱਸੇ ਵੀ ਕੀ...? ਮੇਰਾ 'ਕੀੜਾ' ਵੀ ਤਾਂ 'ਬਾਹਰ' ਆ ਕੇ ਹੀ ਨਿਕਲਿਆ ਆ... ...। 000

***(ਪਿੰਡ ਤੇ ਡਾਕਘਰ ਕੋਟ ਕਰੋੜ ਕਲਾਂ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ-142 060***
***ਫੋਨ: +91-98884-08383)***

## ***ਬਹੁਤ ਅਫਸੋਸ***

***ਪੰਜਾਬੀ ਸਾਹਿਤ ਤੇ ਕਲਾ ਦੇ ਖੇਤਰ ਵਿਚਲੇ ਨਾਮਵਰ ਹਸਤਾਖਰ ਜਰਨੈਲ ਸਿੰਘ ਆਰਟਿਸਟ, ਹਰਜੀਤ ਦੌਧਰੀਆ, ਕੇਸਰ ਸਿੰਘ ਨੀਰ, ਨਦੀਮ ਪਰਮਾਰ ਅਤੇ ਮਹਿੰਦਰ ਸੂਮਲ ਪਿਛਲੇ ਸਮੇਂ ਵਿਚ ਸਦੀਵੀ ਵਿਛੋੜਾ ਦੇ ਗਏ ਹਨ। ਆਪੋ-ਆਪਣੀ ਥਾਂ ਸਾਰਿਆਂ ਦੀ ਪੰਜਾਬੀ ਸਾਹਿਤ ਸਭਿਆਚਾਰ ਨੂੰ ਵੱਡੀ ਦੇਣ ਸੀ। ਸਾਹਿਤਕ ਤੇ ਕਲਾਤਮਕ ਸਰਗਰਮੀਆਂ ਤੋਂ ਇਲਾਵਾ ਉਹ ਵਿਤ ਅਨੁਸਾਰ ਲੋਕ ਹਿਤਾਂ ਲਈ ਰਾਜਨੀਤਕ ਤੇ ਜਨਤਕ ਕੰਮਾਂ-ਕਾਰਾਂ ਵਿਚ ਵੀ ਹਿੱਸਾ ਲੈਂਦੇ ਰਹੇ ਸਨ। ਮਾਨਵਵਾਦੀ ਦਿੱਖ ਨਾਲ ਪਰਨਾਏ ਉਹ ਬਹੁਤ ਖੂਬਸੂਰਤ ਇਨਸਾਨ ਸਨ। ਇਹਨਾਂ ਸੱਜਣਾਂ ਮਿੱਤਰਾਂ ਦੇ ਸਦੀਵੀ ਵਿਛੋੜਾ ਦੇ ਜਾਣ ਦਾ ਬਹੁਤ ਦੁੱਖ ਹੈ।***

# ਬਲਦੇਵ ਚੱਕ ਸਕੰਦਰ: ਵਾਰਤਾ: ਦਿੱਤਾ ਹੀ ਦੇਵਣਾ

ਜਿਵੇਂ ਬਰਫ ਨਾਲ ਢਕੀ ਪਹਾੜੀ ਦੀ ਇਕ ਨੁੱਕਰੇ ਗਰਮ ਪਾਣੀ ਦਾ ਚਸ਼ਮਾ ਵਗਦਾ ਹੈ, ਜਿਵੇਂ ਘੁੱਪ ਹਨ੍ਹੇਰੀ ਰਾਤ 'ਚ ਛੁਪੀ ਖੰਡਰ ਹਵੇਲੀ ਦੀ ਪਿਛਲੀ ਕੋਠੀ ਦੀਵਾ ਜਗਦਾ ਹੈ, ਇੰਝ ਹੀ ਪਿੰਡਾਂ, ਸ਼ਹਿਰਾਂ, ਕਸਬਿਆਂ 'ਚ ਵਸੀ, ਗਲ਼ੀਆਂ, ਬਾਜ਼ਾਰਾਂ, ਸੜਕਾਂ 'ਤੇ ਭੱਜੀ ਨੱਸੀ ਜਾਂਦੀ ਭੀੜ ਵਿਚ ਕੋਈ ਟਾਵਾਂ ਟਾਵਾਂ ਮਨੁੱਖ ਹੁੰਦਾ ਹੈ, ਜੋ ਆਪਣੇ ਕਿਰਦਾਰ ਨਾਲ, ਵਿਹਾਰ ਨਾਲ ਸਾਡਾ ਰੱਬ ਉੱਤੇ ਅਤੇ ਜੱਗ ਉੱਤੇ ਵਿਸ਼ਵਾਸ ਬਣਾਈ ਰੱਖਦਾ ਹੈ। ਐਸਾ ਮਨੁੱਖ, ਆਏ ਦਿਨ ਤਾਂ ਮੱਥੇ ਲੱਗਦਾ ਨਹੀਂ, ਲੱਭਣ ਲੱਗੀਏ ਤਾਂ ਲੱਭਦਾ ਨਹੀਂ, ਪਰ ਜੇ ਕਿਸਮਤ ਕਿਸੇ ਔਖੇ ਮੋੜ 'ਤੇ ਖੜ੍ਹੀ ਹੋਵੇ ਜਾਂ ਕੋਈ ਡਾਢੇ ਇਮਤਿਹਾਨ ਦੀ ਘੜੀ ਹੋਵੇ, ਤਾਂ ਮਲਕੜੇ ਹੀ ਸਾਹਮਣੇ ਆ ਖੜ੍ਹਦਾ ਹੈ। ਹੌਲ਼ੀ ਜਹੀ ਬਾਂਹ ਫੜਦਾ ਤੇ ਕਹਿੰਦਾ ਹੈ, 'ਏਧਰ ਦੀ ਆ, ਮੈਂ ਦੱਸਦਾਂ ਤੇਨੂੰ ਕੋਈ ਯੁਕਤ'। ਘੜੀ ਪਲ ਦਾ ਸਾਥ ਤੇ ਸਾਨੂੰ ਸਿੱਧੇ ਰਾਹ ਪਾ ਉਹ ਸ਼ੁਕਰੀਏ ਦਾ ਇੰਤਜ਼ਾਰ ਕੀਤੇ ਬਿਨਾਂ ਹੀ ਸਾਡੀ ਦੁਨੀਆਂ ਤੋਂ ਦੂਰ ਚਲਾ ਜਾਂਦਾ ਹੈ। ਹਜਾਰਾਂ ਤੋਹਫੇ ਭੁੱਲ ਜਾਈਦੇ ਹਨ, ਲੱਖਾਂ ਨਜ਼ਾਰੇ ਭੁੱਲ ਜਾਈਦੇ ਹਨ, ਅਣਗਿਣਤ ਪਕਵਾਨ, ਅਣਗਿਣਤ ਸਵਾਦ ਭੁੱਲ ਜਾਈਦੇ ਹਨ ਪਰ ਉਹ ਇਨਸਾਨ ਹਮੇਸ਼ਾ ਯਾਦ ਰਹਿੰਦੇ ਹਨ ਜਿਨ੍ਹਾਂ ਨਿਰਸਵਾਰਥ ਸਾਡੀ ਕਦੀ ਬਾਂਹ ਫੜੀ ਹੁੰਦੀ ਹੈ।

ਬਚਪਨ ਦੇ ਦਿਨ ਹਨ, ਕਿਤੇ ਨਾ ਕਿਤੇ ਪਹੁੰਚਣ ਦੀ ਉਮੀਦ। ਬਹੁਤ ਕੁਝ ਪੜ੍ਹਨਾ ਹੈ, ਬਹੁਤ ਕੁਝ ਸਿੱਖਣਾ। ਮਾਪਿਆਂ ਦੀਆਂ ਅਸੀਸਾਂ ਹਨ, ਜੂਝਣ ਦਾ ਵੇਲ਼ਾ ਹੈ, ਦਿਨ ਰਾਤ ਇਕੋ ਜਹੇ ਹੋ ਗਏ ਹਨ। ਅਖਬਾਰਾਂ, ਰਸਾਲਿਆਂ, ਕਿਤਾਬਾਂ ਦੀ ਫਰੋਲੋ ਫਰੋਲੀ ਜਾਰੀ ਹੈ, ਇਮਤਿਹਾਨ ਦੀਆਂ ਘੜੀਆਂ ਹਨ, ਲੋਹਾ ਤੇ ਲਹੂ ਦੋਨੋਂ ਗਰਮ ਹਨ, ਸੱਟਾਂ ਤੋਂ ਡਰ ਨਹੀਂ ਲੱਗਦਾ, ਸੱਪਾਂ ਤੋਂ ਡਰ ਨਹੀਂ ਲਗਦਾ, ਘੁੱਪ ਹਨ੍ਹੇਰੇ 'ਚ ਪੈੜਾਂ ਨਾਲ ਘਸੀ ਚਿੱਟੀ ਪਗਡੰਡੀ ਦਿਸ ਪੈਂਦੀ ਹੈ। ਤਾਰਿਆਂ ਦੀ ਲੋਏ ਫਸਲਾਂ ਦੇ ਮੁੱਢਾਂ ਨੂੰ ਤਰ ਕਰਦਾ ਕਲ ਕਲ ਕਰਦਾ ਪਾਣੀ ਸੁਣ ਜਾਂਦਾ ਹੈ। ਕਿਸੇ ਵੀ ਵਕਤ ਕੋਈ ਵੀ ਕੁਝ ਪੁੱਛ ਸਕਦਾ ਹੈ। ਇਸ ਲਈ ਪੂਰੀ ਕਾਇਨਾਤ ਦੀ ਖ਼ਬਰਸਾਰ ਰੱਖਣ ਦਾ ਹੀਆ ਕੀਤਾ ਹੈ। ਇਕੱਲੇ ਮਨ ਨਾਲ ਹੀ ਨਹੀਂ, ਜਿਸਮ ਨੂੰ ਕੋਹ ਕੇ ਮੁੜ੍ਹਕੇ ਦੇ ਮੁਸ਼ਕ ਨੂੰ ਮਹਿਕ 'ਚ ਤਬਦੀਲ ਕਰਨ ਦੀ ਜ਼ਿੱਦ ਹੈ, ਕੰਮ ਨੂੰ ਅੱਗੇ ਲਾਈ ਫਿਰਨ ਦਾ ਸ਼ੌਕ। ਦਾਤਰੀ, ਰੰਬਾ, ਟੋਕਾ, ਟਕੂਆ ਚਲਾਉਣ ਦਾ ਵੱਲ ਸਿੱਖਣਾ ਹੈ, ਨੱਚਣ, ਕੁੱਦਣ, ਗਾਉਣ ਤੇ ਹੱਸਣ ਦਾ ਝੱਲ ਸਿੱਖਣਾ ਹੈ। ਬਸ ਐਸੇ ਹੀ ਵੱਲ ਤੇ ਝੱਲ ਕਰਦਿਆਂ ਮੇਰਾ ਇਕ ਦਿਨ ਧਿਆਨ ਉਟਕ ਗਿਆ ਤੇ ਮੇਰੇ ਸੱਜੇ ਹੱਥ ਦੀ ਚੀਚੀ ਦਾ ਪੂਰਾ ਪੋਟਾ ਟੋਕੇ ਨਾਲ ਟੁੱਕ ਕੇ ਅਹੁ ਜਾ ਪਿਆ। ਉਧਰੋਂ ਮੇਰੀਆਂ ਡਾਡਾਂ ਨਿਕਲੀਆਂ, ਏਧਰੋਂ ਸਾਰੇ ਟੱਬਰ ਨੂੰ ਵੱਖਤ। ਕਿਸੇ ਫੁਹਾਰੇ ਵਾਂਗੂ ਵਗਦੇ ਖੂਨ 'ਤੇ ਚੁੰਨੀ ਬੱਧੀ, ਕਿਸੇ ਕੁਤਰੇ ਪੱਠਿਆਂ 'ਚੋਂ ਉਂਗਲ ਦਾ ਪੋਟਾ ਭਾਲਣ ਦੀ ਕੋਸ਼ਿਸ਼। ਪਰ ਜਿੰਨੀ ਦੇਰ ਬਾਅਦ ਉਹ ਮਾਸ ਦੀ ਬੋਟੀ ਲੱਭੀ, ਉਹ ਨੀਲੀ ਹੋ ਚੁੱਕੀ ਸੀ। ਉਹ ਉਂਗਲ ਹੁਣ ਦੋਬਾਰਾ ਉਹੋ ਜਿਹੀ ਨਹੀਂ ਬਣਨੀ ਸੀ। ਗੱਲ ਆਈ ਗਈ ਹੋ ਗਈ ਸੀ, ਜ਼ਖ਼ਮ ਭਰ ਗਿਆ ਸੀ, ਦਿਲ ਵਿਰਚ ਗਿਆ ਸੀ, ਮਨ ਨੇ ਉਸ ਊਣ ਨੂੰ ਸਵਿਕਾਰ ਕਰ ਲਿਆ ਸੀ।

ਦਸ ਬਾਰਾਂ ਸਾਲਾਂ ਦੀ ਮਿਹਨਤ ਮੁਸ਼ੱਕਤ, ਔਖੇ ਸੌਖੇ ਸਵਾਲਾਂ ਦਾ ਜਵਾਬ ਢੂੰਡਦਿਆਂ, ਕੁਝ ਆਲ਼ੇ ਦੁਆਲ਼ੇ ਤੇ ਰਹਿੰਦਾ ਕਿਤਾਬਾਂ 'ਚੋਂ ਖੋਜਦਿਆਂ, ਕੁਝ ਕੌੜੇ ਕੁਸੈਲੇ ਤੇ ਬਾਕੀ ਮਿੱਠੇ ਅਹਿਸਾਸਾਂ ਦਾ ਸਵਾਦ ਭੋਗਦਿਆਂ, ਮੂੰਹ 'ਤੇ ਮਾੜੀ ਮਾੜੀ ਲੂੰ ਫੁੱਟ ਆਈ ਹੈ। ਨਿੱਕੇ ਨਿੱਕੇ ਇਮਤਿਹਾਨਾਂ ਦਾ ਵਕਤ ਲੰਘ ਗਿਆ ਹੈ, ਰਸਮੀ ਵਿੱਦਿਆ ਮੁਕੰਮਲ ਹੋਣ 'ਤੇ ਹੈ। ਹੁਣ ਰੋਜ਼ੀ ਰੋਟੀ ਤੇ ਰੋਜ਼ਗਾਰ ਦੀ

ਦੂਨੀਆਂ 'ਚ ਛਾਲ਼ ਮਾਰਨੀ ਹੈ। ਹਜ਼ਾਰਾਂ ਵਿਕਲਪ ਸਾਹਮਣੇ ਬਿੱਖਰੇ ਪਏ ਹਨ, ਟੋਹ ਟੋਹ ਵੇਖ ਰਿਹਾ ਹਾਂ। ਆਲ ਇੰਡੀਆ ਲੈਵਲ 'ਤੇ ਲਏ ਜਾਂਦੇ ਟੈੱਸਟਾਂ ਵਿਚ ਜ਼ੋਰ ਅਜਮਾਈ ਕਰਨ ਦਾ ਮਨ ਕੀਤਾ ਹੈ ਤਾਂ ਪਹਿਲਾ ਫਾਰਮ ਫੌਜ ਦੀ ਅਫਸਰ ਭਰਤੀ ਦਾ ਭਰਿਆ ਗਿਆ ਹੈ। ਸੋਚਦਾ ਹਾਂ ਸਾਡੇ ਪੁਰਖੇ ਵੀ ਇਹੀ ਕੰਮ ਕਰਦੇ ਆਏ, ਕੋਈ ਬਰ੍ਹਮਾ ਤੇ ਕੋਈ ਲਾਮ 'ਚ ਫਿਰਦੇ ਆਏ। ਉੱਚੇ ਲੰਮੇ ਕੱਦ, ਸਡੌਲ ਸਰੀਰ, ਚੌੜੀਆਂ ਛਾਤੀਆਂ, ਪੱਟਾਂ ਬਾਜ਼ੂਆਂ 'ਚ ਅੰਤਾਂ ਦਾ ਜ਼ੋਰ। ਮੂੰਹਾਂ 'ਤੇ ਲੋਅ, ਅੱਖਾਂ 'ਚ ਚਮਕ, ਸਾਦੇ ਲਿਬਾਸ, ਸਾਬਤ ਕਦਮ, ਗੱਲਾਂ 'ਚ ਵਜ਼ਨ। ਸਾਊਪੁਣੇ ਤੇ ਮਰਦਾਊਪੁਣੇ ਦਾ ਸੋਹਣਾ ਸੁਮੇਲ। ਆਮ ਆਦਮੀ ਦੀ ਮਿੱਟੀ ਤੋਂ ਅਜਿਹੇ ਲੋਕ ਸ਼ਾਇਦ ਫੌਜ ਆਪੇ ਘੜ ਲੈਂਦੀ ਹੋਵੇਗੀ। ਇਹ ਗੱਲ ਸਹੀ ਸੀ ਉਦੋਂ ਪਤਾ ਲੱਗਾ ਜਦ ਪਸੀਨੇ ਨਾਲ ਤਰ ਬ ਤਰ ਕੈਡਿਟਾਂ ਨੂੰ ਦਬਕਾ ਮਾਰਦਿਆਂ ਉਸਤਾਦ ਸੰਘ ਪਾੜਵੀਂ ਆਵਾਜ਼ 'ਚ ਕਹਿ ਰਿਹਾ ਸੀ, "ਸਿਰ ਉੱਚਾ, ਸੀਨਾ ਬਾਹਰ, ਪੇਟ ਅੰਦਰ, ਤੁਰਦਿਆਂ ਜ਼ਮੀਨ 'ਤੇ ਅੱਡੀ ਇੰਝ ਮਾਰੋ ਜਿਵੇਂ ਧਰਤੀ ਦੀ ਹਿੱਕ ਠੋਕ ਰਹੇ ਹੋਵੋ "।

ਇਮਤਿਹਾਨ ਦੇਣ ਜਾਣ ਲੱਗਿਆਂ ਇਸ ਵਰਦੀ ਦੀਆਂ ਹਜ਼ਾਰਾਂ ਨਿਹਮਤਾਂ ਨਜ਼ਰ ਆਈਆਂ। ਰੱਬ ਦਾ ਸ਼ੁਕਰ ਸੀ, ਸਾਰੇ ਕੰਮ ਸਹਿਜੇ ਹੀ ਹੋਈ ਜਾ ਰਹੇ ਸਨ, ਅਖਬਾਰਾਂ 'ਚ ਪਾਸ ਲਿਸਟ ਵਿਚ ਨਾਂ ਆ ਗਿਆ ਸੀ, ਇੰਟਰਵਿਊ ਵਾਸਤੇ ਅਲਾਹਾਬਾਦ ਆਉਣ ਲਈ ਸੱਦਾ, ਟਰੇਨ ਟਿਕਟ ਦੇ ਪੈਸੇ ਇੰਟਰਵਿਊ ਪਿੱਛੋਂ ਦਿੱਤੇ ਜਾਣਗੇ। ਸੌਂਦਿਆਂ ਜਾਗਦਿਆਂ ਆਪਣੇ ਆਪ ਨੂੰ ਸਵਾਲ ਕਰੀ ਜਾ ਰਿਹਾ ਸਾਂ, ਆਪੇ ਹੀ ਜਵਾਬ ਘੜੀ ਜਾ ਰਿਹਾ ਸਾਂ। ਚੌਂਹ ਦਿਨਾਂ ਦੀ ਇੰਟਰਵਿਊ ਵਿਚ ਪਤਾ ਨਹੀਂ ਅੰਦਰੋਂ ਕੀ ਕੀ ਖੰਗਾਲਣਗੇ। ਕੋਈ ਐਸੀ ਕਿਤਾਬ ਲੱਭਦਾ ਸਾਂ ਜੋ ਸਾਰੇ ਸਵਾਲਾਂ ਦਾ ਸਹੀ ਸਹੀ ਉੱਤਰ ਦੱਸ ਦੇਵੇ। ਏਸੇ ਖੋਜਬੀਨ ਵਿਚ ਹਾਲਗੇਟ ਦੇ ਖੋਖਿਆਂ ਬਾਹਰ ਖਿਲਰੀਆਂ ਪੁਰਾਣੀਆਂ ਕਿਤਾਬਾਂ 'ਤੇ ਨਜ਼ਰ ਮਾਰਦਿਆਂ ਇਕ ਐਸੀ ਕਿਤਾਬਚੀ ਹੱਥ ਆਈ ਜੋ ਜਰਮਨ ਆਰਮੀ ਵਿਚ ਸ਼ਾਮਲ ਹੋਣ ਆਏ ਇਕ ਨੌਜਵਾਨ ਦੀ ਕਹਾਣੀ ਸੀ।

ਜਰਮਨ ਜਨਰਲ ਜਦ ਉਸ ਨੂੰ ਪੁੱਛਦਾ ਹੈ ਕਿ ਅਗਰ ਕਿਸੇ ਮਿਸ਼ਨ ਦੌਰਾਨ ਤੇਰੀ ਬਾਂਹ ਵੱਢੀ ਜਾਣ ਦਾ ਖਤਰਾ ਹੋਵੇ ਤਾਂ ਕੀ ਤੂੰ ਉਸ ਮਿਸ਼ਨ ਨੂੰ ਪੂਰਾ ਕਰੇਂਗਾ। ਹਾਂ, ਨੌਜਵਾਨ ਦਾ ਜਵਾਬ ਸੀ।

'ਪਰ ਇਸ ਗੱਲ ਦਾ ਮੈਂ ਕਿਵੇਂ ਵਿਸ਼ਵਾਸ ਕਰ ਲਵਾਂ ਕਿ ਤੂੰ ਇਹ ਕਰ ਪਾਵੇਂਗਾ'

ਜਨਰਲ ਉਸ ਨੂੰ ਡੂੰਘੀਆਂ ਨਜ਼ਰਾਂ ਨਾਲ ਘੋਖ ਰਿਹਾ ਸੀ। ਨੌਜਵਾਨ ਨੂੰ ਕੋਈ ਸ਼ਬਦ ਨਹੀਂ ਔੜ ਰਹੇ ਸਨ। ਕੁਝ ਇਕ ਪਲ ਦਾ ਵਕਫਾ ਉਸ ਦੀ ਸਾਲਾਂ ਦੀ ਉਮੀਦ ਨੂੰ ਢਾਹ ਢੇਰੀ ਕਰ ਸਕਦਾ ਸੀ। ਨੌਜਵਾਨ ਨੇ ਅੱਖ ਦੇ ਫੋਰ ਵਿਚ ਜਨਰਲ ਦੀ ਬਗਲ 'ਚ ਪਈ ਤਲਵਾਰ ਮਿਆਨ 'ਚੋਂ ਖਿੱਚੀ ਤੇ ਆਪਣੀ ਖੱਬੀ ਬਾਂਹ ਵੱਢ ਕੇ ਉਸ ਦੇ ਸਾਹਮਣੇ ਰੱਖ ਦਿੱਤੀ।

ਸਮਝ ਗਿਆ ਸਾਂ ਜਵਾਬ ਚਾਹੇ ਏਨਾ ਕਰੜਾ ਨਾ ਹੋਵੇ, ਪਰ ਇਕ ਸ਼ਿੱਦਤ ਜ਼ਾਹਰ ਜ਼ਰੂਰ ਹੋਵੇ।

ਉਹ ਸੌਖੇ ਸਵਾਲਾਂ ਤੋਂ ਸ਼ੁਰੂ ਕਰੇਗਾ, ਉਮੀਦਵਾਰਾਂ ਨੂੰ ਸਹਿਜ ਕਰਨ ਲਈ ਉਹ ਸੌਖੇ ਸਵਾਲਾਂ ਤੋਂ ਹੀ ਸ਼ੁਰੂ ਕਰਦੇ ਹਨ, ਮਸਲਨ ਤੂੰ ਕਿੱਥੋਂ ਦਾ ਰਹਿਣ ਵਾਲਾਂ। ਉਸਦੇ ਲਈ ਤਾਂ ਇਹ ਇਕ ਆਸਾਨ ਸਵਾਲ ਹੈ ਪਰ ਮੇਰਾ ਤਾਂ ਪੂਰਾ ਪਿਛੋਕੜ ਹੀ ਹੰਗਾਲ਼ਿਆ ਜਾਣਾ ਹੈ। ਚਾਰ ਪੰਜ ਸਾਲਾਂ ਦਾ ਹੋਵਾਂਗਾ, ਹਿਸਾਰ ਦੇ ਇਕ ਪਿੰਡ ਤੋਂ ਦੂਰ ਬਾਹਰ ਖੇਤ ਖਲਿਹਾਨਾਂ ਵਿਚ ਮੱਝਾਂ ਚਰਾ ਰਿਹਾ ਸਾਂ। ਭਾਊ ਮੇਰੇ ਪਿਤਾ ਜੀ, ਡੰਗਰਾਂ ਲਈ ਪੱਠੇ ਵੱਢ ਰਹੇ ਸਨ। ਦੁਪਹਿਰ ਢਲ਼ ਚੁੱਕੀ ਸੀ, ਦੇਖਿਆ ਦੋ ਪੁਲਿਸ ਦੇ ਸਿਪਾਹੀ ਹੱਥਾਂ 'ਚ ਬੈਂਤ ਘੁਮਾਉਂਦੇ, ਡੰਡੀਓਂ ਡੰਡੀ ਤੁਰੇ ਆ ਰਹੇ ਸਨ। ਉਹ ਭਾਊ ਕੋਲ਼ ਆ ਕੇ ਖਲੋ ਗਏ ਤੇ ਗੱਲਾਂ ਕਰਨ ਲੱਗ ਪਏ। ਮੈਂ ਦੂਰ ਖੜ੍ਹਾ ਉਹਨਾਂ ਨੂੰ ਵੇਂਹਦਾ ਰਿਹਾ ਸਾਂ। ਫਿਰ ਉਹ ਭਾਊ ਨੂੰ ਚਰ੍ਹੀ ਦੇ ਖੇਤ ਵੱਲ ਲੈ ਗਏ। ਫਿਰ ਥੋੜ੍ਹੀ ਦੇਰ ਬਾਅਦ ਦੇਖਿਆ ਭਾਊ ਦੇ ਸਿਰ 'ਤੇ ਇਕ ਘੜਾ ਹੈ ਤੇ ਉਹ ਓਸੇ ਡੰਡੀ ਵਾਪਸ ਜਾ ਰਹੇ ਸਨ। ਇਕ ਸਿਪਾਹੀ ਅੱਗੇ ਸੀ ਇਕ ਪਿੱਛੇ।

ਇਸ ਮੰਜ਼ਰ ਦੀ ਸਮਝ ਨਹੀਂ ਆ ਰਹੀ ਸੀ। ਜਾਂਦਾ ਜਾਂਦਾ ਭਾਊ ਕਹਿੰਦਾ, 'ਡੰਗਰਾਂ ਨੂੰ ਘਰ ਲੈ ਜਾ'। ਮੈਂ ਡਿਗਰ ਡਿਗਰ ਵੇਖੀ ਜਾ ਰਿਹਾ ਸਾਂ। ਭਾਊ ਉਹਨਾਂ ਵਿਚਕਾਰ ਵੱਟ 'ਤੇ ਬੋਚ ਬੋਚ ਪੈਰ ਧਰਦਾ ਤੁਰੀ ਜਾ ਰਿਹਾ ਸੀ। ਫਿਰ ਅਚਾਨਕ ਭਾਊ ਦਾ ਪੈਰ ਤਿਲਕਿਆ ਤੇ ਉਹ ਮੂੰਹ ਭਾਰ ਜਾ ਡਿੱਗਾ। ਘੜਾ ਭੱਜ ਗਿਆ ਸੀ। ਪਿੱਛੇ ਜਾਂਦੇ ਸਿਪਾਹੀ ਨੇ ਬੈਂਤ ਭਾਊ ਦੀ ਪਿੱਠ 'ਤੇ ਦੇ ਮਾਰਿਆ। ਮੇਰੀਆਂ ਰੋਹ ਨਾਲ ਅੱਖਾਂ ਭਰ ਆਈਆਂ। ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਮੇਰਾ ਇਹ ਪਹਿਲਾ ਵਾਸਤਾ ਸੀ ਤੇ ਇਹ ਚੰਗਾ ਨਹੀਂ ਸੀ। ਕਾਨੂੰਨ ਦਾ ਇਹ ਕਰੂਰ ਚਿਹਰਾ ਬਾਲ ਮਨ 'ਤੇ ਅਛੋਪਲੇ ਹੀ ਛਪ ਗਿਆ ਸੀ। ਸਰਕਾਰਾਂ ਹੱਥੋਂ ਸਾਡਾ ਭਲਾ ਨਹੀਂ, ਇਸ ਧਾਰਨਾ ਨੇ ਉਮਰ ਭਰ ਮੇਰੇ ਨਾਲ ਜੀਣਾ ਸੀ।

ਧਾਰਨਾਵਾਂ ਤਾਂ ਪੱਕੀਆਂ ਇੱਟਾਂ ਦੀ ਤਰ੍ਹਾਂ ਹੁੰਦੀਆਂ, ਸੇਕ ਲੱਗ ਕੇ ਬਣਦੀਆਂ, ਛੇਤੀ ਨਹੀਂ ਟੁੱਟਦੀਆਂ।

ਉਹ ਪਹਿਲਾ ਦਿਨ ਸੀ ਮੈਂ ਮੱਝਾਂ ਨੂੰ ਇਕੱਲਾ ਘਰ ਹਿੱਕ ਕੇ ਲੈ ਜਾ ਰਿਹਾ ਸਾਂ। ਭਾਊ ਨਾਲ ਨਹੀਂ ਸੀ। ਏਡੇ ਵੱਡੇ ਵੱਗ ਨੂੰ ਸਾਂਭਣਾ ਮੈਨੂੰ ਆਪਣੇ ਵਿਤੋਂ ਬਾਹਰਾ ਲੱਗਾ। ਉਹ ਪਹੇ ਨਾਲ ਲੱਗਦੀਆਂ ਬਗਾਨੀਆਂ ਫਸਲਾਂ ਦੀ ਨਵੀਂ ਪੌਦ ਨੂੰ ਭੱਜ ਭੱਜ ਮੂੰਹ ਮਾਰਦੀਆਂ, ਵਿਰਾਨ ਕਰਦੀਆਂ। ਮੇਰੀ ਸੋਟੀ ਦੀ ਪੋਲੀ ਸੱਟ ਉਹਨਾਂ ਦੀ ਮੋਟੀ ਖਲੜੀ 'ਤੇ ਅਸਰ ਨਾ ਕਰਦੀ ਦੇਖ ਮੈਂ ਰੋਣਹਾਕਾ ਹੋ ਰਿਹਾ ਸਾਂ। ਫਿਰ ਪਤਾ ਨਹੀਂ ਕਿਵੇਂ ਇਹ ਗੱਲ ਸੁੱਝੀ, ਮੈਂ ਇਹੀ ਸੋਟੀ ਕਦੀ ਉਹਨਾਂ ਦੇ ਗਿੱਟਿਆਂ ਤੇ ਕਦੇ ਨਾਸਾਂ 'ਤੇ ਵਰ੍ਹਾ ਰਿਹਾ ਸਾਂ। ਉਹ ਭੁੜਕ ਕੇ ਸਿੱਧੇ ਰਾਹ ਆ ਪੈਂਦੀਆਂ।

ਮੈਂ ਸਿੱਖ ਲਿਆ ਸੀ ਆਪਣੇ ਤੋਂ ਵੱਡੀ ਤਾਕਤਵਰ ਲੱਗਦੀ ਸ਼ੈਅ ਦਾ ਵੀ ਕੋਈ ਨਾ ਕੋਈ ਗੁੱਝਾ ਥਾਂ ਜ਼ਰੂਰ ਹੁੰਦਾ ਹੈ ਜਿਸ 'ਤੇ ਲੱਗੀ ਸੱਟ ਉਹ ਸਹਿ ਨਹੀਂ ਸਕਦੀ।

ਮਾਲ ਹਵੇਲੀ 'ਚ ਵੜਦਿਆਂ ਹੀ ਬੀਬੀ ਪੁੱਛਦੀ, 'ਤੇ ਭਾਊ ਤੇਰਾ ?'।

'ਉਹਨੂੰ ਤਾਂ ਪੁਲਸ ਵਾਲੇ ਲੈਗੇ' ਮੈਂ ਆਖਕੇ ਮੱਝਾਂ ਕਿੱਲੇ ਬੰਨ੍ਹਣ ਲੱਗ ਗਿਆ। ਉਹ ਭੱਜ ਕੇ ਪਈ ਤੇ ਮੇਰੇ ਹੱਥੋਂ ਸੰਗਲ ਛੁਡਾ ਆਪ ਬੰਨ੍ਹਣ ਲੱਗ ਪਈ। 'ਹੈਂ ਨਖਾਫਣੇ ਨਾ ਹੋਣ, ਪਿੰਡ ਕਿਤੇ ਦੂਰ ਸੀ, ਖੜਨਾ ਸੀ ਘਰੋਂ ਲੈ ਜਾਂਦੇ, ਨਿਆਣੇ ਭਾਦਾ ਵਖ਼ਤ ' ਉਹ ਓਨਾ ਚਿਰ ਬੋਲੀ ਗਈ ਜਿੰਨਾ ਚਿਰ ਸਾਰਾ ਮਾਲ ਖੁਰਲੀਆਂ 'ਤੇ ਬੰਨ੍ਹ ਨਾ ਲਿਆ। ਫਿਰ ਉਹ ਚੌਂਕੇ 'ਚ ਆਈ ਤੇ ਕਾਹੜਨੇ 'ਚੋਂ ਕੋਸੇ ਦੁੱਧ ਦਾ ਵੱਡਾ ਗਿਲਾਸ ਮੈਨੂੰ ਫੜਾਉਂਦੀ ਬੋਲੀ, 'ਲੈ ਮੇਰਾ ਪੁੱਤ ਤੇ ਜਵਾਨ ਹੋ ਗਿਆ'। ਮੈਨੂੰ ਲੱਗਾ ਅੱਜ ਬਚਪਨ ਦੇ ਦਾਇਰੇ 'ਚੋਂ ਮੇਰਾ ਪਹਿਲਾ ਪੈਰ ਬਾਹਰ ਰੱਖਿਆ ਗਿਆ।

ਭਾਊ ਦਿਹਾੜੀ ਕੁ ਹਵਾਲਾਤ 'ਚ ਰਹਿ ਕੇ ਘਰ ਆ ਗਿਆ ਸੀ, ਫਿਰ ਮਹੀਨੇ ਦਸੀਂ ਦਿਨੀਂ ਤਰੀਕ ਭੁਗਤਣ ਚਲੇ ਜਾਂਦਾ। ਇਕ ਦਿਨ ਉਹ ਆਪਣੇ ਯਾਰਾਂ ਬੇਲੀਆਂ 'ਚ ਬੈਠਾ ਕਹਿ ਰਿਹਾ ਸੀ, ਉਸ ਦਿਨ ਮੈਂ ਜਾਣ ਬੁੱਝ ਕੇ ਤਿਲਕ ਕੇ ਲਾਹਣ ਦਾ ਘੜਾ ਭੰਨਤਾ, ਸਬੂਤ ਮਕਾਤਾ ਸੀ 'ਮੈਨੂੰ ਜੱਜ ਪੁੱਛਦਾ, ਤੂੰ ਹੈਂ ਕਿੱਥੋਂ ਦਾ' ਤੇ ਮੈਂ ਉਹਨੂੰ ਆਖਿਆ, 'ਮੈਂ ਮਾਝੇ ਦੀ ਧੁੰਨੀ ਦਾਂ'। ਬੜੇ ਸਾਲਾਂ ਬਾਅਦ ਸਮਝ ਆਈ ਭਾਊ ਥਾਂ ਦਾ ਨਾਂ ਨਹੀਂ ਕੁਝ ਹੋਰ ਦੱਸਣਾ ਚਾਹੁੰਦਾ ਸੀ।

ਮੈਂ ਮਾਝੇ ਦੀ ਮਿੱਟੀ ਦਾ ਹਾਂ, ਮਾਣ ਹੈ ਮੈਨੂੰ ਇਸ ਉੱਤੇ, ਮੈਂ ਚਾਹੁੰਦਾ ਹਾਂ ਕਿ ਮੇਰੇ ਨਾਲ ਇੱਜ਼ਤ ਨਾਲ ਪੇਸ਼ ਆਇਆ ਜਾਵੇ।

ਹੁਣ ਮੈਨੂੰ ਵੀ ਕੋਈ ਪੁੱਛਣ ਜਾ ਰਿਹਾ ਸੀ ਕਿ ਮੈਂ ਕਿੱਥੋਂ ਦਾ ਹਾਂ। ਇਹ ਸੌਖਾ ਲੱਗਣ ਵਾਲਾ ਸਵਾਲ ਏਨਾ ਸੌਖਾ ਵੀ ਨਹੀਂ ਹੁੰਦਾ। ਪਿੰਡ ਸ਼ਹਿਰ ਜਾਂ ਇਲਾਕੇ ਦਾ ਨਾਂ ਦੱਸਕੇ ਅਸੀਂ ਇਸ ਸਵਾਲ ਦੀ ਪਕੜ ਤੋਂ ਫਾਰਗ ਨਹੀਂ ਹੋ ਜਾਂਦੇ, ਸਗੋਂ ਇਸ ਦੇ ਸ਼ਕੰਜੇ 'ਚ ਹੋਰ ਤੇ ਹੋਰ ਜਕੜੇ ਜਾਂਦੇ ਹਾਂ। ਸਾਡਾ ਪਿੰਡ ਥਾਂ ਮਿੱਟੀ ਇਲਾਕਾ ਇਕ ਖਾਸ ਬਣਤਰ ਤੇ ਬੁੱਧ ਦਾ ਪ੍ਰਤੀਕ ਬਣ ਖੜੋਂਦਾ ਹੈ। ਹੁਣ ਇਸ ਤੋਂ ਅੱਗੇ ਏਸੇ ਪਹਿਰਾਵੇ, ਏਸੇ ਪਹਿਚਾਣ ਨੇ ਨਾਲ ਤੁਰਨਾ ਹੈ। ਇਹੀ ਪਰਿਭਾਸ਼ਾ ਹੋਣੀ ਹੈ

ਸਾਡੀ, ਜੋ ਜੰਮਣ ਭੋਂ ਨੇ ਇਕਵਾਰਗੀ ਹੀ ਤਹਿ ਕਰ ਦੇਣੀ ਹੈ। ਏਸੇ ਹੋਂਦ ਨੂੰ ਹੰਢਾਉਂਦਿਆਂ, ਵਡਿਆਉਂਦਿਆਂ, ਏਸੇ ਦੀ ਰਾਖੀ ਕਰਦਿਆਂ ਉਮਰ ਦੇ ਸਭ ਸਵਾਲਾਂ ਦੇ ਜਵਾਬ ਲੱਭਣੇ ਹਨ।

ਮੇਰਾ ਪਿੰਡ ਚੱਕ ਸਕੰਦਰ ਹੈ, ਇਹ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦਾ ਹੈ ਤੇ ਬਾਰਡਰ ਤੋਂ ਕੋਈ ਦਸ ਕੁ ਕਿਲੋਮੀਟਰ ਦੂਰ ਹੈ, ਮੈਂ ਏਨਾ ਆਖ ਮੇਜ਼ ਦੇ ਪਰਲੇ ਪਾਰ ਬੈਠੇ ਮੈਥੋਂ ਦੁੱਗਣੀ ਦੇਹ ਤੇ ਤਮਗਿਆਂ, ਸਟਾਰਾਂ ਨਾਲ ਲੈਸ, ਰੋਹਬਦਾਰ ਲਗਦੇ ਕਰਨਲ ਦੀਆਂ ਅੱਖਾਂ ਪੜ੍ਹ ਰਿਹਾ ਹਾਂ।

'ਬਾਰਡਰ ਏਰੀਏ ਦੀਆਂ ਕੀ ਦਿੱਕਤਾਂ ਹੁੰਦੀਆਂ ਹਨ' ਉਹ ਪੁੱਛਦਾ ਹੈ।

'ਉਜਾੜੇ' ਮੇਰੇ ਮੂੰਹੋਂ ਨਿਕਲਦਾ ਹੈ। ਅਸੀਂ ਉਜਾੜਿਆਂ ਦੀਆਂ ਕਹਾਣੀਆਂ ਸੁਣ ਸੁਣ ਵੱਡੇ ਹੁੰਦੇ ਹਾਂ। ਮਾਂ ਕਦੀ ਕਦੀ ਇੰਝ ਹੀ ਗੱਲਾਂ ਦੇ ਵਹਿਣ ਵਿਚ ਵਹਿ ਜਾਂਦੀ ਸੀ 'ਜਦੋਂ ਬੂਹ ਉੱਜੜੀ ਨਾ, ਕਾਲ਼ੀ ਬੋਲ਼ੀ ਰਾਤ ਤੇ ਉੱਤੋਂ ਮੀਂਹ...ਮੀਂਹ ਆਖੇ ਕਿ ਮੈਂ ਅੱਜ ਹੀ ਹਾਂ, ਸਰਿਹਾਲੀ ਆਲ਼ੀ ਸੜਕ 'ਤੇ ਕਾਫਲੇ ਜਾਂਦੇ ਮੈਂ ਆਪ ਵੇਖੇ, ਸਾਡੇ ਗਵਾਂਢ ਜੁਲਾਹਿਆਂ ਦਾ ਟੱਬਰ ਸੀ,ਰਾਤੋ ਰਾਤ ਨਿਕਲ ਕੇ ਉਹਨਾਂ ਦੇ ਨਾਲ ਜਾ ਰਲ਼ਿਆ। ਭਾਂਡਾ ਟੀਂਡਾ ਛੱਡ ਗਏ ਸੀ ਸਾਰਾ। ਮੇਰੇ ਕੁ ਜਿੱਡੀ ਉਹਨਾਂ ਦੀ ਕੁੜੀ ਸੀ, ਹਮੀਦਾ, ਮੇਰੇ ਨਾਲ ਖੇਡਦੀ ਹੁੰਦੀ ਸੀ, ਬਸ ਮੈਂ ਉਹਨੂੰ ਜਾਂਦੀ ਨੂੰ ਹੀ ਵੇਖਿਆ, ਹੁਣ ਪਤਾ ਨਹੀਂ ਕਿੱਥੇ ਹੋਊ, ਰੱਬ ਜਾਣੇ ਹੈ ਵੀ ਕਿ ਨਹੀਂ'।

ਭਾਊ ਦੱਸਦਾ 'ਬਾਰ ਤੋਂ ਆਉਂਦਿਆਂ ਸਾਡਾ ਬੜਾ ਲੰਮਾ ਕਾਫਲਾ ਸੀ, ਗੱਡਿਆਂ ਮਗਰ ਗੱਡੇ, ਅੰਦਰ ਵਾਰ ਜਨਾਨੀਆਂ ਤੇ ਨਿਆਣੇ, ਬਾਹਰ ਵਾਰ ਬੰਦੇ ਬਰਛੀਆਂ ਤੇ ਕਿਰਪਾਨਾਂ ਲੈਕੇ ਤੁਰਦੇ। ਸੁਲੇਮਾਨ ਕੇ ਹੈੱਡਵਰਕ ਪਾਰ ਕਰਕੇ ਕੈਂਪ ਲੱਗਾ। ਬੜੀ ਬਿਮਾਰੀ ਫੈਲੀ ਬੜਾ ਵਿਨਾਹ ਹੋਇਆ। ਇਹ ਸਭ ਮੇਰੇ ਮਨ ਸਥੱਲ ਤੋਂ ਇਕੋ ਪਲ ਵਿਚ ਸਹਿਜੇ ਹੀ ਗੁਜ਼ਰ ਗਿਆ ਹੈ।

ਮੈ ਏਨਾ ਹੀ ਕਹਿੰਦਾ ਹਾਂ, 'ਹਰ ਦਸੀਂ ਪੰਦਰੀਂ ਸਾਲੀਂ ਪਾਕਿਸਤਾਨ ਨਾਲ ਸਾਡੇ ਸਿੰਗ ਫਸਦੇ ਹਨ। ਕਦੀ ਲੜਾਈ ਹੁੰਦੀ ਹੈ ਕਦੀ ਇਸ ਦਾ ਖਤਰਾ ਮੰਡਰਾਉਂਦਾ ਹੈ। ਪਿੰਡ ਖਾਲੀ ਕਰਵਾਏ ਜਾਂਦੇ ਹਨ, ਲੋਕ ਆਪਣਾ ਜ਼ਰੂਰੀ ਸਮਾਨ ਗੱਡਿਆਂ, ਟਰੈਕਟਰਾਂ 'ਤੇ ਲੱਦ, ਘਰੋਂ ਬੇਘਰ, ਪਿੱਛੇ ਵੱਸਦੇ ਰਿਸ਼ਤੇਦਾਰਾਂ ਦੇ ਦਰ ਖੱਜਲ਼ ਖਵਾਰ ਹੁੰਦੇ ਹਨ, ਉਹ ਨਿੱਤ ਉਜਾੜੇ ਝੱਲਦੇ ਹਨ"।

ਗੱਡਿਆਂ 'ਤੇ ਲੱਦਿਆ ਘਰਾਂ ਦਾ ਨਿੱਕੜ ਸੁੱਕੜ, ਉੱਤੇ ਬੈਠੇ ਨੰਗੇ ਨਿਰਾਏ ਨਿਆਣੇ, ਬਲ਼ਦਾਂ ਦੀ ਜੋੜੀ ਅੱਗੇ ਰਾਹ ਦਰਸਾਉਂਦੇ ਕੁੱਤੇ, ਗੱਡੇ ਦੇ ਇਕ ਬੰਨੇ ਪੈਰ ਧਰੂਈ ਜਾਂਦੀ ਤ੍ਰੀਮਤ ਤੇ ਦੂਜੇ ਬੰਨੇ ਹੱਥ 'ਚ ਡਾਂਗ ਲਈ, ਲੰਮੀਆਂ ਪਲਾਂਘਾਂ ਪੁੱਟਦਾ, ਹਾਲੇ ਵੀ ਸਿਰ ਉੱਚਾ ਕਰ ਕੇ ਚੱਲਣ ਦੀ ਹਿੰਮਤ ਦਿਖਾਉਂਦਾ ਉਹਦਾ ਖਾਵੰਦ, ਇਹ ਸਭ ਜਦ ਮੈਂ ਦੇਖਦਾ ਤਾਂ ਸੰਨ ਸੰਤਾਲੀ ਦਾ ਸੱਚ ਪ੍ਰਤੱਖ ਹੋ ਉੱਠਦਾ। ਦਿਲ ਦਹਿਲਾ ਦੇਣ ਵਾਲੇ ਤੋਪਾਂ ਦੇ ਗੋਲ਼ਿਆਂ ਦੀ ਆਵਾਜ਼ ਤੇ ਧਰਤੀ ਦੇ ਤਲ ਨੂੰ ਛੂੰਹਦੇ ਜਾਂਦੇ, ਸਫੈਦਿਆਂ ਦੀ ਉਚਾਈ ਤੋਂ ਭੋਰਾ ਉੱਚੇ ਉੱਡਦੇ ਸੈਬਰ ਜੈੱਟਾਂ ਦੀ ਅਸਮਾਨ ਪਾੜਦੀ ਗੂੰਜ, ਸਿਰਫ ਬਾਰਡਰ ਏਰੀਏ ਦੇ ਲੋਕਾਂ ਹਿੱਸੇ ਆਉਂਦੀ ਹੈ। ਮੈਂ ਪੈਂਠ ਤੇ ਇਕੱਤਰ ਦੀਆਂ ਲੜਾਈਆਂ ਵੇਲ਼ੇ ਇਹਨਾਂ ਆਵਾਜ਼ਾਂ ਦਾ ਖੌਫ ਸਹਿ ਚੁੱਕਿਆ ਹਾਂ।

'ਤੇਰੇ ਹੀਰੋ ਕੌਣ ਨੇ, ਕਿੰਨ੍ਹਾਂ ਨੂੰ ਤੂੰ ਆਪਣੇ ਆਦਰਸ਼ ਮੰਨਦਾਂ' ਉਹ ਅੱਗੇ ਵਧਦਾ ਹੈ।

'ਮਹਾਤਮਾ ਗਾਂਧੀ ਤੇ ਗੁਰੂ ਗੋਬਿੰਦ ਸਿੰਘ,' ਮੈਂ ਦੱਸਦਾਂ ਹਾਂ।

'ਇਕ ਸ਼ਾਂਤੀ ਦਾ ਪੁਜਾਰੀ, ਇਕ ਯੁੱਧ ਦਾ ਖਿਲਾੜੀ, ਇਹ ਵਿਰੋਧਾਭਾਸ ਨਹੀ?'

'ਨਹੀਂ, ਲੜਾਈ ਝਗੜੇ ਦੀ ਅੱਗ ਇਕ ਦਮ ਨਹੀਂ ਭਬਕਦੀ, ਪਹਿਲੇ ਸੁਲ਼ਗਦੀ ਹੈ, ਫਿਰ ਧੁਖਦੀ ਹੈ, ਫਿਰ ਬਲ਼ਦੀ ਹੈ, ਪਹਿਲਾਂ ਨਿੱਕੀ ਲਾਟ, ਫਿਰ ਵੱਡੀ ਲਾਟ'। ਲੜਾਈ ਦੇ ਹਰ ਪੜਾਅ ਦਾ ਵੱਖਰਾ ਹੁਨਰ ਤੇ ਵੱਖਰੇ ਹੀਰੋ। ਪਹਿਲਾਂ ਸਮਝਾਈਦਾ, ਫਿਰ ਡਰਾਈਦਾ, ਫਿਰ ਧਮਕਾਈਦਾ, ਜੇ ਫਿਰ ਵੀ ਨਾ ਮੰਨੇਂ ਤਾਂ ਮਾਰ ਮੁਕਾਈਦਾ। ਪਹਿਲੇ ਪੜਾਵਾਂ ਦਾ ਰਹਿਬਰ ਗਾਂਧੀ ਹੈ, ਆਖਰੀ ਪੜਾਵਾਂ ਦਾ ਰਹਿਨੁਮਾ ਗੁਰੂ ਗੋਬਿੰਦ।

ਪਹਿਲਾਂ ਵਾਰ ਨਹੀਂ ਕਰੀਦਾ ਤੇ ਦੂਜਾ ਕਦੇ ਨਹੀਂ ਜਰੀਦਾ।

ਉਸ ਗੱਲ ਅੱਗੇ ਵਧਾਈ "ਤੂੰ ਇਕ ਹੋਟਲ ਵਿਚ ਗਿਆ ਹੈਂ, ਰੋਟੀ ਪਾਣੀ ਖਾਧਾ ਤੇ ਬਿੱਲ ਦੇਣ ਲੱਗਿਆਂ ਪਤਾ ਲੱਗਾ ਕਿ ਬਟੂਆ ਤੇ ਘਰੇ ਭੁੱਲ ਆਇਆਂ ਹੈਂ, ਪਹਿਲਵਾਨ ਲਗਦਾ ਉਸ ਹੋਟਲ ਦਾ ਮਾਲਕ ਐਸੇ ਬਹਾਨਿਆਂ ਦੀ ਪਰਵਾਹ ਨਹੀਂ ਕਰਦਾ, ਤੈਨੂੰ ਘੂਰਦਾ ਹੈ। ਬੰਦਾ ਬਣ ਕੇ ਪੈਸੇ ਕੱਢ। ਤੂੰ ਕੀ ਕਰੇਂਗਾ"।

ਉਦੋਂ ਮੋਬਾਇਲ ਫੋਨਾਂ ਦਾ ਜ਼ਮਾਨਾ ਤੇ ਸੀ ਕੋਈ ਨਾ। ਮੈਂ ਕਹਿੰਦਾ ਹਾਂ, ਮੈਂ ਹੋਟਲ ਦੇ ਲੈਂਡਲਾਈਨ ਫੋਨ ਤੋਂ ਘਰ ਕਿਸੇ ਨੂੰ ਪੈਸੇ ਲੈ ਆਵਣ ਲਈ ਕਹਾਂਗਾ। ਉਹ ਕਹਿੰਦਾ ਹੈ ਉਸ ਹੋਟਲ ਵਿਚ ਕੋਈ ਫੋਨ ਨਹੀਂ ਫੇਰ ਤੂੰ ਕੀ ਕਰੇਂਗਾ।

"ਮੈਂ ਆਪਣੀ ਘੜੀ ਲਾਹ ਕੇ ਉਸ ਨੂੰ ਦੇ ਦੇਵਾਂਗਾ, ਕਹਾਂਗਾ ਬਿੱਲ ਦੇ ਪੈਸੇ ਦੇ ਕੇ ਵਾਪਸ ਲੈ ਜਾਵਾਂਗਾ"।

"ਹੋਟਲ ਦਾ ਮਾਲਕ ਏਸ ਗੱਲ 'ਤੇ ਵੀ ਰਾਜ਼ੀ ਨਹੀਂ. ਬਸ ਆਪਣੀ ਹੈਂਕੜ ਦਿਖਾ ਰਿਹਾ ਹੈ, ਹੁਣ ਤੇ ਗਾਲ਼ੀ ਗਲੋਚ 'ਤੇ ਵੀ ਉੱਤਰ ਆਇਆ ਹੈ, ਬਸ ਜ਼ਲੀਲ ਕਰਨ 'ਤੇ ਤੁਲਿਆ ਹੋਇਆ ਹੈ, ਫੇਰ ਤੂੰ ਕੀ ਕਰੇਂਗਾ"

"ਫੇਰ ਕੜਾਹੀ, ਕੜਛੀ, ਥਾਲ਼ੀ ਗਲਾਸ ਜੋ ਵੀ ਚੀਜ਼ ਮੇਰੇ ਹੱਥ ਆਈ ਉਸ ਦੇ ਮੂੰਹ 'ਤੇ ਦੇ ਮਾਰਾਂਗਾ"

"ਪਰ ਉਹ ਤੇ ਤੇਰੇ ਤੋਂ ਜ਼ਿਆਦਾ ਤਾਕਤਵਰ ਹੈ"

"ਉਹ ਤਾਕਤਵਰ ਹੈ ਤਾਂ ਕੀ, ਗੁੱਝੀਆਂ ਥਾਂਵਾਂ ਅੱਖਾਂ, ਨਾਸਾਂ, ਨਲ਼ਾਂ 'ਤੇ ਵੱਜੀ ਇਕ ਲੱਤ, ਮੁੱਕੀ ਘਸੁੰਨ ਬੰਦੇ ਨੂੰ ਭੌਂਅ ਦਵਾ ਦੇਂਦਾ ਹੈ" ਬਾਲਵਰੇਸੇ ਮੱਝਾਂ ਨੂੰ ਮੋੜਦਿਆਂ ਸਿੱਖੇ ਸਬਕ ਕੰਮ ਆ ਰਹੇ ਹਨ।

ਕੱਦ ਨਹੀਂ ਲੜਦੇ ਹੁੰਦੇ, ਜਿਗਰੇ ਲੜਦੇ ਹੁੰਦੇ ਆ।

ਉਹ ਕਹਿੰਦਾ ਹੈ, "ਮੈਨੂੰ ਕੋਈ ਆਪਣੇ ਤਿੰਨ ਚੰਗੇ ਗੁਣ ਦੱਸ"।

ਸੋਚਦਾ ਹਾਂ ਇਹ ਤਾਂ ਖੁਦ ਪ੍ਰਸਤੀ ਹੋਵੇਗੀ, ਸਵੈ ਮਹਿਮਾ। ਜਵਾਬ ਤਾਂ ਦੇਣਾ ਹੀ ਪਵੇਗਾ। ਚਲੋ ਆਪਣੇ ਵਿਸ਼ਵਾਸ ਹੀ ਦੱਸਦਾਂ ਹਾਂ, ਕਰਮ ਤਾਂ ਸਮਾਂ ਦੱਸੇਗਾ।

ਬਾਪੂ ਕਹਿੰਦਾ ਹੁੰਦਾ ਸੀ, ਮੇਰਾ ਟੱਬਰ ਮੁਫਤ ਦੀ ਰੋਟੀ ਨਹੀਂ ਭਾਲ਼ੇਗਾ, ਮਿਹਨਤ ਦੀ ਕਰ ਕੇ ਖਾਏਗਾ, ਜਿੱਥੇ ਵੀ ਜਾਏਗਾ, ਆਪਣਾ ਖ਼ੂਨ ਬਾਲ਼ ਕੇ ਸੇਕੇਗਾ।

ਮੈਂ ਉਹਨੂੰ ਦੱਸਦਾ ਹਾਂ, ਮੈਂ ਮਿਹਨਤ ਵਿਚ ਯਕੀਨ ਰੱਖਦਾ ਹਾਂ, ਸੱਚ 'ਤੇ ਚੱਲਣ ਦੀ ਕੋਸ਼ਿਸ਼ ਕਰਦਾ ਹਾਂ, ਇਮਾਨਦਾਰੀ ਨੂੰ ਹੀ ਉੱਤਮ ਸਮਝਦਾ ਹਾਂ।

ਉਸ ਦਾ ਪਲਟ ਸਵਾਲ ਸੀ ਇਹ ਸਾਰੇ ਤਾਂ ਇਕੋ ਹੀ ਗੁਣ ਨੇ, ਮੈਂ ਤਾਂ ਤਿੰਨ ਪੁੱਛੇ ਸਨ। ਮੈਂ ਕਹਿੰਦਾ ਹਾਂ, "ਹਾਂ, ਤੁਸੀਂ ਤਿੰਨ ਪੁੱਛੇ ਤੇ ਮੈਂ ਤਿੰਨ ਬਣਾ ਕੇ ਦੱਸੇ ਹਨ। ਵਰਨਾ ਇਕੋ ਗੁਣ ਹੀ ਕਾਫੀ ਹੈ, ਸੱਚ ਹੀ ਕਾਫੀ ਹੈ, ਏਸੇ ਵਿਚ ਹੀ ਸਭ ਗੁਣ ਸਮਾਏ ਹਨ "। ਉਹ ਟਿਕ ਟਿਕੀ ਲਗਾ ਕੇ ਮੈਨੂੰ ਦੇਖ ਰਿਹਾ ਹੈ। ਮੈਂ ਸੋਚ ਰਿਹਾ ਹਾਂ ਸ਼ਾਇਦ ਛੋਟੇ ਮੂੰਹੋਂ ਕੁਝ ਵੱਡਾ ਨਿਕਲ ਗਿਆ ਹੈ।

ਉਹ ਹੋਰ ਪੂਰਾ ਇਕ ਘੰਟਾ ਮੈਨੂੰ ਪੜ੍ਹਦਾ ਰਿਹਾ ਤੇ ਮੈਂ ਆਪਣੇ ਵਰਕੇ ਉਲੱਥਦਾ ਰਿਹਾ। ਇੰਝ ਹੀ ਚਾਰ ਦਿਨ ਹੋਰ ਲੰਘੇ, ਉਹ ਤਰ੍ਹਾਂ ਤਰ੍ਹਾਂ ਦੇ ਟੈੱਸਟਾਂ 'ਚੋਂ ਸਾਨੂੰ ਕੱਢਦੇ ਰਹੇ ਤੇ ਅਸੀਂ ਜ਼ਿੱਦੀ ਲੋਕ ਪੂਰੇ ਤਾਣ ਨਾਲ ਉਹਨਾਂ ਦੇ ਹਰ ਵਾਰ ਦਾ ਜਵਾਬ ਦੇਂਦੇ ਰਹੇ। ਆਖਰ ਇਕ ਕਾਨਫਰੰਸ ਬਾਅਦ ਲਾਈਨ 'ਚ ਖੜ੍ਹੇ ਅਸੀਂ ਅਠਾਰਾਂ ਲੜਕੇ, ਇੰਟਰਵਿਊ ਦੇ ਰਿਜ਼ਲਟ ਦਾ ਇੰਤਜ਼ਾਰ ਕਰ ਰਹੇ ਹਾਂ। ਸਿਰਫ ਦੋ ਜਣਿਆਂ ਦਾ ਨਾਂ ਪੁਕਾਰਿਆ ਗਿਆ ਹੈ। ਇਕ ਮੇਰਾ ਤੇ ਇਕ ਕਿਸੇ ਹੋਰ ਦਾ। ਮੈਨੂੰ ਲੱਗਾ

ਮੈਂ ਇਕ ਵੱਡਾ ਦਰਿਆ ਤਰ ਕੇ ਪਾਰ ਲੰਘ ਆਇਆ ਹਾਂ। ਅੰਦਰ ਇਕ ਜੇਤੂ ਗੋਲ਼ ਕਰਕੇ ਗਰਾਊਂਡ ਵਿਚ ਭੱਜੇ ਆਉਂਦੇ ਖਿਡਾਰੀ ਜਿੰਨਾ ਉਤਸ਼ਾਹ ਹੈ। ਮੰਜ਼ਿਲ ਬਿਲਕੁਲ ਕਰੀਬ ਹੈ, ਕੁਝ ਮੈਡੀਕਲ ਟੈੱਸਟ ਹੀ ਬਾਕੀ ਹਨ।

ਇਹ ਸਿਲਸਿਲਾ ਵੀ ਤੋਲਣ, ਮਿਣਨ, ਮਾਪਣ 'ਚ ਸਹੀ ਸਲਾਮਤ ਚੱਲ ਰਿਹਾ ਸੀ ਕਿ ਅਚਾਨਕ ਮੇਰੇ ਅੰਗਾਂ ਦਾ ਮੁਆਇਨਾ ਕਰਦਿਆਂ ਮੈਡੀਕਲ ਸਪੈਸ਼ਲਿਸਟ ਦੀ ਨਜ਼ਰ ਮੇਰੇ ਸੱਜੇ ਹੱਥ ਦੀ ਕੱਟੀ ਹੋਈ ਚੀਚੀ ਤੇ ਪਈ ਤੇ ਕਿੰਨੀ ਦੇਰ ਤਕ ਰੁਕੀ ਹੀ ਰਹੀ। ਬਸ ਏਸੇ ਕਮੀ ਨੇ ਮੇਰਾ ਰਾਹ ਰੋਕ ਕੇ ਖਲੋ ਜਾਣਾ ਸੀ। ਇੰਝ ਲੱਗਾ ਮੈਂ ਅਖੀਰਲੀ ਪੌੜੀ ਤੋਂ ਪਿਛਾਂਹ ਧੱਕਿਆ ਗਿਆ ਹਾਂ। ਫਿਨਿਸ਼ ਲਾਈਨ ਤੋਂ ਐਨ ਪਹਿਲਾਂ ਕੋਈ ਹਾਦਸਾ ਹੋ ਗਿਆ। ਨਿਰਾਸ਼ਾ ਨੂੰ ਪਿਛਾਂਹ ਧੱਕਦਾ ਹਾਂ, ਉਹ ਹੋਰ ਜ਼ੋਰ ਫੜੀ ਆਉਂਦੀ ਹੈ। ਮਨ ਨੂੰ ਵਰਾਉਂਦਾ, ਸਮਝਾਉਂਦਾ ਮੈਂ ਘਰ ਪਰਤ ਆਇਆ ਹਾਂ। ਮੈਥੋਂ ਕੋਈ ਬਹੁਤੇ ਸਵਾਲ ਨਹੀਂ ਪੁੱਛਦਾ। ਇਹ ਸਾਡੇ ਵੇਲ਼ਿਆਂ ਦੀ ਖ਼ੁਸ਼ਕਿਸਮਤੀ ਹੀ ਸੀ ਕਿ ਮਾਂ ਬਾਪ ਸਾਡੇ ਸਿਰਾਂ 'ਤੇ ਮੰਡਰਾਉਂਦੇ ਨਹੀਂ ਰਹਿੰਦੇ ਸਨ, ਅਸੀਂ ਆਪਣੀਆਂ ਜਿੱਤਾਂ ਹਾਰਾਂ ਆਪੇ ਨਜਿੱਠਦੇ ਸਾਂ। ਫਿਰ ਵੀ ਮਾਂ ਨੂੰ ਭਾਸ ਗਿਆ ਸੀ ਮੇਰਾ ਮਨ ਉਦਾਸ ਹੈ।

ਮਾਵਾਂ ਨੂੰ ਸਭ ਪਤਾ ਹੁੰਦਾ ਹੈ, ਉਹ ਜਾਣੀਜਾਣ ਹੁੰਦੀਆਂ ਹਨ।

ਉਹ ਢਾਰਸ ਦੇਂਦੀ ਹੈ, 'ਮੇਰੇ ਪੁੱਤ ਨੂੰ ਨੌਕਰੀਆਂ ਦਾ ਘਾਟਾ? ਇਹ ਨਾ ਸਹੀ ਕੋਈ ਹੋਰ ਮਿਲਜੂ, ਖੌਰੇ ਇਹਤੋਂ ਚੰਗੀ ਨਾ ਹੋਏ, ਮਹਾਰਾਜ ਵੇਂਹਦਾ ਉੱਤੇ, ਉੱਠ ਮੇਰਾ ਪੁੱਤ, ਸ਼ੇਰ ਬਣ ਸ਼ੇਰ"। ਉਸ ਦਾ ਇਹ ਤਕੀਆ ਕਲਾਮ 'ਸ਼ੇਰ ਬਣ ਸ਼ੇਰ' ਮਹੀਨੇ ਦਸੀਂ ਦਿਨੀਂ, ਸਾਰੇ ਭੈਣ ਭਰਾਵਾਂ 'ਚੋਂ ਕਿਸੇ ਨਾ ਕਿਸੇ 'ਤੇ ਜ਼ਰੂਰ ਵਰਤਿਆ ਜਾਂਦਾ। ਜਿਸ ਨੂੰ ਕਿਹਾ ਜਾਂਦਾ ਉਸ 'ਤੇ ਤਾਕਤ ਦੇ ਟੀਕੇ ਜਿੰਨਾ ਅਸਰ ਕਰਦਾ। ਮੈਂ ਵੀ ਸੰਭਲ਼ ਗਿਆ ਸਾਂ, ਹੋਰ ਬਹੁਤ ਸਾਰੇ ਰਾਹ ਤਲਾਸ਼ਣੇ ਸ਼ੁਰੂ ਕਰ ਦਿੱਤੇ ਸੀ। ਇਹ ਦੁਵਿਧਾ ਦਾ ਦੌਰ ਤਕਰੀਬਨ ਮਹੀਨਾ ਕੁ ਚੱਲਿਆ ਹੋਵੇਗਾ ਕਿ ਇਕ ਟੈਲੀਗਰਾਮ ਆਈ ਹੈ, ਬੇਸ ਹੌਸਪਿਟਲ, ਦਿੱਲੀ ਤੋਂ। ਲਿਖਿਆ ਹੈ ਤੁਸੀਂ ਅਲਾਹਾਬਾਦ ਮੈਡੀਕਲ ਬੋਰਡ ਦੇ ਫੈਸਲੇ 'ਤੇ ਦੋਬਾਰਾ ਨਜ਼ਰਸਾਨੀ ਲਈ ਅਪੀਲ ਕਰ ਸਕਦੇ ਹੋ। ਵੀਹ ਰੁਪਈਆ ਫੀਸ ਹੈ।

'ਕਮੀ ਤਾਂ ਕਮੀ ਰਹਿਣੀ, ਫੌਜ ਦੇ ਆਪਣੇ ਦਸਤੂਰ, ਉਹਨਾਂ ਨੂੰ ਸਾਬਤ ਸਬੂਤ ਬੰਦਾ ਚਾਹੀਦਾ, ਐਵੇਂ ਦਿੱਲੀ ਦਾ ਫੇਰਾ ਪਾਉਣ ਜਾਣ 'ਚ ਕੀ ਤੁਕ ਆ'। ਇੰਝ ਹੀ ਮਨ ਨਾਲ ਬਹਿਸ ਕਰਦਾ ਮੈਂ ਆਪਣੇ ਬਚਪਨ ਦੇ ਦੋਸਤ ਨਾਲ ਦਿਲ ਦੀ ਗੱਲ ਸਾਂਝੀ ਕਰ ਬੈਠਾ ਹਾਂ। ਉਹ ਕਹਿੰਦਾ ਹੈ, 'ਜਾਣ 'ਚ ਕੀ ਹਰਜ ਹੈ, ਹੋ ਸਕਦਾ ਕੁਝ ਚੰਗਾ ਹੀ ਹੋਵੇ'। ਮੈਂ ਗੱਲ ਮੰਨ ਤੁਰ ਪਿਆ ਹਾਂ।

ਚਾਂਦਨੀ ਚੌਕ ਦਾ ਗੁਰਦੁਆਰਾ, ਰੱਬ ਦਾ ਨਿਰੰਤਰ ਨਾਂ, ਦਿੱਲੀ ਯਾਤਰਾ ਦਾ ਭਰੋਸੇਮੰਦ ਰੈਣ ਬਸੇਰਾ, ਨਿਥਾਵਿਆਂ ਦਾ ਥਾਂ, ਆਰਮੀ ਬੇਸ ਹਸਪਤਾਲ ਦੇ ਰੋਜ਼ਾਨਾ ਗੇੜੇ, ਫਿਰ ਉਹੀ ਗਿਣਤੀਆਂ ਮਿਣਤੀਆਂ, ਤੋਲ ਤਲਾਈ, ਅੱਖ ਨੱਕ ਕੰਨ ਤੋਂ ਸ਼ੁਰੂ ਕਰ ਸਰੀਰ ਦੀ ਸੰਪੂਰਨ ਜਾਂਚ। ਇਕ ਮੈਡੀਕਲ ਬਰਾਂਚ ਦਾ ਹਵਾਲਦਾਰ, ਮੇਰੇ ਨਾਂ ਦੀ ਮੋਟੀ ਫਾਈਲ ਲਈ ਵਰਾਂਡਿਓਂ ਵਰਾਂਡੀ, ਕਮਰਿਓਂ ਕਮਰੀ ਅੱਗੇ ਅੱਗੇ ਚਲਦਾ ਹੈ ਤੇ ਮੈਂ ਆਪਣੀ ਤਕਦੀਰ ਲਈ ਉਹਦੇ ਪਿੱਛੇ ਪਿੱਛੇ ਕਦੀ ਏਸ ਡਾਕਟਰ ਸਾਹਮਣੇ ਪੇਸ਼ ਕਦੀ ਓਸ ਅੱਗੇ। ਇਹ ਹਸਪਤਾਲ ਏਨਾ ਸ਼ਾਂਤ ਕਿਉਂ ਹੈ, ਡਾਕਟਰ ਏਨੇ ਸੰਜੀਦਾ ਕਿਉਂ, ਵਰਾਂਡਿਆਂ 'ਚ ਸਿਰਫ ਹਲਕੀ ਹਲਕੀ ਪੈੜਚਾਪ ਦੀ ਆਵਾਜ਼, ਕਮਰਿਆਂ 'ਚ ਹੌਲ਼ੀ ਹੌਲ਼ੀ ਘੁੰਮਦੇ ਪੱਖਿਆਂ ਦੀ ਆਵਾਜ਼। ਇਹ ਸੰਨਾਟਾ ਮੈਨੂੰ ਅਸਹਿਜ ਕਰਦਾ ਹੈ। ਅੱਜ ਤੀਜਾ ਦਿਨ ਲੱਗ ਗਿਆ ਹੈ। ਮੈਂ ਹਿੰਮਤ ਕਰ ਕੇ ਉਸ ਫਾਈਲ ਸੰਭਾਲ਼ੀ ਫਿਰਦੇ ਹਵਾਲਦਾਰ ਤੋਂ ਪੁੱਛਦਾ ਹਾਂ।

'ਔਰ ਕਿਤਨੇ ਦਿਨ ਲਗੇਂਗੇ ਯੇ ਖ਼ਤਮ ਹੋਨੇ ਮੇਂ'

'ਬਸ ਕਲ੍ਹ ਸ਼ਨੀਵਾਰ ਆਖਰੀ ਦਿਨ ਹੋਗਾ, ਮੈਡੀਕਲ ਬੋਰਡ ਕੇ ਪ੍ਰੈਜ਼ੀਡੈਂਟ ਕੀ ਇੰਟਰਵਿਊ

ਹੋਗੀ,' ਉਹ ਕਹਿੰਦਾ ਹੈ।

'ਔਰ ਜੋ ਅਬੀ ਤਕ ਜਾਂਚ ਹੁਈ, ਵੋਹ ਸਭ ਠੀਕ ਹੈ?' ਮੈਂ ਪੁੱਛਦਾ ਹਾਂ।

'ਯੇ ਸਭ ਗੋਪਨੀਆ ਹੈ।' ਇਹ ਕਹਿ ਕੇ ਉਹ ਅੱਗੇ ਵਧ ਜਾਂਦਾ ਹੈ।

ਕਦੀ ਕਦੀ ਗਹਿਰੀ ਧੁੰਦ 'ਚ ਵੀ ਤੁਰਨਾ ਪੈਂਦਾ ਹੈ। ਕੁਝ ਦਿਸੇ ਨਾ ਦਿਸੇ, ਪੈਰਾਂ ਨੂੰ ਪੁੱਟਣਾ ਪੈਂਦਾ ਹੈ। ਸ਼ਨੀਵਾਰ ਸਵੇਰ ਦੇ ਦਸ ਵਜੇ, ਬ੍ਰਿਗੇਡੀਅਰ ਜੀ ਐੱਸ ਗਰੇਵਾਲ, ਪ੍ਰੈਜ਼ੀਡੈਂਟ ਮੈਡੀਕਲ ਬੋਰਡ ਦੇ ਦਫਤਰ ਅੰਦਰ ਵੜਿਆ ਤਾਂ ਉਸ ਸਾਹਮਣੇ ਰੱਖੀ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਉਹ ਕਿੰਨੀ ਦੇਰ ਮੇਰੀ ਫਾਈਲ ਦੇ ਵਰਕੇ ਪਲਟਦਾ ਰਿਹਾ ਤੇ ਮੈਂ ਉਹਦੀ ਪੱਗ, ਮੂੰਹ. ਮੁੱਛ ਦਾਹੜੀ, ਹੱਥ ਇਕ ਇਕ ਕਰ ਕੇ ਤੱਕਦਾ ਰਿਹਾ। ਆਖਰ ਉਸ ਆਪਣਾ ਸਿਰ ਚੁੱਕਿਆ ਤੇ ਮੈਨੂੰ ਆਪਣਾ ਸੱਜਾ ਹੱਥ ਅੱਗੇ ਕਰਨ ਲਈ ਆਖਿਆ।

'ਇਹ ਉਂਗਲ ਕਿੱਦਾਂ ਕੱਟੀ ਗਈ ਸੀ'

'ਪਿੰਡ ਪੱਠਿਆਂ ਵਾਲੇ ਟੋਕੇ 'ਤੇ ਕੰਮ ਕਰਦਿਆਂ' ਮੈਂ ਦੱਸਿਆ।

ਉਸ ਆਪਣਾ ਹੱਥ ਅੱਗੇ ਕੀਤਾ ਤੇ ਕਿਹਾ ਕਿ ਮੈਂ ਉਹਦੀ ਪਹਿਲੀ ਉਂਗਲ ਨੂੰ ਫੜਾਂ। ਮੈਂ ਉਸ ਦੀ ਉਂਗਲ ਨੂੰ ਆਪਣੇ ਸੱਜੇ ਹੱਥ ਨਾਲ ਘੁੱਟ ਕੇ ਫੜ ਲਿਆ। ਉਸ ਕਿਹਾ ਹੋਰ ਘੁੱਟ ਤਾਂ ਮੈਂ ਪੂਰੇ ਜ਼ੋਰ ਨਾਲ ਇਸ ਨੂੰ ਫੜੀ ਰੱਖਿਆ।

'ਇਸ ਹੱਥ ਦੀ ਘੁੱਟ ਤਾਂ ਪੂਰੀ ਹੈ, ਫਾਇਰ ਕਰਨ ਲਈ ਤਾਂ ਪਹਿਲੀ ਉਂਗਲ ਹੀ ਵਰਤੀ ਦੀ ਹੈ,' ਉਹ ਆਪਣੇ ਆਪ ਨਾਲ ਗੱਲ ਕਰ ਰਿਹਾ ਸੀ।

ਫਿਰ ਉਹ ਪਿਛਾਂਹ ਹੋ ਕੇ, ਕੁਰਸੀ ਦੀ ਢੋਹ ਲਾ ਕੇ ਬੈਠ ਗਿਆ।

"ਤੇਰਾ ਪਿੰਡ ਕਿਹੜਾ?" ਉਸ ਦਾ ਸਵਾਲ ਸੀ।

'ਮੇਰਾ ਪਿੰਡ ਚੱਕ ਸਕੰਦਰ ਹੈ, ਇਹ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦਾ ਤੇ ਬਾਰਡਰ ਤੋਂ ਕੋਈ ਦਸ ਕੁ ਕਿਲੋਮੀਟਰ ਦੂਰ ਹੈ' ਮੇਰਾ ਘੜਿਆ ਘੜਾਇਆ ਜਵਾਬ ਹਾਜ਼ਰ ਸੀ।

'ਤੁਸੀਂ ਕਿੰਨੇ ਭੈਣ ਭਰਾ ਹੋ' ਉਸ ਦਾ ਅਗਲਾ ਸਵਾਲ ਸੀ।

'ਸਰ ਅਸੀਂ ਸੱਤ ਭੈਣ ਭਰਾ ਹਾਂ ਤੇ ਮੈਂ ਸਭ ਤੋਂ ਵੱਡਾ,' ਮੈਂ ਦੱਸਿਆ।

ਮੈਂ ਸੋਚ ਰਿਹਾ ਸਾਂ ਇਹ ਸਵਾਲ ਮੈਡੀਕਲ ਬੋਰਡ ਦੇ ਅਖਤਿਆਰ ਖਾਤੇ 'ਚ ਤਾਂ ਨਹੀਂ ਆਉਂਦੇ, ਫਿਰ ਵੀ ਇਹਨਾਂ ਸਵਾਲਾਂ ਦੇ ਪੁੱਛੇ ਜਾਣ ਦਾ ਕੀ ਰਾਜ਼, ਕੀ ਮਤਲਬ।

ਸ਼ਾਇਦ ਕਦੀ ਕਦੀ ਇਨਸਾਨ ਦਾ ਜੀਅ ਕਰਦਾ ਹੈ ਉਹ ਕਿਤਾਬਾਂ 'ਚ ਲਿਖੇ ਕਾਇਦੇ ਕਨੂੰਨਾਂ, ਨਿਯਮਾਂ ਅਧਿਨਿਯਮਾਂ ਤੋਂ ਬਾਹਰਾ ਹੋ ਫੈਸਲਾ ਲਵੇ, ਸਿਰਫ਼ ਮਨੁੱਖ ਹੋ ਕੇ, ਇਕ ਦਇਆਵਾਨ, ਦਰਿਆ ਦਿਲ ਮਨੁੱਖ ਹੋ ਕੇ। ਸ਼ਾਇਦ ਉਸ ਵਕਤ ਬ੍ਰਿਗੇਡੀਅਰ ਜੀ ਐੱਸ ਗਰੇਵਾਲ 'ਤੇ ਵੀ ਕੋਈ ਐਸਾ ਹੀ ਪਲ ਨਾਜ਼ਰ ਸੀ, ਮੈਨੂੰ ਐਸਾ ਮਹਿਸੂਸ ਹੋਇਆ। ਉਸ ਨੇ ਕਿਹਾ ਅੱਛਾ ਠੀਕ ਹੈ ਤੇ ਮੈਂ ਧੰਨਵਾਦ ਕਹਿ ਬਾਹਰ ਆ ਗਿਆ।

ਆਸਮਾਨ ਸਾਫ ਸੀ, ਹਵਾ ਠੰਡੀ, ਰੁੱਖਾਂ ਦੇ ਪੱਤ ਗਹਿਰੇ ਹਰੇ। ਮਿਸ਼ਨ ਮੁਕੰਮਲ ਹੋ ਗਿਆ ਸੀ, ਮਨ ਸ਼ਾਂਤ। ਜਿਵੇਂ ਕੋਈ ਕਾਲ਼ੀ ਬੋਲ਼ੀ ਰਾਤ ਬਾਅਦ ਸੂਰਜ ਦੀ ਲੋਅ ਫੁੱਟਦੀ ਹੈ, ਇਵੇਂ ਜ਼ਿੰਦਗੀ ਦੇ ਇਕ ਨਵੇਂ ਯੁਗ ਦਾ ਆਗਾਜ਼ ਹੁੰਦਾ ਨਜ਼ਰ ਆ ਰਿਹਾ ਸੀ।

ਤਕਰੀਬਨ ਦੋ ਹਫਤੇ ਬਾਅਦ ਹੀ ਮੈਨੂੰ ਇੰਡੀਅਨ ਮਿਲਟਰੀ ਅਕੈਡਮੀ ਪਹੁੰਚਣ ਦਾ ਸੱਦਾ ਆ ਗਿਆ ਸੀ।

ਉਸ ਇਨਸਾਨ ਦੀ ਇਕ ਕਲਮ ਨੇ ਅਣਹੋਣੀ ਨੂੰ ਹੋਣੀ ਕਰ ਵਿਖਾਇਆ ਸੀ। ਮੇਰੀ ਕਿਸਮਤ ਵਿਚ ਇੱਜ਼ਤ ਮਾਣ ਸਤਿਕਾਰ ਲਿਖ ਦਿੱਤਾ ਸੀ। ਇਕੱਲੇ ਮੇਰੇ ਹੀ ਨਹੀਂ, ਮੇਰੇ ਪਿੱਛੇ ਪੂਰੇ ਪਰਿਵਾਰ ਦੀ ਖੁਸ਼ਹਾਲੀ ਦਾ ਰਾਹ ਖੋਲ੍ਹ ਦਿੱਤਾ ਸੀ।

ਉਸ ਦਿਨ ਤੋਂ ਬਾਅਦ ਉਹ ਰੱਬੀ ਰੂਪ ਇਨਸਾਨ ਮੇਰੇ ਮੱਥੇ ਤਾਂ ਕਦੀ ਨਹੀਂ ਲੱਗਾ, ਪਰ ਕਦੀ ਭੁੱਲਿਆ ਵੀ ਨਹੀਂ। ਅਗਰ ਮਿਲਦਾ ਤਾਂ ਜ਼ਰੂਰ ਪੁੱਛਦਾ, 'ਤੂੰ ਮੇਰਾ ਕੀ ਲੱਗਦਾ ਸੈਂ, ਜੋ ਉਸ ਦਿਨ ਏਨਾ ਫਰਾਖਦਿਲ ਹੋ ਗਿਆ ਸੈਂ'।

ਉਹ ਤਾਂ ਨਹੀਂ ਮਿਲਿਆ ਪਰ ਕਿਸੇ ਹੋਰ ਸਿਆਣੇ ਤੋਂ ਪੁੱਛਾਂ ਤਾਂ ਕਹਿੰਦਾ ਹੈ, ਦਿੱਤਾ ਹੀ ਦੇਣਾ ਹੁੰਦਾ ਹੈ। ਜੋ ਰੱਬ ਦੇਂਦਾ ਹੈ ਉਹੀ ਅੱਗੇ ਦੇਈਦਾ ਹੈ।

ਛੱਬੀ ਸਾਲ ਹੋਗੇ ਸਰਵਿਸ ਕਰਦਿਆਂ, ਇਕ ਭਾਦਾ ਉਮਰ ਹੀ ਲੰਘ ਗਈ ਹੈ ਬਾਰਡਰਾਂ 'ਤੇ ਤੁਰੇ ਫਿਰਦਿਆਂ, ਹੁਣ ਕਿਤੇ ਥੋੜ੍ਹਾ ਚੈਨ ਦਾ ਸਾਹ ਆਇਆ। ਜੱਬਲਪੁਰ ਪੋਸਟਡ ਹਾਂ, ਨਵੇਂ ਰੰਗਰੂਟਾਂ ਦੀ ਟ੍ਰੇਨਿੰਗ ਦਾ ਜ਼ੁੰਮਾ ਹੈ, ਵਿਚ ਵਿਚਾਲੇ ਥੋੜ੍ਹੇ ਬਹੁਤ ਰੰਗਰੂਟ ਭਰਤੀ ਵੀ ਕਰਨੇ ਹੁੰਦੇ ਨੇ। ਤਿੰਨ ਕੁ ਸੌ ਭਰਤੀਆਂ ਲਈ ਚਾਰ ਹਜ਼ਾਰ ਉਮੀਦਵਾਰ ਪਹੁੰਚ ਗਏ ਹਨ। ਗਲੀਆਂ ਬਾਜ਼ਾਰਾਂ ਵਿਚ ਅੰਤਾਂ ਦੀ ਭੀੜ ਹੈ। ਇਹਨਾਂ ਦੇ ਜਿਸਮਾਨੀ ਤੇ ਮੈਡੀਕਲ ਟੈੱਸਟ ਖਤਮ ਕਰ ਕੇ, ਲਿਖਤੀ ਟੈੱਸਟ ਦੀ ਤਾਰੀਖ ਦੇ ਕੇ ਟ੍ਰੇਨਿੰਗ ਸੈਂਟਰ ਨੂੰ ਇਸ ਭੀੜ ਤੋਂ ਜਲਦੀ ਫਾਰਗ ਕਰਨਾ ਹੈ। ਵਰਨਾ ਆਸੇ ਪਾਸੇ ਅਵਾਰਾਗਰਦੀ ਕਰਦਾ ਹਜੂਮ ਕਿਸੇ ਵੀ ਹਾਦਸੇ ਦਾ ਹਿੱਸਾ ਬਣ ਸਕਦਾ ਹੈ। ਦੌੜਾਂ ਕਰਵਾਈਆਂ ਜਾ ਰਹੀਆਂ ਹਨ, ਡੰਡ ਬੈਠਕਾਂ ਕਢਵਾਈਆਂ ਜਾ ਰਹੀਆਂ ਹਨ, ਕਿਤੇ ਭਾਰ ਤੋਲਣਾ ਤੇ ਕਿਤੇ ਛਾਤੀਆਂ ਮਿਣਵਾਈਆਂ ਜਾ ਰਹੀਆਂ ਹਨ। ਦੇਖਦਾ ਹਾਂ ਮੱਧਰੇ ਜਹੇ ਕੱਦ ਦਾ, ਸੌਲ਼ੇ ਜਹੇ ਰੰਗ ਦਾ ਗਠੀਲਾ ਫੁਰਤੀਲਾ ਜਵਾਨ, ਦੌੜਾਂ 'ਚ ਮੋਹਰੇ ਹੈ। ਪੈਰਾਂ ਦਾ ਛੋਹਲ਼ਾ, ਲੰਮੀ ਛਾਲ਼ ਮਾਰ ਲੈਂਦਾ ਹੈ। ਟ੍ਰੇਨਿੰਗ ਲਈ ਬਣੀਆਂ ਲੱਕੜ ਦੀਆਂ ਰੁਕਾਵਟਾਂ, ਕੰਧਾਂ ਤੇ ਬੁਰਜੀਆਂ ਬਾਂਦਰ ਵਾਂਗੂ ਟਪੂਸੀਆਂ ਮਾਰ ਪਾਰ ਕਰ ਲੈਂਦਾ ਹੈ। ਸਰਟੀਫੀਕੇਟ ਤੇ ਹੋਰ ਦਸਤਾਵੇਜ਼ ਚੈੱਕ ਕਰਦਿਆਂ ਪੁੱਛ ਬੈਠਾ ਹਾਂ।

'ਪਿਤਾ ਜੀ ਕੀ ਕੰਮ ਕਰਦੇ'

'ਸਰ ਅਸੀਂ ਸਾਂਸੀ ਹੁੰਦੇ ਹਾਂ, ਅਸੀਂ ਬੱਕਰੀਆਂ ਪਾਲਦੇ', ਉਸ ਦਾ ਜਵਾਬ ਸੀ।

ਜ਼ਮੀਨਾਂ ਜਾਇਦਾਦਾਂ ਤੋਂ ਮਹਿਰੂਮ ਇਹ ਤਬਕਾ ਆਰਥਿਕ ਪੱਖੋਂ ਅਤਿ ਮੰਦਭਾਗਾ, ਵੱਟਾਂ ਬੰਨਿਆ ਖਾਲ਼ਾਂ ਸੂਇਆਂ 'ਤੇ ਉੱਗੇ ਘਾਹ 'ਤੇ ਬੱਕਰੀਆਂ ਚਰਾ ਕੇ ਗੁਜ਼ਾਰਾ ਕਰਨ ਲਈ ਮਜਬੂਰ। ਪਿੰਡ ਦੇ ਸਹਿੰਦੇ ਲੋਕਾਂ ਦੇ ਦੁੱਖ ਸੁੱਖ ਦੇ ਸੁਨੇਹੇ ਰਾਤ ਬਰਾਤੀਂ ਉਹਨਾਂ ਦੇ ਅੰਗੀਂ ਸਾਕੀਂ ਭੱਜ ਕੇ ਦੇ ਆਉਣਾ ਵੀ ਇਹਨਾਂ ਦਾ ਹੀ ਕੰਮ। ਕੋਈ ਆਪਣੀ ਮਰਜ਼ੀ ਨਾਲ ਦੋ ਛਿੱਲੜ ਹੱਥ 'ਤੇ ਧਰ ਦੇਵੇ ਤਾਂ ਖੈਰ ਸੱਲਾ, ਵਰਨਾ ਸਾਲ ਛਿਮਾਹੀ ਦਾਣੇ ਆਉਣ 'ਤੇ ਬਣਦਾ ਸਰਦਾ ਇਹਨਾਂ ਦੀ ਝੋਲੀ ਪੈ ਜਾਂਦਾ। ਵਿਚੋਂ ਵਿਚੋਂ ਕੋਈ ਜੀਅ ਅਗਰ ਰੁਜ਼ਗਾਰ ਦਾ ਬਹੁਤਾ ਵੱਡਾ ਹੀਆ ਕਰਦਾ ਤਾਂ ਰੇਹੜੀ ਭੱਠੀ ਲਾ ਲੈਂਦਾ।

ਫਿਰ ਦੇਖਦਾ ਹਾਂ, ਬੱਕਰੀਆਂ ਦੇ ਵੱਗ ਪਿੱਛੇ ਛੜੀ ਘੁੰਮਾਉਂਦੇ ਨੌਜਵਾਨ ਹੱਥ ਬੰਦੂਕ ਹੈ, ਉਹ ਬਾਰਡਰ 'ਤੇ ਬੁਰਜ ਵਾਂਗ ਅਹਿਲ ਅਡੋਲ ਨਿਡਰ ਖੜ੍ਹਾ ਹੈ। ਉਹ ਪਿੰਡ ਦੀ ਸੜਕ 'ਤੇ ਲੰਮੀਆਂ ਪੁਲਾਂਘਾ ਪੁੱਟਦਾ ਜਾ ਰਿਹਾ ਹੈ, ਉਸ ਦੇ ਪਿੱਛੇ ਹੱਸਦਾ ਖੇਡਦਾ ਪਰਿਵਾਰ ਹੈ। ਅੱਜ ਕੱਚੇ ਕੋਠੇ ਕੱਲ੍ਹ ਪੱਕੇ, ਅੱਜ ਸਾਈਕਲ, ਮੋਟਰ ਸਾਇਕਲ, ਕੱਲ੍ਹ ਕਾਰ ਹੈ।

'ਅੱਛਾ' ਕਹਿ ਕੇ ਮੈਂ ਉਹਨੂੰ ਅੱਗੇ ਤੋਰ ਦੇਂਦਾ ਹਾਂ। ਸੋਚਦਾ ਹਾਂ ਅਗਰ ਇਹ ਇਕ ਵਾਰ ਵਰਦੀ ਪਹਿਨ ਗਿਆ ਤਾਂ ਇਸ ਦੀ ਤਾਂ ਕੀ, ਇਸ ਦੇ ਟੱਬਰ ਦੇ ਕਈ ਜੀਆਂ ਦੀ ਜੂਨ ਸੌਰ ਜਾਏਗੀ। ਦਸਵੀਂ ਤਾਂ ਪਾਸ ਕਰ ਚੁੱਕਿਆ ਹੈ, ਸਭ ਟੈੱਸਟ ਲੰਘ ਗਿਆ ਹੈ, ਦਸਤਾਵੇਜ਼ ਸਹੀ ਹਨ, ਲਿਖਤੀ ਇਮਤਿਹਾਨ ਹੀ ਬਚਿਆ ਹੈ, ਹੋ ਸਕਦਾ ਉਹ ਵੀ ਕੱਢ ਹੀ ਜਾਏਗਾ। ਇਸ ਕੰਮ ਵਾਸਤੇ ਵੱਖਰੇ ਅਫਸਰਾਂ ਦਾ ਬੋਰਡ ਹੈ, ਪਰ ਮੈਂ ਦੂਰੋਂ ਨਜ਼ਰ ਰੱਖ ਰਿਹਾ ਹਾਂ। ਉਸ ਦੇ ਹਾਵ ਭਾਵ ਤੋਂ ਲੱਗਦਾ ਹੈ ਉਹ ਜ਼ਰੂਰ ਲੰਘ ਜਾਵੇਗਾ। ਤੇ ਇਹ ਇੰਝ ਹੋਇਆ ਵੀ, ਉਹ ਆਪਣੇ ਬਲ ਬੂਤੇ ਆਪਣੇ ਸਿਰ ਬ ਸਿਰ ਇਮਤਿਹਾਨ 'ਚੋਂ ਪਾਸ ਹੋ ਗਿਆ ਹੈ। ਮੇਰਾ ਮਨ ਖੁਸ਼ ਹੈ, ਮੈਨੂੰ ਉਹਦੇ ਲਈ ਕਿਸੇ

ਕਾਇਦੇ ਕਾਨੂੰਨ ਨੂੰ ਤੋੜਨ ਦੀ ਜ਼ਰੂਰਤ ਨਹੀਂ ਪਈ, ਵਰਨਾ ਇਹੋ ਜਹੇ ਕੰਮਾਂ 'ਚ ਪੱਖਪਾਤ ਦਾ ਇਲਜ਼ਾਮ ਲੱਗਦਿਆਂ ਦੇਰ ਨਹੀਂ ਲੱਗਦੀ।

ਹੁਣ ਫਾਈਨਲ ਲਿਸਟਾਂ ਬਣਾਈਆਂ ਜਾ ਰਹੀਆਂ ਹਨ, ਦਸਤਾਵੇਜ਼ਾਂ 'ਤੇ ਸਰਸਰੀ ਨਜ਼ਰ ਮਾਰੀ ਜਾ ਰਹੀ ਹੈ। ਉਸ ਦੇ ਕਾਗ਼ਜ਼ਾਂ 'ਤੇ ਨਜ਼ਰ ਕੁਝ ਜ਼ਿਆਦਾ ਦੇਰ ਟਿਕ ਗਈ ਹੈ। ਦੇਖਦਾ ਹਾਂ ਉਸ ਦੇ ਕੱਦ ਵਾਲੇ ਕਾਲਮ ਸਾਹਮਣੇ 69 ਸੈਮੀ ਲਿਖਿਆ ਹੈ, ਪਰ ਨਿਯਮ ਅਨੁਸਾਰ ਘੱਟੋ ਘੱਟ ਤੈਅ ਕੱਦ ਤਾਂ 70 ਸੈਮੀ ਹੋਣਾ ਚਾਹੀਦਾ। ਮੇਰੇ ਹੱਥ ਪੈਰ ਫੁੱਲਣ ਲੱਗਦੇ ਹਨ। ਇੰਝ ਲੱਗਦਾ ਹੈ ਅੱਜ ਮੈਂ ਹੀ ਫੇਲ੍ਹ ਹੋ ਰਿਹਾ ਹਾਂ। ਉਹ ਬੰਦਾ ਚੰਗਾ ਭਲਾ ਤਰਦਾ ਆਉਂਦਾ ਕਿਨਾਰੇ ਤੋਂ ਦੋ ਕਦਮ ਪਹਿਲਾਂ ਡੁੱਬਣ ਦੀ ਕਗਾਰ 'ਤੇ ਹੈ ਤੇ ਮੈਂ ਕੰਢੇ 'ਤੇ ਖੜ੍ਹਾ ਉਸ ਨੂੰ ਡੁਬਦੇ ਨੂੰ ਦੇਖ ਰਿਹਾ ਹਾਂ। ਅਗਰ ਕੋਈ ਹੋਰ ਘਾਟ ਹੁੰਦੀ ਜਿਵੇਂ ਭਾਰ ਵਗੈਰਾ, ਜੋ ਵੱਧਦਾ ਘਟਦਾ ਰਹਿੰਦਾ ਹੈ ਮੈਂ ਹੁਣੇ ਸੁਧਾਰ ਦੇਂਦਾ ਪਰ ਕੱਦ ਤਾਂ ਜੋ ਹੈ ਸੋ ਹੀ ਰਹਿਣਾ, ਬੜਾ ਵੱਡਾ ਰਿਸਕ ਹੈ, ਜੁਰਮ ਹੋਵੇਗਾ, ਪਤਾ ਲੱਗ ਗਿਆ ਤਾਂ ਬਣੀ ਬਣਾਈ ਇੱਜ਼ਤ ਰੁਲ਼ ਜਾਏਗੀ। ਬਸ ਏਸੇ ਹੀ ਪਲ ਬ੍ਰਿਗੇਡੀਅਰ ਗਰੇਵਾਲ ਦੀ ਕਲਮ ਦਾ ਕਮਾਲ ਜੋ ਸਾਲਾਂ ਪਹਿਲਾਂ ਮੇਰੀ ਜਿੰਦਗੀ ਦੀਆਂ ਲੀਹਾਂ ਬਦਲ ਗਿਆ ਸੀ, ਮਨ ਦੀਆਂ ਤਹਿਆਂ ਝੰਜੋੜਦਾ ਲੰਘ ਆਇਆ। ਮੇਰੇ ਆਪਣੇ ਹੀ ਹੱਥ ਮੇਰੇ ਵੱਸੋਂ ਬਾਹਰ ਹੋ ਰਹੇ ਸਨ। ਮੈਂ ਪੈੱਨ ਉਠਾਇਆ 69 ਸੈਮੀ ਤੇ ਇਕ ਸਾਫ ਲੀਕ ਵਾਹੀ ਤੇ ਉਸ ਦੇ ਐਨ ਨਜ਼ਦੀਕ 70 ਸੈਮੀ ਲਿਖਕੇ ਆਪਣੇ ਪੂਰੇ ਦਸਤਖ਼ਤ ਕਰ ਦਿੱਤੇ ਤਾ ਕਿ ਤਸਦੀਕ ਰਹੇ ਕਿ ਇਹ ਗ਼ਲਤੀ ਮੈਂ ਇਸ ਸਿਲੈਕਸ਼ਨ ਬੋਰਡ ਦੇ ਪ੍ਰੈਜ਼ੀਡੈਂਟ ਹੋਣ ਦੇ ਨਾਤੇ ਖੁਦ ਸੁਧਾਰੀ ਹੈ। ਪਤਾ ਨਹੀਂ ਮੈਂ ਗ਼ਲਤੀ ਸੁਧਾਰੀ ਸੀ ਜਾਂ ਗਲਤੀ ਕੀਤੀ ਸੀ ਪਰ ਇਹ ਕਰ ਕੇ ਤਸੱਲੀ ਬਹੁਤ ਮਿਲੀ ਸੀ। ਮੈਂ ਆਪ ਮੁਹਾਰੇ ਹੀ ਕਹਿ ਉੱਠਿਆ ਸਾਂ, ਇਹ ਤਾਂ ਦਿੱਤਾ ਹੀ ਦੇਵਣਾ।

ਸਾਡੇ ਖੁਦ ਬਣਾਏ ਰਸਮਾਂ, ਰਿਵਾਜਾਂ, ਰਹਿਤਾਂ ਤੇ ਰਵਾਇਤਾਂ ਤੋਂ ਪਰੇ ਵੀ ਸ਼ਾਇਦ ਕੋਈ ਸੰਸਾਰ ਵਸਦਾ ਹੈ ਜਿੱਥੇ ਦੁਨੀਆਂ ਦਾ ਕੋਈ ਨਿਯਮ ਨਾਫ਼ਜ਼ ਨਹੀਂ ਹੁੰਦਾ। ਉਸ ਸੰਸਾਰ ਦੀ ਰੂਹ ਕਦੀ ਕਦੀ ਸਾਡੇ ਸਿਰ ਚੜ੍ਹ ਬੋਲਦੀ ਹੈ, ਆਪਣੀ ਮਰਜ਼ੀ ਕਰਵਾਉਂਦੀ ਹੈ ਤੇ ਸਾਡੀ ਚੱਲਣ ਨਹੀਂ ਦੇਂਦੀ। 000

***(ਫੋਨ: +91-84276-40440 ਈਮੇਲ: baldevsinghaulakh1956@gmail.com)***

## *ਸਿਰਜਣਾ ਦੇ ਪੁਰਾਣੇ ਅੰਕ*

### SIRJANA ARCHIVES ON INTERNET

***ਕੈਨੇਡਾ ਵਸਦੇ ਪੰਜਾਬੀ ਚਿੰਤਕ-ਲੇਖਕ ਸੁਖਵੰਤ ਹੁੰਦਲ ਨੇ 'ਸਿਰਜਣਾ' ਦੀਆਂ ਫਾਈਲਾਂ ਨੂੰ ਡਿਜੀਟਲ ਰੂਪ ਵਿਚ ਇੰਟਰਨੈੱਟ 'ਤੇ ਪਾਉਣ ਦਾ ਵੱਡਾ ਕੰਮ ਕੀਤਾ ਹੈ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਵਿਚ ਅਧਿਆਪਕ ਵਜੋਂ ਆਪਣੀ ਸੇਵਾ-ਮੁਕਤੀ ਤੋਂ ਪਿੱਛੋਂ ਉਸਨੇ ਕਾਫੀ ਸਮਾਂ ਨਿੱਠ ਕੇ ਕੰਮ ਕਰਦਿਆਂ ਇਹ ਕਾਰਜ ਨਿਪਟਾਇਆ ਹੈ। ਬਹੁਤ ਸਾਰੀਆਂ ਪੁਰਾਣੀਆਂ ਫਾਈਲਾਂ ਸੁਖਵੰਤ ਹੁੰਦਲ ਨੂੰ ਉਪਲਭਦ ਕਰਾਉਣ ਵਿਚ ਸਾਧੂ ਬਿਨਿੰਗ ਨੇ ਵੀ ਯੋਗਦਾਨ ਪਾਇਆ ਹੈ। ਸੁਖਵੰਤ ਦੀ ਤਿਆਰ ਕੀਤੀ 'ਸਿਰਜਣਾ' ਦੀ ਵੈੱਬਸਾਈਟ ਦਾ ਪਤਾ ਹੈ:***

***https://sirjanaarchives.wordpress.com/***

***ਇਸ ਸਾਈਟ ਉੱਤੇ 'ਸਿਰਜਣਾ' ਦੀਆਂ ਪੀਡੀਐੱਫ ਫਾਈਲਾਂ ਦੇ ਨਾਲ ਨਾਲ 'ਸਿਰਜਣਾ' ਵਿਚ ਛਪੀਆਂ ਲਿਖਤਾਂ ਦੀ ਸੂਚੀ ਵੀ ਹੈ। ਪਿਛਲੇ ਕੁਝ ਅੰਕ ਜੋ ਹਾਲੇ ਇਸ ਵੈੱਬਸਾਈਟ ਉੱਤੇ ਪਾਏ ਨਹੀਂ ਗਏ, ਉਹ ਵੀ ਛੇਤੀ ਹੀ ਪਾ ਦਿੱਤੇ ਜਾਣਗੇ। -ਸੰਪਾਦਕ***

# ਸੁਖਪਾਲ ਸੰਘੇੜਾ: ਲੇਖ: ਪੰਜਾਬੀ ਕਵਿਤਾ ਵਿਚ 'ਗ਼ੁਲਾਮ ਮਾਨਸਿਕਤਾ' ਕਾਵਿ ਦੇ ਪਿਤਾਮਾ ਸ਼ੇਖ ਫਰੀਦ

ਮੈਨੂੰ ਅਜੇ ਵੀ ਯਾਦ ਹੈ ਜਦੋਂ ਹਾਇਰ ਸੈਕੰਡਰੀ ਸਕੂਲ ਵਿਚ ਅਧਿਆਪਕ ਗੁਰਮੀਤ ਸਿੰਘ ਰੰਧਾਵਾ ਨੇ ਪੰਜਾਬੀ ਸਿਲੇਬਸ ਦੀ ਕਿਤਾਬ ਵਿਚੋਂ ਜਮਾਤ ਨਾਲ ਇਸ ਸ਼ਲੋਕ ਦੀ ਜਾਣਕਾਰੀ ਕਰਾਈ।

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ*
*ਆਪਨੜੈ ਘਰ ਜਾਈਐ ਪੈਰ ਤਿਨ੍ਹਾ ਦੇ ਚੁੰਮਿ*

ਇਹ ਕਾਵਿ-ਟੋਟਾ ਮੇਰੇ ਕੁਛ ਫਿੱਟ ਨਾ ਬੈਠਾ, ਤੇ ਮੈਂ ਬਹਿਸ ਸ਼ੁਰੂ ਕਰ ਦਿੱਤੀ; ਉਨ੍ਹਾਂ ਦਿਨਾਂ ਵਿਚ ਵੀ JSFH ਹਾਇਰ ਸੈਕੰਡਰੀ ਸਕੂਲ ਅੱਟਾ ਦੇ ਮਾਸਟਰ (ਉਨ੍ਹਾਂ ਦਿਨਾਂ ਵਿਚ ਅਸੀਂ ਅਧਿਆਪਕਾਂ ਨੂੰ ਮਾਸਟਰ ਕਹਿੰਦੇ ਹੁੰਦੇ ਸਾਂ) ਮੈਨੂੰ ਬਹਿਸ, ਯਾਨਿ ਜਰਾਹ, ਕਰ ਲੈਣ ਦਿੰਦੇ ਹੁੰਦੇ ਸਨ। ਮਾਸਟਰਾਂ ਨਾਲ ਜਰਾਹ ਕਾਰਨ ਮੇਰੇ ਕਈ ਜਮਾਤੀਆਂ ਨੇ ਮੇਰਾ ਨਾਉਂ 'ਅਣਖ਼ੀ' ਪਾਇਆ ਹੋਇਆ ਸੀ, ਤੇ ਹੋਰਨਾਂ ਨੇ 'ਸੁਕਰਾਤ', ਜਿਹਨੂੰ ਅਸੀਂ ਆਪਣੀ ਇੰਗਲਿਸ਼ ਦੀ ਕਲਾਸ ਤੋਂ ਜਾਣਦੇ ਸਾਂ। ਖੈਰ, ਹੇਠਲੇ ਦੋ ਕਾਵਿ-ਟੋਟੇ ਮੈਂ ਪਹਿਲਾਂ ਹੀ ਪੜ੍ਹ ਚੁੱਕਿਆ ਸਾਂ, ਆਪਣੀ ਪਹਿਲ-ਕਦਮੀ ਨਾਲ। ਉਕਤ ਕਾਵਿ-ਟੋਟੇ ਵਿਚਲਾ ਸੰਦੇਸ਼ ਹੇਠਲੇ ਦੋਨਾਂ ਕਾਵਿ-ਟੋਟਿਆਂ ਦੇ ਸੰਦੇਸ਼ਾਂ ਨਾਲ ਮੈਨੂੰ ਟਕਰਾਉਂਦਾ ਜਾਪਦਾ ਸੀ:

*ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ*
*ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ* (ਗੁਰੂ ਨਾਨਕ ਦੇਵ)

ਅਤੇ

*ਦੋ ਟੋਟਿਆਂ ਵਿਚ ਭੋਂ ਟੁੱਟੀ, ਇਕ ਮਹਿਲਾਂ ਦਾ ਇਕ ਢੋਕਾਂ ਦਾ*
*ਦੋ ਧੜਿਆਂ ਵਿਚ ਖ਼ਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ* (ਪ੍ਰੋ: ਮੋਹਨ ਸਿੰਘ)

ਮਾਸਟਰ ਗੁਰਮੀਤ ਸਿੰਘ ਰੰਧਾਵਾ ਨੇ ਗੱਲ ਇੱਥੇ ਮੁਕਾਈ: "ਭਿੰਨ-ਭਿੰਨ ਕਵੀਆਂ ਦੇ ਵਿਚਾਰ ਵੱਖ-ਵੱਖ ਹੋ ਸਕਦੇ ਨੇ; ਨਾਲੇ ਇਹ ਕਵੀ ਹੋਏ ਵੀ ਵੱਖ-ਵੱਖ ਸਮਿਆਂ ਵਿਚ।" ਇੱਥੇ ਮਾਸਟਰ ਜੀ ਇਤਿਹਾਸ ਵੱਲ ਇਸ਼ਾਰਾ ਕਰ ਗਏ ਸਨ। ਹੋਰਾਂ ਵਾਂਗੂੰ, ਮੈਂ ਵੀ ਸਿੰਧ ਘਾਟੀ ਦੀ ਸੱਭਿਅਤਾ ਤੋਂ ਲੈ ਕੇ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਤਕ ਸਮੱਗਰੀ ਕਵਰ ਕਰਦਾ ਭਾਰਤ ਦੇ ਇਤਿਹਾਸ ਦਾ ਕੋਰਸ, ਜਾਂ ਕੋਰਸ-ਲੜੀ, ਲੈ ਰਿਹਾ ਸੀ। ਭਾਵੇਂ ਮਾਸਟਰ ਰੰਧਾਵਾ ਮੇਰਾ ਕਾਵਿ-ਮਸਲਾ ਥਾਏਂ ਹੱਲ ਨਾ ਕਰ ਸਕਿਆ, ਪਰ ਉਹਦੇ 'ਵੱਖ-ਵੱਖ ਸਮਿਆਂ' ਜਾਂ ਇਤਿਹਾਸ ਦੇ ਹਵਾਲੇ ਨੇ ਮੈਨੂੰ ਇਤਿਹਾਸ ਤੇ ਕਵਿਤਾ ਦੇ ਸੰਬੰਧ ਬਾਰੇ ਸੋਚਣ ਲਾ ਦਿੱਤਾ, ਤੇ ਮੈਂ ਸੋਚਦਾ ਰਿਹਾ ਹਾਂ। ਹੁਣ, ਮੇਰੇ ਮਨ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਪੰਜਾਬ ਸਣੇ ਭਾਰਤੀ ਇਤਿਹਾਸ ਦੀ ਸਭ ਤੋਂ ਮਾਰੂ ਦੇਣ ਰਹੀ ਹੈ ਭਾਰਤੀ ਕੌਮ ਨੂੰ: ਗ਼ੁਲਾਮੀ ਤੇ 'ਗ਼ੁਲਾਮ ਮਾਨਸਿਕਤਾ'। ਆਪਣੇ ਸਕੂਲੀ ਦਿਨਾਂ ਤੋਂ ਹੀ ਆਪਣੇ ਬਣਦੇ ਕਾਵਿ-ਅਧਿਅਨ ਰਾਹੀਂ, ਹੌਲ਼ੀ-ਹੌਲ਼ੀ, ਮੈਂ ਇਸ ਨਤੀਜੇ 'ਤੇ ਪੁੱਜਿਆ ਹਾਂ ਕਿ ਹਰ ਕਾਲ, ਲਹਿਰ ਤੇ ਵਾਦ ਦੇ ਕਾਵਿ-ਰੌਲ਼ੇ-ਗੌਲ਼ੇ ਦੇ ਹੇਠਾਂ ਚੁੱਪ-ਚਾਪ ਇਕ ਕਾਵਿ-ਕਿਸਮ, ਯਾਨਿ ਕਾਵਿ-ਜਾਨਰ, ਦੀ ਅਧੀਨਧਾਰਾ, ਯਾਨਿ ਅੰਡਰਕਰੰਟ, ਵਗਦੀ ਰਹੀ ਹੈ ਜਿਸਨੂੰ ਅਸੀਂ ਆਮ ਤੌਰ 'ਤੇ, ਭਾਵ, in general, 'ਗ਼ੁਲਾਮ-ਮਾਨਸਿਕਤਾ' ਕਾਵਿ, ਤੇ ਇੱਥੇ ਖ਼ਾਸ ਤੌਰ 'ਤੇ ਪੰਜਾਬੀ ਕਵਿਤਾ ਦਾ 'ਗ਼ੁਲਾਮ-ਮਾਨਸਿਕਤਾ' ਕਾਵਿ, ਕਹਿ ਸਕਦੇ ਹਾਂ, ਭਾਵ ਅਜਿਹੀ ਕਵਿਤਾ ਜੋ ਸੁਚੇਤ ਜਾਂ ਅਚੇਤ ਤੌਰ 'ਤੇ ਗ਼ੁਲਾਮ ਮਨੋਬਿਰਤੀ ਵਿਚੋਂ ਉਪਜਦੀ ਹੈ, ਤੇ ਗ਼ੁਲਾਮ ਮਨੋਬਿਰਤੀ ਨੂੰ ਅਕਸਰ ਉਤਸ਼ਾਹਤ

ਵੀ ਕਰਦੀ ਹੈ। ਇਸ ਲੇਖ ਵਿਚ, ਅਸੀਂ ਵੇਖਾਂਗੇ ਕਿ ਕਿੰਝ 'ਗ਼ੁਲਾਮ-ਮਾਨਸਿਕਤਾ' ਕਾਵਿ ਪੰਜਾਬੀ ਦੇ ਆਦਿ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ।

## ਗ਼ੁਲਾਮ ਮਾਨਸਿਕਤਾ ਦੇ ਲੱਛਣ

ਗ਼ੁਲਾਮੀ ਦੌਰਾਨ ਜਾਂ ਗ਼ੁਲਾਮੀ ਦੀ ਵਿਰਾਸਤ ਵਜੋਂ ਪੈਦਾ ਹੋਈ 'ਗ਼ੁਲਾਮ ਮਾਨਸਿਕਤਾ' ਮਨ ਦੀ ਅਵਸਥਾ ਹੁੰਦੀ ਹੈ ਜੋ ਕਈ ਰੂਪਾਂ ਵਿਚ ਪ੍ਰਗਟ ਹੋ ਸਕਦੀ ਹੈ, ਜਿਵੇਂ ਅੰਦਰੂਨੀ ਜ਼ੁਲਮ, ਖ਼ੁਦ ਨੂੰ ਹੋਰਨਾਂ ਨਾਲੋਂ ਨੀਵਾਂ ਸਮਝਣਾ, ਸਵੈ-ਮਾਣ ਦੀ ਘਾਟ ਤੇ ਬੇਵਸੀ ਦੀ ਭਾਵਨਾ। ਇਨ੍ਹਾਂ ਪ੍ਰਗਟ ਰੂਪਾਂ ਨੂੰ ਅਸੀਂ ਆਮ ਤੌਰ 'ਤੇ ਮਨੋਵਿਗਿਆਨਕ ਵਿਵਹਾਰਕ ਲੱਛਣ ਕਹਿ ਸਕਦੇ ਹਾਂ, 'ਗ਼ੁਲਾਮ ਮਾਨਸਿਕਤਾ' ਦੇ। 'ਗ਼ੁਲਾਮ ਮਾਨਸਿਕਤਾ' ਦੇ ਇਨ੍ਹਾਂ ਲੱਛਣਾਂ ਵਿਚ 'ਅਧਿਕਾਰ ਨਾਲ ਮੁਸ਼ਕਲ' ਤੇ 'ਅੰਦਰੂਨੀ ਨਸਲਵਾਦ' ਸ਼ਾਮਲ ਨੇ। 'ਅਧਿਕਾਰ/ਹੱਕ ਨਾਲ ਮੁਸ਼ਕਲ' ਦੀਆਂ ਮਿਸਾਲਾਂ ਨੇ ਆਪਣਾ ਅਧਿਕਾਰ ਵਰਤਣ ਤੋਂ ਝਿਜਕਦੇ ਰਹਿਣਾ ਜਾਂ ਆਪਣਾ ਹੱਕ ਮੰਗਣ ਤੋਂ ਡਰਨਾ। 'ਅੰਦਰੂਨੀ ਨਸਲਵਾਦ' ਹੁੰਦਾ ਹੈ ਆਪਣੀ ਹੀ ਨਸਲ ਦੇ ਲੋਕਾਂ ਜਾਂ ਵਿਸ਼ੇਸ਼ਤਾਵਾਂ ਨਾਲ ਵਿਤਕਰਾ ਕਰਨ ਲੱਗ ਜਾਣਾ, ਜਿਵੇਂ ਕਾਲ਼ੇ ਜਾਂ ਭੂਰੇ ਲੋਕਾਂ ਵੱਲੋਂ ਬੁਰੀਆਂ ਚੀਜ਼ਾਂ ਨੂੰ 'ਕਾਲ਼ੀਆਂ' ਕਹਿਣ ਲੱਗ ਜਾਣਾ: ਬੁਰੇ ਕਾਨੂੰਨ ਨੂੰ ਕਾਲ਼ਾ ਕਾਨੂੰਨ, ਬੁਰੇ ਦਿਨ ਨੂੰ ਕਾਲ਼ਾ ਦਿਨ, ਬੁਰਾ ਬੋਲਣ ਵਾਲੀ ਜੀਭ ਨੂੰ ਕਾਲ਼ੀ ਜੀਭ, ਤੇ ਨਕਲੀ ਆਜ਼ਾਦੀ ਨੂੰ ਕਾਲ਼ੀ ਆਜ਼ਾਦੀ ਆਦਿ।

ਹਾਲਾਂਕਿ, ਗ਼ੁਲਾਮੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਕ ਸਮਾਜ ਤੋਂ ਦੂਜੇ ਸਮਾਜ ਵਿਚ ਵੱਖੋ-ਵੱਖਰੀਆਂ ਹੁੰਦੀਆਂ ਹਨ, ਫਿਰ ਵੀ ਜ਼ਿਆਦਾ ਚਰਚਿਤ ਰਹੀਆਂ ਨੇ: ਨਿੱਜੀ ਮਾਲਕੀ ਦੀ ਘਾਟ, ਗ਼ੈਰ-ਮਾਨਵੀਕਰਨ ਵਿਵਹਾਰ ਜਾਂ ਵਿਅਕਤੀਆਂ ਦੇ ਵਸਤੂਕਰਨ ਨੂੰ ਸਵੀਕਾਰਨਾ, ਤੇ ਲਗਪਗ ਸੰਪੂਰਨ ਤੌਰ 'ਤੇ ਅਧਿਕਾਰਾਂ ਤੋਂ ਵਾਂਝਾ ਹੋਣਾ। ਇਕ ਗ਼ੁਲਾਮ, ਇਸ ਅਨੁਸਾਰ 'ਗ਼ੁਲਾਮ ਮਾਨਸਿਕਤਾ' ਵਾਲੇ, ਦਾ ਇਹ ਵੀ ਵਿਵਹਾਰ ਜਾਂ ਲੱਛਣ ਹੁੰਦਾ ਹੈ: ਘਟੀਆ ਸਪੁਰਦਗੀ ਜਾਂ ਘਿਣਾਉਣਾ ਸਮਰਪਣ, ਮਿਸਾਲ ਵਜੋਂ ਆਪਣੇ-ਆਪ ਨੂੰ ਕਿਸੇ ਹੋਰ ਮਨੁੱਖ ਦਾ ਪਾਲਤੂ ਜਾਨਵਰ ਕਹਿਣਾ ਜਾਂ ਪਾਲਤੂ ਜਾਨਵਰ ਹੋਣਾ ਮੰਨ ਲੈਣਾ।

ਗ਼ੁਲਾਮੀ ਜਾਂ 'ਗ਼ੁਲਾਮ ਮਾਨਸਿਕਤਾ' ਦੇ ਇਹ ਲੱਛਣ ਕੋਈ ਮੇਰੀ ਕਾਢ ਨਹੀਂ, ਇਹ ਗਿਆਨ ਸਮਾਜਕ ਵਿਗਿਆਨ ਤੇ ਮਨੋ-ਵਿਗਿਆਨ ਦੇ ਵਿਸ਼ਿਆਂ ਵਿਚ ਪਾਠ-ਪੁਸਤਕ ਪੱਧਰ ਦੀ ਸਮੱਗਰੀ ਦਾ ਹਿੱਸਾ ਹੈ।

## ਪੁਰਾਤਨ ਪੰਜਾਬੀ ਕਾਵਿ ਦਾ ਸਮਾਂ: ਸ਼ੇਖ ਫਰੀਦ ਦਾ ਸਮਾਂ

ਇਤਿਹਾਸਕ ਤੌਰ 'ਤੇ ਪੰਜਾਬ ਸਮੇਤ ਅਸੀਂ ਭਾਰਤੀ ਇਸ਼ਕ ਹੀ ਕਰਦੇ ਰਹੇ ਹਾਂ, ਤੇ ਸਾਡੇ ਵਿਚੋਂ ਬਹੁਤੇ ਇਸ਼ਕ ਨੂੰ ਹੀ ਪਿਆਰ ਸਮਝਦੇ ਰਹੇ ਨੇ। ਭਾਰਤੀ ਸੱਭਿਆਚਾਰ ਦੇ ਪ੍ਰਸੰਗ ਵਿਚ ਇਸ਼ਕ ਨੂੰ ਵਿਆਪਕ ਤੌਰ 'ਤੇ ਦੋ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ: ਇਸ਼ਕ ਹਕੀਕੀ ਤੇ ਇਸ਼ਕ ਮਿਜ਼ਾਜੀ। ਇਸ਼ਕ ਹਕੀਕੀ ਦੇ ਇਕ ਰੂਪ ਵਿਚ ਗ੍ਰਹਸਥ ਧਰਮ ਵਾਲੇ ਜੀਵਨ ਵਿਚ ਮਰਦ ਰੱਬ ਦਾ ਰੂਪ ਹੁੰਦਾ ਸੀ ਤੇ ਔਰਤ ਉਹਦੀ ਦਾਸੀ; ਇਸ ਤਰ੍ਹਾਂ ਭਗਤੀ ਤੇ ਇਸ਼ਕ ਕਰਨਾ ਔਰਤ ਲਈ ਜ਼ਰੂਰੀ ਸਨ, ਜ਼ਿੰਦਗੀ ਦਾ ਰੱਥ ਚੱਲਦਾ ਰੱਖਣ ਲਈ। ਉਸ ਸਮੇਂ ਦੀ ਦਾਸੀ ਔਰਤ ਦੀ ਗ਼ੁਲਾਮੀ ਦੇ ਦੋ ਗਵਾਹ ਨੇ: 1) ਇਤਿਹਾਸਕ/ਮਿਥਿਹਾਸਿਕ ਕਿ ਪਾਂਡਵਾਂ ਵੱਲੋਂ ਦਰੋਪਤੀ ਨੂੰ ਜੂਏ ਵਿਚ ਦਾਅ 'ਤੇ ਲਾ ਦੇਣਾ ਅਤੇ 2) ਇਤਿਹਾਸਕ: ਔਰਤ ਵੱਲੋਂ ਪਤੀ ਦੀ ਚਿਤਾ 'ਤੇ ਸਤੀ ਹੋ ਜਾਣ ਦੀ ਰਸਮ। ਇਹ ਇਸ਼ਕ ਪੁਰਾਤਨ ਸਮਿਆਂ, ਯਾਨਿ ਰਾਜਾਸ਼ਾਹੀ/ਜਾਗੀਰੂ ਯੁੱਗ, ਦੇ ਜੀਵਨ ਵਿਚ, ਰਾਜਿਆਂ/ਜਾਗੀਰਦਾਰਾਂ ਤੋਂ ਆਮ ਲੋਕਾਂ ਤਕ ਭਿੰਨ ਭਿੰਨ ਪੱਧਰ 'ਤੇ ਫ਼ੈਲਿਆ ਹੋਇਆ ਸੀ, ਜਿਵੇਂ ਸੰਤ ਸਿੰਘ ਸੇਖੋਂ ਕਹਿੰਦਾ ਹੈ, "ਉਸ ਸਮੇਂ ਪ੍ਰੇਮ ਕਰਨਾ ਇਸਤਰੀ ਦਾ ਫ਼ਰਜ਼ ਸੀ, ਚਾਹੇ ਗੋਪੀ ਬਣ ਕਰੇ, ਚਾਹੇ ਕਾਮਨ ਬਣ ਕੇ, ਚਾਹੇ ਸਿਪਾਹੀ ਦੀ ਵਹੁਟੀ ਬਣ ਕੇ। ਇਸ਼ਕ ਦਾ ਇਹ ਰੂਪ ਇਤਨਾ ਸਰਬ-ਪ੍ਰਵਾਨ ਸੀ ਕਿ ਵਾਹਿਗੁਰੂ ਨੂੰ ਉਸ ਸਮੇਂ ਦੇ ਮਹਾਤਮਾ ਪੁਰਸ਼ਾਂ ਨੇ ਕੰਤ ਦੇ ਰੂਪ ਵਿਚ ਹੀ ਦੇਖਿਆ ਹੈ ਤੇ ਆਪ ਇਸਤਰੀ ਰੂਪ ਵਿਚ ਉਹਦੇ ਚਾਹਣ ਵਾਲੇ, ਪੂਜਣ ਵਾਲੇ ਹੋਏ ਹਨ।"[1] ਇਹੋ ਹੀ ਸਮਾਂ ਫ਼ਰੀਦਉਦੀਨ ਮਸੂਦ ਗੰਜਸ਼ਕਰ (4 ਅਪ੍ਰੈਲ 1188

– 7 ਮਈ 1266), ਆਮ ਤੌਰ 'ਤੇ ਬਾਬਾ ਫ਼ਰੀਦ ਜਾਂ ਸ਼ੇਖ ਫਰੀਦ ਵਜੋਂ ਜਾਣੇ ਜਾਂਦੇ, ਇਕ ਪੰਜਾਬੀ ਮੁਸਲਿਮ ਪ੍ਰਚਾਰਕ, ਧਾਰਮਿਕ ਉਪਦੇਸ਼ਕ ਤੇ ਕਵੀ ਦਾ ਸਮਾਂ ਸੀ। ਬਾਬਾ ਫਰੀਦ ਜੀ ਪੰਜਾਬੀ ਭਾਸ਼ਾ ਦੇ ਪਹਿਲੇ ਪ੍ਰਮੁੱਖ ਕਵੀ ਵਜੋਂ ਜਾਣੇ ਜਾਂਦੇ ਨੇ।

## ਫ਼ਰੀਦ-ਕਾਵਿ ਵਿਚ 'ਗ਼ੁਲਾਮ ਮਾਨਸਿਕਤਾ' ਕਾਵਿ

'ਗ਼ੁਲਾਮ ਮਾਨਸਿਕਤਾ' ਕਾਵਿ ਤੋਂ ਸਾਡਾ ਭਾਵ ਅਜਿਹੀ ਕਵਿਤਾ ਤੋਂ ਹੈ ਜਿਸ ਵਿਚ ਕਵੀ, ਸੁਚੇਤ ਜਾਂ ਅਚੇਤ ਤੌਰ 'ਤੇ, 'ਗ਼ੁਲਾਮ-ਮਾਨਸਿਕਤਾ' ਦਾ ਇਜ਼ਹਾਰ ਕਰਦਾ ਹੈ: ਗ਼ੁਲਾਮੀ ਜਾਂ 'ਗ਼ੁਲਾਮ-ਮਾਨਸਿਕਤਾ' ਦੀ ਪ੍ਰਤੱਖ ਜਾਂ ਲੁਪਤ ਵਡਿਆਈ ਕਰ ਕੇ; ਇਹਨੂੰ ਸੁੱਤੇ-ਸਿੱਧ, ਸਹਿਜ-ਸੁਭਾਅ ਤੇ ਸਾਧਾਰਣ ਮੋਡ ਵਿਚ ਪ੍ਰਗਟ ਕਰ ਕੇ; ਜਾਂ ਹੋਰ ਕਿਸੇ ਢੰਗ ਨਾਲ ਇਹਦਾ ਸਾਧਾਰਨੀਕਰਨ ਯਾਨਿ normalization ਕਰ ਕੇ। ਅਜਿਹੀ ਕਵਿਤਾ 'ਗ਼ੁਲਾਮ-ਮਾਨਸਿਕਤਾ' ਦੇ ਲੱਛਣਾਂ ਦਾ ਪ੍ਰਸਾਰ ਤੇ ਪ੍ਰਚਾਰ ਕਰਦੀ ਹੈ ਅਤੇ ਪਾਠਕਾਂ/ਸਰੋਤਿਆਂ ਦੇ ਮਨਾਂ ਵਿਚ ਇਨ੍ਹਾਂ ਲੱਛਣਾਂ ਨੂੰ ਸ਼ਾਬਾਸ਼ੇ ਜਾਂ ਹਲਾਸ਼ੇਰੀ ਵੀ ਦੇ ਸਕਦੀ ਹੈ। ਇਹੋ ਹੀ ਲੱਛਣ 'ਗ਼ੁਲਾਮ-ਮਾਨਸਿਕਤਾ' ਕਾਵਿ ਨੂੰ ਪਛਾਣਨ ਲਈ ਵਰਤੇ ਜਾ ਸਕਦੇ ਨੇ, ਮਿਸਾਲ ਵਜੋਂ ਕਿਸੇ ਕਾਵਿ-ਟੋਟੇ ਵਿਚ 'ਗ਼ੁਲਾਮ-ਮਾਨਸਿਕਤਾ' ਦੇ ਪ੍ਰਚਾਰੇ ਜਾਂ ਵਡਿਆਏ ਲੱਛਣ 'ਤੇ ਉਂਗਲ ਧਰ ਕੇ, ਯਾਨਿ ਉਹਨੂੰ ਪਛਾਣ ਕੇ, ਅਸੀਂ 'ਗ਼ੁਲਾਮ-ਮਾਨਸਿਕਤਾ' ਕਾਵਿ ਨੂੰ ਡਿਟੈਕਟ ਕਰ ਸਕਦੇ ਹਾਂ। ਕਈ ਵਾਰੀ 'ਗ਼ੁਲਾਮ-ਮਾਨਸਿਕਤਾ' ਕਾਵਿ ਪਛਾਣਨਾ ਬੜਾ ਆਸਾਨ ਹੁੰਦਾ ਹੈ, ਮਿਸਾਲ ਵਜੋਂ, ਜੋ ਕਾਵਿ ਕਿਸੇ ਤਰ੍ਹਾਂ ਦੀ ਗ਼ੁਲਾਮੀ ਦਾ ਸਮਰਥਨ ਕਰੇ, ਉਹ 'ਗ਼ੁਲਾਮ-ਮਾਨਸਿਕਤਾ' ਕਾਵਿ ਹੈ।

ਹੇਠਾਂ ਇਹ ਵਿਧੀ ਹੀ ਅਸੀਂ ਫਰੀਦ-ਕਾਵਿ ਵਿਚੋਂ 'ਗ਼ੁਲਾਮ-ਮਾਨਸਿਕਤਾ' ਕਾਵਿ ਪਛਾਣਨ ਲਈ ਵਰਤਦੇ ਹਾਂ। ਇੱਥੇ ਸਾਡਾ ਮੰਤਵ ਫਰੀਦ-ਕਾਵਿ ਵਿਚ ਉਪਲਬਧ 'ਗ਼ੁਲਾਮ-ਮਾਨਸਿਕਤਾ' ਦੇ ਸਾਰੇ ਲੱਛਣਾਂ ਵਾਲੀਆ ਸਾਰੀਆਂ ਰਚਨਾਵਾਂ ਦੀ ਪਛਾਣ ਕਰਨਾ ਨਹੀਂ, ਬਲਕਿ ਕੁਝ ਲੱਛਣ ਤੇ ਇਕ ਜਾਂ ਦੋ ਕਾਵਿ-ਟੋਟੇ ਪ੍ਰਤੀ ਲੱਛਣ ਹੀ ਕਾਫ਼ੀ ਹੋਣਗੇ 'ਗ਼ੁਲਾਮ-ਮਾਨਸਿਕਤਾ' ਕਾਵਿ ਪਛਾਣਨ ਲਈ।

## ਲਿੰਗ ਗ਼ੁਲਾਮੀ ਦਾ ਸਮਰਥਨ

ਜਿਵੇਂ ਇਕ ਉਕਤ ਭਾਗ ਵਿਚ ਦੱਸਿਆ ਗਿਆ ਹੈ, ਸ਼ੇਖ ਫਰੀਦ ਨੇ ਆਪਣੀ ਕਵਿਤਾ ਲਈ ਅਪਨਾ ਲਿਆ ਆਪਣੇ ਸਮੇਂ ਦੇ ਸਮਾਜ ਵਿਚ ਪ੍ਰਵਾਨਤ 'ਇਸ਼ਕ ਹਕੀਕੀ' ਮਾਡਲ, ਔਰਤ ਦੀ ਗ਼ੁਲਾਮੀ ਦਾ ਮਾਡਲ। ਗ਼ੁਲਾਮੀ ਦੇ ਸੰਬੰਧ ਵਿਚ, ਇਸ ਤੋਂ ਬਾਅਦ ਰਹਿ ਵੀ ਕੀ ਜਾਂਦਾ ਹੈ: ਬਾਰੀਕੀ ਤੇ ਵੇਰਵੇ ਦੀਆਂ ਕੁਝ ਮਿਸਾਲਾਂ। 'ਪ੍ਰੇਮ' ਦਾ 'ਇਸ਼ਕ ਹਕੀਕੀ' ਮਾਡਲ, ਜਿਸ ਵਿਚ ਮਰਦ ਪ੍ਰਭੂ ਤੇ ਔਰਤ ਉਸਦੀ ਦਾਸੀ ਹੈ, ਦੇ ਘੇਰੇ ਵਿਚ ਰਹਿੰਦੇ ਹੋਏ, ਫਰੀਦ ਜੀ ਫ਼ਰਮਾਉਂਦੇ ਨੇ:

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੜਿ ਜਾਇ*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ*

ਭਾਵ: ਮੈਂ ਅੱਜ (ਇਕ ਰਾਤ ਹੀ) ਆਪਣੇ ਕੰਤ, ਯਾਨਿ ਖ਼ਸਮ, ਨਾਲ ਨਹੀਂ ਸੁੱਤੀ ਤਾਂ ਮੇਰਾ ਸਾਰਾ ਸਰੀਰ ਟੁੱਟ ਰਿਹਾ ਹੈ। ਉਨ੍ਹਾਂ ਛੁੱਟੜ ਔਰਤਾਂ ਨੂੰ ਪੁੱਛੋ, ਜੋ ਆਪਣੇ ਪਤੀਆਂ ਦੁਆਰਾ ਤਿਆਗੀਆਂ ਜਾ ਚੁੱਕੀਆਂ ਨੇ, ਕਿ ਉਨ੍ਹਾਂ ਦੀਆਂ ਰਾਤਾਂ ਕਿੰਨੇ ਦੁੱਖਾਂ ਸੰਗ ਬੀਤਦੀਆਂ ਨੇ।[2]

ਉਕਤ ਕਾਵਿ-ਟੋਟੇ ਵਿਚ ਔਰਤ ਦੀ ਬੁਰੀ ਹਾਲਤ ਦਿਖਾਈ ਹੈ ਜੋ ਆਪਣੇ ਖ਼ਸਮ ਨਾਲ ਇਕ ਵੀ ਰਾਤ ਸੌਣੋਂ ਖੁੰਝ ਜਾਵੇ, ਛੁੱਟੜ ਜਾਂ ਰੰਡੀ ਹੋਏ। ਹੋਰ ਵਿਆਹੁਤਾ ਔਰਤ ਦੀ ਕੀ ਸੰਭਵ ਸਥਿਤੀ ਹੋ ਸਕਦੀ ਹੈ? ਮਿਸਾਲ ਵਜੋਂ ਉਸ ਸੁਗਾਹਣ ਦੀ, ਜਿਹਦਾ ਖ਼ਸਮ ਉਹਦੀ ਪ੍ਰਵਾਹ ਨਹੀਂ ਕਰਦਾ? ਲਓ, ਉਸ ਬਾਰੇ ਵੀ ਸੁਣ ਲਓ:

*ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ*
*ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ*

ਭਾਵ: ਜਿਸ ਔਰਤ ਦੀ ਮਾੜੀ ਜਿਹੀ ਬਾਤ ਵੀ ਉਹਦਾ ਖ਼ਸਮ, ਯਾਨਿ ਪਤੀ, ਨਹੀਂ ਪੁੱਛਦਾ/

ਸੁਣਦਾ ਜਾਂ ਪ੍ਰਵਾਹ ਨਹੀਂ ਕਰਦਾ, ਉਹ ਔਰਤ ਭਾਵੇਂ ਲੱਖ ਸੁਹਾਗਣ ਬਣਦੀ ਫਿਰੇ, ਉਸ ਨੂੰ ਕਿਧਰੇ ਕੋਈ ਢੋਈ ਨਹੀਂ ਮਿਲਦੀ: ਨਾ ਸਹੁਰੇ ਘਰ ਤੇ ਨਾ ਹੀ ਪੇਕੀਂ। ਜੇ ਕੁਆਰੀਆਂ ਔਰਤਾਂ ਨੂੰ 'ਛੁੱਟੜਾਂ ਵਿਚ ਗਿਣ ਲਈਏ, 'ਇਸ਼ਕ ਹਕੀਕੀ' ਮਾਡਲ ਵਿਚ ਭਰੀ ਔਰਤ ਦੀ ਗ਼ੁਲਾਮੀ ਤੇ ਮਰਦ ਦੀ ਔਰਤ ਉੱਪਰ ਪੂਰਨ ਪ੍ਰਭੂ-ਸੱਤਾ ਲਾਗੂ ਕਰ ਜਾਂਦੇ ਨੇ, ਉਕਤ ਦੋਨੋਂ ਹੀ ਕਾਵਿ-ਟੋਟੇ। ਇੰਝ ਫਰੀਦ-ਕਾਵਿ ਫਰੀਦ ਜੀ ਦੇ ਸਮੇਂ ਦੇ ਸਮਾਜ ਵਿਚ ਲਾਗੂ ਔਰਤ ਦੇ ਦਾਸੀਪਣ ਜਾਂ ਗ਼ੁਲਾਮੀ ਦਾ ਖੰਡਣ/ਵਿਰੋਧ ਕਰਨ ਦੀ ਥਾਂ ਉਸਦਾ ਸਮਰਥਨ, ਜਾਂ ਉਹਨੂੰ ਦੁਬਾਰਾ ਲਾਗੂ (re-enforce), ਕਰ ਜਾਂਦਾ ਹੈ।

ਨੋਟ ਕਰੋ ਕਿ ਉਕਤ ਫਰੀਦ ਦੇ ਕਾਵਿ-ਟੋਟਿਆਂ 'ਤੇ ਮੇਰੇ ਵੱਲੋਂ ਕੀਤੇ ਉਨ੍ਹਾਂ ਦੇ ਅਰਥਾਂ ਵਿਚ ਸੰਸਾਰਕ ਭਾਸ਼ਾ ਵਰਤੀ ਗਈ ਹੈ: ਕੰਤ, ਖ਼ਸਮ, ਪਤੀ, ਡੋਹਾਗਣ, ਸੋਹਾਗਣ, ਔਰਤ ਆਦਿ। ਜੇ ਕੰਤ, ਖ਼ਸਮ, ਜਾਂ ਪਤੀ ਦੀ ਥਾਂ 'ਰੱਬ' ਲਿਖ ਦਿੱਤਾ ਜਾਵੇ, ਤਾਂ ਉਕਤ ਕੱਢੇ ਸਿੱਟੇ, ਕਿ ਫਰੀਦ-ਕਾਵਿ ਉਸ ਸਮੇਂ ਸਮਾਜ ਵਿਚ ਲਾਗੂ ਔਰਤ ਦੇ ਦਾਸੀਪਣ ਜਾਂ ਗ਼ੁਲਾਮੀ ਦਾ ਸਮਰਥਨ ਜਾਂ ਉਹਨੂੰ ਦੁਬਾਰਾ ਲਾਗੂ (re-enforce) ਕਰਦਾ ਹੈ, ਨੂੰ ਕੋਈ ਫ਼ਰਕ ਨਹੀਂ ਪੈਂਦਾ, ਸਗੋਂ ਉਹਦੇ 'ਸੱਚ' ਉੱਪਰ 'ਰੱਬ' ਦੀ ਮੋਹਰ ਵੀ ਲੱਗ ਜਾਂਦੀ। ਨਾਲੇ, ਫਰੀਦ-ਕਾਵਿ ਵਿਚ ਗ਼ੁਲਾਮੀ ਜਾਂ 'ਗ਼ੁਲਾਮ ਮਾਨਸਿਕਤਾ' ਦਾ ਘੇਰਾ ਮਰਦ-ਔਰਤ ਦੇ ਸਰੀਰਕ ਸੰਬੰਧਾਂ ਤਕ ਹੀ ਸੀਮਿਤ ਨਹੀਂ। ਫਿਰ ਕਿਵੇਂ, ਜੇ ਗ਼ੁਲਾਮੀ ਮਨੁੱਖ ਦੇ ਸਮਾਜਕ ਵਿਵਹਾਰ ਵਿਚ ਘੁਸਣੀ ਸ਼ੁਰੂ ਹੋ ਜਾਏ?

## ਮਨੁੱਖੀ-ਸਤਿਕਾਰ ਬਨਾਮ ਮਨੁੱਖੀ-ਗ਼ੁਲਾਮੀ

ਦੁਨੀਆ ਦੇ ਕਈ ਹੋਰ ਹਿੱਸਿਆਂ ਵਾਂਗ, ਪੰਜਾਬ ਸਣੇ ਭਾਰਤ ਵਿਚ ਵੀ, ਗ਼ੁਲਾਮੀ ਦੇ ਸਦੀਆਂ ਸਦੀਆਂ ਲੰਬੇ ਦੌਰ ਤੋਂ ਬਾਅਦ ਲੋਕਾਂ ਦੇ ਸੁਭਾਅ, ਚੱਜ-ਆਚਾਰ, ਤੇ ਸੱਭਿਆਚਾਰ ਵਿਚ ਰਚ ਕੇ ਗ਼ੁਲਾਮੀ ਦਾ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਨ ਲੱਗ ਜਾਣਾ, ਵਿਰਸੇ ਦਾ ਹਿੱਸਾ ਬਣ ਕੇ, ਸਮਾਜ ਵਿਚ ਹਾਲੇ ਵੀ ਗ਼ੁਲਾਮੀ ਦੀ ਹੋਂਦ ਦੇ ਨਾਲ ਨਾਲ ਜਾਂ ਉਸ ਤੋਂ ਬਿਨਾਂ ਵੀ, 'ਮਾਨਸਿਕ ਗ਼ੁਲਾਮੀ' ਦੇ ਰੂਪ ਵਿਚ। ਇਸ ਹਾਲਤ ਵਿਚ, ਮਨੁੱਖੀ-ਸਤਿਕਾਰ ਤੇ ਮਨੁੱਖੀ-ਗ਼ੁਲਾਮੀ, ਭਾਵੇਂ ਗ਼ੁਲਾਮੀ ਮਾਨਸਿਕ ਹੀ ਹੋਵੇ, ਵਿਚਕਾਰ ਫ਼ਰਕ ਕਰਨਾ/ਸਮਝਣਾ ਜ਼ਰੂਰੀ ਹੁੰਦਾ ਹੈ। ਮਿਸਾਲ ਵਜੋਂ, ਆਪਣੇ ਦੋਨੋਂ ਹੱਥ ਜੋੜ ਕੇ 'ਨਮਸਤੇ' ਜਾਂ 'ਸਾਸਰੀਕਾਲ', ਯਾਨਿ ਸਤਿ ਸ੍ਰੀ ਆਕਾਲ, ਬੁਲਾਉਣਾ ਜਾਂ ਤਾਰਕਿਕ ਤੌਰ 'ਤੇ ਕਿਸੇ ਬੰਦੇ ਨੂੰ ਉਹਦੀ ਬਣਦੀ ਦਾਦ ਦੇ ਦੇਣਾ ਮਨੁੱਖੀ-ਸਤਿਕਾਰ ਦੀ ਪਰਿਭਾਸ਼ਾ ਵਿਚ ਸਮਾ ਜਾਂਦੇ ਨੇ, 'ਚਮਚੀ ਮਾਰਨਾ' ਜਾਂ 'ਚਮਚਾਗਿਰੀ ਕਰਨਾ' ਨਹੀਂ। ਅਸਲ ਵਿਚ, 'ਗ਼ੁਲਾਮ ਮਾਨਸਿਕਤਾ' ਦਾ ਹੀ ਹਿੱਸਾ ਹੈ, ਚਮਚਾਗਿਰੀ ਕਰਨਾ।

ਇਹ ਵਿਚਾਰਣ ਬਾਅਦ, ਹੁਣ ਆਈਏ ਇਸ ਲੇਖ ਦੇ ਸ਼ੁਰੂ ਵਿਚ ਪੇਸ਼ ਕੀਤੇ ਇਸ ਕਾਵਿ-ਟੋਟੇ ਵੱਲ:

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ*
*ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ*

ਭਾਵ: ਹੇ ਫਰੀਦ! ਜੋ ਮਨੁੱਖ ਤੈਨੂੰ ਮੁੱਕੀਆਂ ਮਾਰਨ, ਯਾਨਿ ਕੋਈ ਦੁੱਖ ਦੇਣ, ਉਹਨਾਂ ਨੂੰ ਤੂੰ ਪਰਤ ਕੇ ਨਾ ਮਾਰੀਂ, ਯਾਨਿ ਪ੍ਰਤੀਕਰਮ ਵਜੋਂ ਉਨ੍ਹਾਂ ਵਿਰੁੱਧ ਟੱਕਰ ਨਾ ਲਈਂ, ਸਗੋਂ ਉਹਨਾਂ ਦੇ ਪੈਰ ਚੁੰਮ ਕੇ ਆਪਣੇ ਘਰ ਦਾ ਰਸਤਾ ਫੜ, ਯਾਨਿ ਸ਼ਾਂਤ ਅਵਸਥਾ ਵਿਚ ਟਿਕਿਆ ਰਹੁ।

ਸ਼ੇਖ ਫਰੀਦ ਪ੍ਰਤੀ ਪੂਰੇ ਬਣਦੇ ਸਤਿਕਾਰ ਨਾਲ, ਮੈਨੂੰ ਕਹਿਣ ਦਿਓ, ਕਿ ਮਾਨੋ ਜੇ ਯੋਰਪ ਨੇ ਫਰੀਦ ਜੀ ਦੀ ਸੁਣੀ ਹੁੰਦੀ ਤਾਂ ਉੱਥੇ ਅਜੇ ਰਾਜਾ/ਚਰਚ ਸ਼ਾਹੀ ਹੁੰਦੀ, ਜਾਗੀਰੂ/ਮੱਧਕਾਲੀ ਯੁੱਗ, ਕਿਉਂਕਿ ਨਾ ਰੇਨਾਂਸਾਸ ਲਹਿਰ ਚੱਲੀ ਹੁੰਦੀ ਤੇ ਨਾ ਇਹਦੀ ਜੰਮੀ ਇਨਲਾਈਮੈਂਟ ਚੱਲਦੀ, ਨਾ ਹੁੰਦੇ ਇਹਨਾਂ ਦੀ ਬਦੌਲਤ ਜੰਮੇ ਜਾਂ ਇਨ੍ਹਾਂ ਦੇ ਟਰਿੱਗਰ ਕੀਤੇ ਉਦਯੋਗਕ ਇਨਕਲਾਬ, ਵਿਗਿਆਨਕ ਇਨਕਲਾਬ, ਤੇ ਜਮਹੂਰੀਅਤ; ਅਤੇ ਨਾ ਹੁੰਦੇ ਇਨ੍ਹਾਂ ਇਨਕਲਾਬਾਂ ਜਾਏ ਆਧੁਨਿਕ ਯੁੱਗ ਦੇ ਚੁੰਬਕ ਸਦਕੇ ਪੱਛਮੀ ਦੇਸ਼ਾਂ ਵੱਲ ਨੂੰ ਲੋਹੇ ਤਰ੍ਹਾਂ ਖਿੱਚੇ ਆਉਂਦੇ ਪੰਜਾਬੀ, ਉਧਰਲੇ ਘਰਾਂ ਨੂੰ ਜੰਦਰੇ ਮਾਰ ਕੇ ਵੀ।[3] ਕੀ ਇਹ ਇਸ ਲਈ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੇ ਫਰੀਦ ਜੀ ਵਰਗੇ ਆਪਣਿਆਂ ਦੀ ਨਹੀਂ

ਸੁਣੀ ਤੇ ਅਸੀਂ ਆਪਣੇ ਫਰੀਦ ਜੀ ਵਰਗਿਆਂ ਦੀ ਸੁਣਦੇ ਰਹੇ? ਸਾਡੀਆਂ, ਯਾਨਿ ਪੰਜਾਬੀਆਂ/ ਭਾਰਤੀਆਂ ਦੀਆਂ, ਲੋਟੂ ਜਮਾਤਾਂ ਕਿਰਤ ਦੀ ਲੁੱਟ ਦੀਆਂ ਸਾਨੂੰ ਮੁੱਕੀਆਂ ਮਾਰਦੀਆਂ ਰਹੀਆਂ ਤੇ ਅਸੀਂ ਔਸਤਨ ਜਾਂ ਔਸਤਨ ਤੋਂ ਵੀ ਜ਼ਿਆਦਾ ਉਨ੍ਹਾਂ ਦੇ "ਪੈਰ ਚੁੰਮਦੇ" ਰਹੇ। ਨਤੀਜਣ, ਮਨੁੱਖੀ ਪ੍ਰਗਤੀ ਦੇ ਰਾਹ 'ਤੇ ਸਾਡੀ ਗੱਡ ਅਜੇ ਵੀ ਕੁਲ ਮਿਲਾ ਕੇ ਗ਼ੁਲਾਮੀ, ਬਾਹਰੀ ਜਾਂ ਮਾਨਸਿਕ, ਦੀ ਰਹਿੰਦ-ਖੂੰਦ ਨਾਲ ਭਰੇ ਅਰਧ-ਜਾਗੀਰੂ ਯੁੱਗ ਵਿਚ ਅੜੀ ਹੋਈ ਹੈ। ਅਸੀਂ ਮਨੁੱਖੀ ਕਿਰਤ ਦੀ ਲੁੱਟ ਦੀਆਂ ਵੱਜਦੀਆਂ ਮੁੱਕੀਆਂ ਵਾਲਿਆਂ ਦੇ ਪੈਰ ਚੁੰਮ ਕੇ ਘਰਾਂ ਨੂੰ ਜਾ ਸਕਦੇ ਹਾਂ ਤੇ ਰੁੱਖੀ ਮਿੱਸੀ ਪਾਣੀ ਨਾਲ ਖਾ ਕੇ ਗ਼ੁਜ਼ਾਰਾ ਕਾ ਸਕਦੇ ਹਾਂ, ਪਰ ਮਨੁੱਖੀ ਪ੍ਰਗਤੀ ਦਾ ਇਤਿਹਾਸ ਬਦਲਾ ਲੈਣਾ ਨਹੀਂ ਭੁੱਲਦਾ।

**ਅਧਿਕਾਰ/ਹੱਕ ਨਾਲ ਮੁਸ਼ਕਲ**

ਜਿਵੇਂ ਅਸੀਂ ਲੇਖ ਦੇ ਸ਼ੁਰੂ ਵਿਚ ਦੇਖਿਆ, ਗ਼ੁਲਾਮੀ ਜਾਂ 'ਗ਼ੁਲਾਮ ਮਾਨਸਿਕਤਾ' ਦਾ ਇਕ ਲੱਛਣ ਹੁੰਦਾ ਹੈ: ਅਧਿਕਾਰ/ਹੱਕ ਨਾਲ ਮੁਸ਼ਕਲ, ਭਾਵ ਗ਼ੁਲਾਮੀ ਜਾਂ 'ਗ਼ੁਲਾਮ ਮਾਨਸਿਕਤਾ' ਦਾ ਸ਼ਿਕਾਰ ਬੰਦਾ ਆਪਣਾ ਕੋਈ ਅਧਿਕਾਰ ਵਰਤਣ ਜਾਂ ਹੱਕ ਮੰਗਣ ਜਾਂ ਉਹਦਾ ਦਾਅਵਾ ਕਰਨ ਤੋਂ ਸ਼ਰਮਾ ਜਾਂ ਡਰ ਜਾਂਦਾ ਹੈ। ਹੇਠਲਾ ਕਾਵਿ-ਟੋਟਾ ਇਸ ਲੱਛਣ ਨੂੰ ਜਾਇਜ਼ ਠਹਿਰਾਉਂਦਾ ਜਾਂ ਹਵਾ ਦਿੰਦਾ ਹੈ:

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ*
*ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ*

ਭਾਵ: ਹੇ ਫਰੀਦ! (ਆਪਣੇ ਹੱਥਾਂ ਦੀ ਕਮਾਈ ਹੋਈ) ਮੇਰੀ ਰੁੱਖੀ-ਮਿੱਸੀ (ਯਾਨਿ ਸਾਦਾ) ਰੋਟੀ ਹੈ, ਮੇਰੀ ਭੁੱਖ ਦੇ ਸਲੂਣ, ਯਾਨਿ ਦਾਲ, ਨਾਲ ਠੀਕ ਹੈ। ਜੋ ਲੋਕ ਇਹਤੋਂ ਚੰਗੀ ਖਾਂਦੇ ਹਨ, ਉਹ ਬੜੇ ਕਸ਼ਟ ਸਹਿੰਦੇ ਹਨ।

ਉਕਤ ਕਾਵਿ-ਟੋਟਾ ਕਿਰਤੀ ਲੋਕਾਂ ਨੂੰ ਆਪਣੀ ਕਿਰਤ ਦੇ ਹੱਕੀ ਜਾਂ ਵਾਜਬ ਰੇਟ ਮੰਗਣੋਂ ਨਿਰਉਤਸ਼ਾਹਤ ਕਰਦਾ ਹੈ। ਤਾਂ ਹੀ ਇਸ ਤਰ੍ਹਾਂ ਦੇ ਸਾਹਿਤ ਨੂੰ ਲੋਟੂ ਨਿਜ਼ਾਮ ਉਤਸ਼ਾਹਤ ਕਰਦਾ ਹੈ। ਹੇਠਲਾ ਕਾਵਿ-ਟੋਟਾ ਵੀ ਇਸੇ ਕਿਸਮ ਵਿਚ ਆਉਂਦਾ ਹੈ:

*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ*
*ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ*

ਭਾਵ: ਹੇ ਫਰੀਦ! ਆਪਣੀ ਕਮਾਈ ਦੀ ਰੁੱਖੀ-ਸੁੱਖੀ ਹੀ ਖਾ ਕੇ ਠੰਢਾ ਪਾਣੀ ਪੀ ਲੈ। ਹੋਰਨਾਂ ਨੂੰ ਸੁਆਦਲੀਆਂ ਰੋਟੀਆਂ/ਖਾਂਦੇ ਵੇਖ ਆਪਣਾ ਮਨ ਨਹੀਂ ਤਰਸਾਈਦਾ। ਯਾਨਿ ਵਧੀਆ ਖ਼ੁਰਾਕ ਖਾਣ ਦੀ ਆਪਣੀ ਇੱਛਾ ਨੂੰ ਦਬਾਈ ਰੱਖ!

ਉਕਤ ਦੋਵੇਂ ਕਾਵਿ-ਟੋਟਿਆਂ ਵਿਚਲਾ ਸੰਦੇਸ਼ ਹਿੰਦੂ-ਫਲਸਫ਼ੇ "ਕਰਮ ਕਰੋ, ਫਲ ਦੀ ਇੱਛਾ ਮੱਤ ਰੱਖੋ" ਦੀ ਲਾਈਨ 'ਤੇ ਹੀ ਹੈ, ਪਰ ਇਤਨਾ ਅਤਿਅੰਤ ਨਹੀਂ। ਗ਼ੁਲਾਮੀ ਜਾਂ 'ਗ਼ੁਲਾਮ ਮਾਨਸਿਕਤਾ' ਆਪਣੀ ਕਿਰਤ ਦਾ ਫ਼ਲ ਛੱਡਣ ਲਈ ਹੀ ਤਾਂ ਨਹੀਂ ਕਹਿੰਦੀ, ਪਰ 'ਮਾਲਕ' ਤੇ ਹੋਰਾਂ ਦੀ ਬੁਰਾਈ ਜਰ ਜਾਣ ਲਈ ਉਤਸ਼ਾਹਤ ਕਰਦੀ ਹੈ।

**ਬੁਰਾਈ ਦਾ ਝੱਲਣਾ**

ਕਿਉਂਕਿ ਗ਼ੁਲਾਮ 'ਮਾਲਕ' ਤੇ ਆਲ਼ੇ-ਦੁਆਲ਼ੇ ਤੋਂ ਆਪਣੇ ਕਿਸੇ ਹੱਕ ਦੀ ਆਸ ਨਹੀਂ ਰੱਖਦਾ, ਇਸ ਲਈ ਗ਼ੁਲਾਮ ਜਾਂ 'ਗ਼ੁਲਾਮ ਮਾਨਸਿਕਤਾ' ਦਾ ਇਕ ਲੱਛਣ ਹੁੰਦਾ ਹੈ 'ਮਾਲਕ' ਤੇ ਹੋਰਾਂ ਦੀ ਵਧੀਕੀ ਜਾਂ ਬੁਰਾਈ ਨੂੰ ਝੱਲੀ ਜਾਣਾ। ਹੇਠਲਾ 'ਕਾਵਿ-ਟੋਟਾ' ਇਸ ਲੱਛਣ ਨੂੰ ਹਲਾ-ਸ਼ੇਰੀ ਦਿੰਦਾ ਹੈ:

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ*

ਭਾਵ: ਹੇ ਫਰੀਦ! ਬੁਰਾਈ ਕਰਨ ਵਾਲੇ ਨਾਲ ਵੀ ਭਲਾਈ ਕਰ, ਉਸ ਵਿਰੁੱਧ ਮਨ ਵਿਚ ਗੁੱਸਾ ਹੰਢਾਉਣ ਦੀ ਥਾਂ। ਇਸ ਤਰ੍ਹਾਂ, ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਤੇ ਤੇਰੇ (ਸਾਰੇ ਚੰਗੇ)) ਗੁਣ ਸਾਂਭੇ ਰਹਿਣਗੇ।

ਜੇ ਕੋਈ ਮਨੁੱਖ ਕਿਸੇ ਦੂਸਰੇ ਮਨੁੱਖ ਨਾਲ ਬੁਰਾਈ ਕਰਦਾ ਹੈ, ਮਿਸਾਲ ਵਜੋਂ ਉਹਨੂੰ ਸਰੀਰਕ ਨੁਕਸਾਨ ਪਹੁੰਚਾਉਂਦਾ ਹੈ, ਲੁੱਟਦਾ ਹੈ, ਜਾਂ ਉਹਦਾ ਹੱਕ ਮਾਰਦਾ ਹੈ, ਤਾਂ ਇਨਸਾਨੀਅਤ, ਮਾਨਵਵਾਦ, ਤੇ ਇਨਸਾਫ਼ ਮੰਗ ਕਰਦੇ ਨੇ ਕਿ ਬੁਰੇ ਨੂੰ ਉਹਦੀ ਵਰਤਾਈ ਬੁਰਾਈ ਦੀ ਬਣਦੀ ਸਜ਼ਾ ਮਿਲੇ ਤੇ ਪੀੜਤ ਮਨੁੱਖ ਦਾ ਨੁਕਸਾਨ ਭਰਿਆ ਜਾਏ। 'ਸਭ ਮਨੁੱਖ ਬਰਾਬਰ' ਦੇ ਅਸੂਲ ਦੇ ਆਧਾਰ 'ਤੇ ਬਣੇ ਸਮਾਜਾਂ ਵਿਚ ਇੰਝ ਹੀ ਹੁੰਦਾ ਹੈ। ਉਕਤ ਕਾਵਿ-ਟੋਟੇ ਵਿਚ ਉਲਟੀ ਗੰਗਾ ਵਹਿ ਰਹੀ ਹੈ ਕਿ ਪੀੜਤ ਮਨੁੱਖ ਬਦਲੇ ਵਿਚ ਬੁਰੇ ਦਾ ਭਲਾ ਕਰੇ, ਅਖੇ ਇਸ ਵਿਚ ਹੀ ਪੀੜਤ ਦਾ ਭਲਾ ਹੈ। ਇੰਝ ਕਾਵਿ-ਟੋਟਾ ਗ਼ੁਲਾਮ ਸਮਾਜਕ ਢਾਂਚੇ ਦੇ ਹੱਕ ਵਿਚ ਮਾਲਕਾਂ ਵੱਲੋਂ ਕੱਢਿਆ ਇਸ਼ਤਿਹਾਰ ਹੋ ਨਿੱਬੜਦਾ ਹੈ। ਅਜਿਹੇ ਸਮਾਜਕ ਢਾਂਚੇ ਵਿਚ, ਗ਼ੁਲਾਮ ਜਾਂ 'ਗ਼ੁਲਾਮ ਮਾਨਸਿਕਤਾ' ਲਈ ਗ਼ੈਰ-ਮਨੁੱਖੀ ਵਿਵਹਾਰ ਨੂੰ ਸਹਿਣਾ ਆਮ ਹੋ ਜਾਂਦਾ ਹੈ।

### ਗ਼ੈਰ-ਮਨੁੱਖੀ ਵਿਵਹਾਰ ਸਹਿਣਾ

ਬੰਦੇ 'ਤੇ ਗ਼ੈਰ-ਮਨੁੱਖੀ ਵਿਵਹਾਰ ਹੋਣਾ ਅਤੇ ਉਸ ਵੱਲੋਂ ਆਮ ਵਾਂਗ ਸਹਿ ਜਾਣਾ ਉਹਦੇ ਗ਼ੁਲਾਮੀ ਜਾਂ 'ਗ਼ੁਲਾਮ ਮਾਨਸਿਕਤਾ' ਦੇ ਸ਼ਿਕਾਰ ਹੋਣ ਦਾ ਇਕ ਲੱਛਣ ਹੁੰਦਾ ਹੈ। ਹੇਠਲੇ ਕਾਵਿ-ਟੋਟੇ ਦਾ (ਲੁਪਤ) ਪਾਤਰ 'ਮੈਂ' ਇਸ ਲੱਛਣ ਦਾ ਧਾਰਨੀ ਹੈ:

*ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ*

ਭਾਵ: ਕਾਵਾਂ ਨੇ ਮੇਰਾ ਸਾਰਾ ਮਾਸ ਖਾਂਦਿਆਂ ਪਿੰਜਰ ਵੀ ਫੋਲ ਮਾਰਿਆ ਹੈ! ਹੇ ਕਾਵੋਂ ਮੇਰੀਆਂ ਅੱਖਾਂ ਨੂੰ ਨਾ ਛੇੜਿਓ, ਇਹਨਾਂ ਨਾਲ ਮੈਨੂੰ ਆਪਣੇ ਪ੍ਰਿਯਾ, ਯਾਨਿ ਪਿਆਰੇ, ਨੂੰ ਵੇਖਣ ਦੀ ਹਾਲੇ ਵੀ ਆਸ ਹੈ। (ਕਾਵਾਂ ਨੂੰ ਇੱਥੇ ਕਈ ਵਿਦਵਾਨ ਦੁਨੀਆਵੀ ਪਦਾਰਥਾਂ ਦੇ ਚਸਕੇ ਤੇ ਵਿਕਾਰ ਦੇ ਬਿੰਬ ਵਜੋਂ ਵੀ ਵਰਤਦੇ ਨੇ); ਪਦਾਰਥਾਂ ਦੇ ਚਸਕੇ ਤੇ ਵਿਕਾਰ ਜਿਨ੍ਹਾਂ ਨੇ ਸਰੀਰ ਦੀ ਸਾਰੀ ਸੱਤਿਆ ਖਿੱਚ/ਚੂਸ ਲਈ ਹੈ।

ਉਕਤ ਕਾਵਿ-ਟੋਟੇ ਵਿਚ ਗ਼ੁਲਾਮੀ ਜਾਂ 'ਗ਼ੁਲਾਮ ਮਾਨਸਿਕਤਾ' ਕਿੱਥੇ ਹੈ? ਕਾਵਿ-ਟੋਟੇ ਵਿਚਲਾ (ਲੁਪਤ) 'ਮੈਂ' ਅਸਲੀ, ਜਾਂ ਪਦਾਰਥਕ ਚਸਕੇ ਤੇ ਵਿਕਾਰ ਦੇ, ਕਾਵਾਂ ਦੁਆਰਾ ਖਾਧਾ ਜਾ ਚੁੱਕਾ ਹੈ। ਜਿਸ 'ਪਿਆਰੇ' ਨੇ ਜ਼ਿੰਦਗੀ ਭਰ ਉਹਨੂੰ ਦਰਸ਼ਨ ਦੇਣ ਦੀ ਖ਼ੇਚਲ ਨਹੀਂ ਕੀਤੀ, 'ਮੈਂ' ਦੀ ਆਖ਼ਰੀ ਸੋਚ ਤੇ ਖ਼ਾਹਿਸ਼ ਵੀ ਉਸੇ ਹੀ 'ਪਿਆਰੇ' ਨੂੰ ਮਿਲਣ ਬਾਰੇ ਹੈ ਜਦੋਂ 'ਮੈਂ' ਕਾਵਾਂ ਨੂੰ ਅਪੀਲ ਕਰਦਾ ਹੈ ਕਿ ਉਹ ਅੱਖਾਂ ਨੂੰ ਨਾ ਛੇੜਣ ਕਿਉਂਕਿ ਉਹਨੂੰ ਉਸ ਪਿਆਰੇ ਨੂੰ ਵੇਖਣ ਦੀ ਹਾਲੇ ਵੀ ਆਸ ਹੈ; 'ਪਿਆਰੇ' ਦਾ ਇਤਨਾ ਕਬਜ਼ਾ ਹੈ 'ਮੈਂ' ਉੱਪਰ! ਅਜਿਹੀ ਅਧੀਨਗੀ ਗ਼ੁਲਾਮੀ ਹੀ ਹੁੰਦੀ ਹੈ, ਮਾਨਵਤਾ ਦੇ ਖ਼ੇਤਰ ਵਿਚ। ਇਸ ਦੇ ਨਾਲ ਨਾਲ ਹੀ 'ਮੈਂ' ਕਾਵਾਂ ਦਾ ਬੁਰੀ ਤਰ੍ਹਾਂ ਨਾਲ ਗ਼ੁਲਾਮ ਹੈ, ਜਿਨ੍ਹਾਂ ਵੱਲੋ ਉਹ ਗ਼ੈਰ-ਮਨੁੱਖੀ ਵਿਵਹਾਰ ਦਾ ਸ਼ਿਕਾਰ ਹੈ।

ਇਸ ਤਰ੍ਹਾਂ ਹੀ, ਹੇਠਲੇ ਕਾਵਿ ਟੋਟੇ ਵਿਚਲੇ 'ਬੰਦੇ' ਦਾ ਸਰੀਰ ਸੁੱਕ ਕੇ ਹੱਡੀਆਂ ਦੀ ਮੁੱਠ ਹੋ ਗਿਆ ਹੈ, ਤੇ 'ਕਾਂ' ਇਸ ਦੀਆਂ ਤਲੀਆਂ ਨੂੰ ਠੂੰਗੇ ਮਾਰੀ ਜਾ ਰਹੇ ਹਨ; ਬੰਦੇ ਦੇ 'ਭਾਗ' ਇੰਨੇ ਮਾੜੇ ਨੇ ਕਿ ਬੰਦੇ ਦਾ 'ਰੱਬ' ਅਜੇ ਵੀ ਨਹੀਂ ਬਹੁੜਿਆ। ਇੱਥੇ ਵੀ ਉਕਤ ਕਾਵਿ-ਟੋਟੇ ਦੇ 'ਮੈਂ' ਵਾਂਗ ਹੀ, ਬੰਦੇ ਦੀ 'ਕਾਵਾਂ' ਤੇ 'ਰੱਬ' ਦੇ ਸੰਕਲਪ ਪ੍ਰਤੀ ਗ਼ੁਲਾਮੀ ਪ੍ਰਗਟ ਹੁੰਦੀ ਹੈ:

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ*

### ਫ਼ਰਿਆਦ ਤੋਂ ਖ਼ੁਦਕਸ਼ੀ ਤਕ ਸਿੱਧੀ ਛਾਲ਼

ਗ਼ੁਲਾਮੀ ਦੌਰਾਨ ਬੰਦੇ ਕੋਲ਼ ਆਪਣੀਆਂ ਅਧੂਰੀਆਂ ਖ਼ਾਹਿਸ਼ਾਂ, ਤੰਗੀਆਂ ਤੇ ਦੁੱਖਾਂ ਦਰਦਾਂ ਪ੍ਰਤੀ, ਨਿੱਜੀ ਪੱਧਰ 'ਤੇ ਦੋ ਅਤਿ ਹੁੰਗਾਰੇ ਹੁੰਦੇ ਨੇ: ਫ਼ਰਿਆਦ ਤੇ ਖ਼ੁਦਕਸ਼ੀ। ਬਾਕੀ ਬਦਲ ਜੇ ਉਪਲਬਧ ਹੋਣ ਤਾਂ ਇਨ੍ਹਾਂ ਦੇ ਵਿਚ-ਵਿਚਾਲੇ। ਫ਼ਰਿਆਦ ਤੋਂ ਖ਼ੁਦਕਸ਼ੀ ਤਕ ਦੀ ਛਲਾਂਗ 'ਗ਼ੁਲਾਮ-ਮਾਨਸਿਕਤਾ' ਦਾ ਇਕ ਸੁਭਾਵਕ ਲੱਛਣ ਹੁੰਦਾ ਹੈ, ਮਿਸਾਲ ਵਜੋਂ:

*ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ*
*ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ*

ਭਾਵ: (ਹੇ ਦਾਈ!) ਜਨਮ ਵੇਲੇ ਜਦ ਮੇਰਾ ਨਾੜੂ ਕੱਟਿਆ ਸੀ, ਜੇ ਮੇਰਾ ਗਲ ਹੀ ਵੱਢ ਦੇਂਦੀਓਂ, ਤਾਂ ਜ਼ਿੰਦਗੀ ਦੇ ਇਤਨੇ ਝੰਬੇਲੇ ਤੇ ਦੁੱਖ ਨਾ ਸਹਾਰਨੇ ਪੈਂਦੇ।

ਉਕਤ ਕਾਵਿ-ਟੋਟਾ 'ਫ਼ਰਿਆਦ ਤੋਂ ਖ਼ੁਦਕਸ਼ੀ ਤਕ ਦੀ ਛਲਾਂਗ' ਦੇ 'ਗ਼ੁਲਾਮ-ਮਾਨਸਿਕਤਾ' ਲੱਛਣ ਨੂੰ ਪ੍ਰਚਾਰਦਾ ਹੈ। ਫ਼ਰਿਆਦ ਤੋਂ ਖ਼ੁਦਕਸ਼ੀ ਤਕ ਦੇ ਸਫ਼ਰ ਦੌਰਾਨ ਗ਼ੁਲਾਮੀ ਜਾਂ 'ਗ਼ੁਲਾਮ-ਮਾਨਸਿਕਤਾ' ਦਾ ਸਵੈ-ਦਮਨ ਲੱਛਣ ਦੇ ਕੰਮ 'ਤੇ ਲੱਗੀ ਹੁੰਦੀ ਹੈ।

### ਅੰਦਰੂਨੀ ਜ਼ੁਲਮ: ਸਵੈ-ਦਮਨ

ਗ਼ੁਲਾਮ ਜਾਂ 'ਗ਼ੁਲਾਮ-ਮਾਨਸਿਕਤਾ' ਵਾਲੇ ਦਾ ਇਕ ਹੋਰ ਲੱਛਣ ਹੁੰਦਾ ਹੈ: ਅੰਦਰੂਨੀ ਜ਼ੁਲਮ ਜਿਵੇਂ ਸਵੈ-ਦਮਨ। ਗ਼ੁਲਾਮ ਸਿਰਫ਼ ਜ਼ਿੰਦਾ ਰਹਿਣ ਲਈ ਹੀ ਆਪਣੇ ਉੱਪਰ ਲੱਗੀਆਂ ਸਾਰੀਆਂ ਰੋਕਾਂ ਝੱਲਦੇ ਹਨ; ਆਪਣੀਆਂ ਰੀਝਾਂ ਤੇ ਸੰਭਾਵਨਾਵਾਂ ਨੂੰ ਤੇ ਢਾਂਚੇ ਵਿਰੁੱਧ ਗ਼ੁੱਸੇ ਨੂੰ ਮਨ ਵਿਚ ਹੀ ਦੱਬਾਈ ਰੱਖਦੇ ਨੇ। ਮਿਸਾਲ ਦੇ ਤੌਰ 'ਤੇ ਹੇਠਲਾ ਕਾਵਿ-ਟੋਟਾ ਇਸ ਲੱਛਣ ਨੂੰ ਪ੍ਰਚਾਰਦਾ, ਯਾਨਿ promote ਕਰਦਾ ਹੈ:

*ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ*
*ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ*

ਭਾਵ: ਹੇ ਫਰੀਦ! ਮੇਰੇ ਸਰੀਰ ਨੂੰ ਭਉਂਕਣ ਦੀ ਆਦਤ ਪੈ ਗਈ ਹੈ: (ਹਰ ਰੋਜ਼ ਨਵੀਆਂ ਚੀਜ਼ਾਂ/ਪਦਾਰਥ ਮੰਗਦਾ ਰਹਿੰਦਾ ਹੈ) ਇਸ ਦੀਆਂ ਨਿੱਤ ਦੀਆਂ ਮੰਗਾਂ ਪੂਰੀਆਂ ਕਰਨ ਦੀ ਖ਼ਾਤਰ ਕੌਣ ਨਿੱਤ ਔਖਾ ਹੁੰਦਾ ਰਹੇ? ਮੈਂ ਤਾਂ ਕੰਨਾਂ ਵਿਚ ਤੂੰਬੇ ਦੇਈ ਰੱਖਾਂਗਾ, ਜਿਤਨੀ ਜੀਅ ਚਾਹੇ ਹਵਾ ਝੁੱਲਦੀ ਰਹੇ, ਯਾਨਿ ਸਰੀਰ ਮੰਗਾਂ ਦਾ ਜਿੰਨਾ ਰੌਲ਼ਾ ਪਾਈ ਜਾਏ, ਮੈਂ ਇਸ ਦੀ ਇਕ ਵੀ ਨਹੀਂ ਸੁਣਾਂਗਾ।

### ਬਿਰਹਾ ਤੇ ਮੌਤ ਨਾਲ ਰੁਮਾਂਸ

ਆਜ਼ਾਦ ਸਮਾਜਾਂ ਵਿਚ ਵੀ ਬਿਰਹਾ, ਯਾਨਿ ਵਿਛੋੜਾ, ਹੁੰਦਾ ਹੈ ਪਰ ਮਰਿਆਂ ਜਾਂ ਦੂਰ ਰਹਿੰਦਿਆਂ ਆਪਣਿਆਂ ਦਾ; ਦੂਰ ਰਹਿੰਦੇ ਆਪਣੇ ਦਿਨ-ਸੁਦ 'ਤੇ ਮਿਲਦੇ ਰਹਿੰਦੇ ਨੇ। ਬਿਰਹਾ ਦਾ ਪ੍ਰਗਟਾਵਾ ਕੁਛ ਇੰਝ ਕੀਤਾ ਜਾਂਦਾ ਹੈ: ਮੈਨੂੰ ਤੁਸੀਂ ਬਹੁਤ ਯਾਦ ਆਉਂਦੇ ਹੋ, ਯਾਨਿ I miss you. ਐਕਸ਼ਨ: "ਆਹ..." ਤੇ ਜੱਫੀ! ਇਹ ਹੁੰਦਾ ਹੈ ਆਪਣਿਆਂ ਜਾਂ ਪਿਆਰਿਆਂ ਦਾ ਵਿਛੋੜਾ, ਆਜ਼ਾਦ ਸਮਾਜਾਂ ਵਿਚ। ਗ਼ੁਲਾਮ ਸਮਾਜ ਵਿਚ 'ਆਸ਼ਕਾਂ' ਦਾ ਵਿਛੋੜਾ ਵੀ ਹੁੰਦਾ ਹੈ, ਭਾਵੇਂ ਗੁਆਂਢ ਹੀ ਵਸਦੇ ਹੋਣ! ਐਸੇ ਬਿਰਹਾ ਵਿਚ ਫ਼ਸਿਆ ਆਸ਼ਕ ਪਰਵਾਨਾ ਬਣਕੇ ਇਸ਼ਕ ਦੀ ਬਲਦੀ ਸ਼ਮ੍ਹਾ 'ਤੇ ਸੜ ਵੀ ਸਕਦਾ ਹੈ। ਐਸੇ ਗ਼ੁਲਾਮ, ਜਾਂ 'ਗ਼ੁਲਾਮ-ਮਾਨਸਿਕਤਾ' ਵਾਲੇ, ਸਮਾਜ ਵਿਚ ਵਿਵਰਜਤ ਜਾਂ 'ਪਹੁੰਚ ਤੋਂ ਬਾਹਰ' 'ਯਾਰ' ਰੱਬ ਤੇ 'ਬਿਰਹਾ' ਸੁਲਤਾਨ ਬਣ ਬਹਿੰਦਾ ਹੈ। ਇਸ ਤਰ੍ਹਾਂ ਬਿਰਹਾ ਹੰਢਾਉਣ ਵਾਲਾ 'ਸੁਲਤਾਨ ਬਿਰਹਾ' ਜਾਂ 'ਰੱਬ ਯਾਰ' ਦਾ ਮਾਨਸਿਕ ਗ਼ੁਲਾਮ ਹੋ ਕੇ ਰਹਿ ਜਾਂਦਾ ਹੈ। ਅੰਗਰੇਜ਼ੀ ਰਾਜ ਦੀ ਗ਼ੁਲਾਮੀ ਤੋਂ ਉਧਾਰੇ ਲਏ ਆਧੁਨਿਕ ਯੁੱਗ ਵਿਚਲੇ ਸਾਡੇ ਅਰਧ-ਗ਼ੁਲਾਮ ਅਰਧ-ਜਾਗੀਰੂ ਸਮਾਜ ਵਿਚਲਾ ਸ਼ਿਵ ਕੁਮਾਰ "ਬਿਰਹਾ ਤੂੰ ਸੁਲਤਾਨ" ਕਹਿਣ ਵਾਲਾ ਪਹਿਲਾ ਕਵੀ ਨਹੀਂ ਸੀ; ਇਹ ਪਹਿਲ ਹਿੱਸੇ ਆਈ ਸੀ ਮੱਧਯੁੱਗ ਦੇ, ਤੇ ਪੰਜਾਬੀ ਦੇ ਪਹਿਲੇ ਮੁੱਖ, ਕਵੀ ਸ਼ੇਖ ਫਰੀਦ ਦੇ:

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ*

ਭਾਵ: ਹਰ ਕੋਈ ਆਖਦਾ ਹੈ ਵਿਛੋੜਾ (ਬੁਰਾ) ਵਿਛੋੜਾ (ਬੁਰਾ), ਪਰ ਹੇ ਵਿਛੋੜੇ! ਤੂੰ ਪਾਤਸ਼ਾਹ ਹੈਂ (ਯਾਨਿ, ਤੈਨੂੰ ਮੈਂ ਸਲਾਮ ਕਰਦਾ ਹਾਂ, ਕਿਉਂਕਿ), ਹੇ ਫਰੀਦ! ਜਿਸ ਸਰੀਰ ਵਿਚ ਵਿਛੋੜੇ ਦਾ ਸੱਲ੍ਹ ਨਹੀਂ ਪੈਦਾ ਹੁੰਦਾ, ਯਾਨਿ ਜਿਸ ਮਨੁੱਖ ਨੂੰ ਵਿਛੋੜੇ ਦੀ ਚੋਭ ਨਹੀਂ ਵੱਜੀ, ਉਸ ਸਰੀਰ ਨੂੰ ਮਸਾਣ ਸਮਝੋ, (ਯਾਨਿ ਉਸ ਸਰੀਰ ਵਿਚਲੀ ਰੂਹ ਵਿਕਾਰਾਂ ਵਿਚ ਸੜ ਰਹੀ ਹੈ।)

ਇਸ ਤਰ੍ਹਾਂ, ਉਕਤ ਕਾਵਿ-ਟੋਟਾ 'ਬਿਰਹਾ ਤੂ ਸੁਲਤਾਨੁ' ਵਿਚ ਛੁਪੀ ਗ਼ੁਲਾਮੀ ਦੇ ਹੱਕ ਵਿਚ

ਪ੍ਰਚਾਰ ਕਰਦਾ ਹੈ। ਪਰ ਆਜ਼ਾਦ ਸਮਾਜਾਂ ਵਿਚ ਵਿਛੋੜੇ ਨੂੰ ਇਸ ਕਦਰ ਉੱਪਰ ਚੁੱਕ ਦੇਣ ਨੂੰ ਮਾਨਸਿਕ ਵਿਕਾਰ ਜਾਂ ਵਿਗਾੜ ਸਮਝਿਆ ਜਾਂਦਾ ਤੇ ਇਹਦਾ ਮਨੋਵਿਗਿਆਨਕ ਇਲਾਜ ਕੀਤਾ ਜਾਂਦਾ ਹੈ।

"ਕਬਰਾਂ ਉਡੀਕਦੀਆਂ ਮੈਨੂੰ, ਜਿਉਂ ਪੁੱਤਰਾਂ ਨੂੰ ਮਾਵਾਂ" ਕਹਿਣ ਵਿਚ ਵੀ ਸ਼ਿਵ ਪੂਰੀ ਤਰ੍ਹਾਂ ਪਹਿਲਾ ਨਹੀਂ ਹੈ; ਇੱਥੇ ਵੀ ਪਹਿਲ ਫਰੀਦ ਜੀ ਦੇ ਹਿੱਸੇ ਆਉਂਦੀ ਹੈ:

*ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ*
*ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ*

ਭਾਵ: ਕਬਰ ਵਿਚਾਰੀ (ਬੰਦੇ ਨੂੰ) ਵਾਜ ਮਾਰ ਰਹੀ ਹੈ: ਹੇ ਬੇ-ਘਰੇ ਜੀਵ! (ਤੂੰ ਆਪਣੇ) ਘਰ ਵਿਚ ਆ, ਆਖ਼ਿਰ ਨੂੰ ਤੂੰ ਮੇਰੇ ਪਾਸ ਹੀ ਆਉਣਾ ਹੈ, ਤਾਂ ਫਿਰ ਮੌਤ ਤੋਂ ਨਾ ਡਰ।

ਕਿਉਂਕਿ ਗ਼ੁਲਾਮ ਦੀ ਜ਼ਿੰਦਗੀ ਮੁਸ਼ਕਲਾਂ ਨਾਲ ਭਰੀ ਹੁੰਦੀ ਹੈ, 'ਗ਼ੁਲਾਮ-ਮਾਨਸਿਕਤਾ' ਕਿਸੇ ਹੱਦ ਤਕ ਮੌਤ ਨੂੰ 'ਮੁਕਤੀ' ਵੀ ਸਮਝਦੀ ਹੈ।

ਇੰਝ ਉਕਤ ਦੋਨੋਂ ਕਾਵਿ-ਟੋਟੇ ਬਿਰਹਾ ਤੇ ਮੌਤ ਦੋਨਾਂ ਦਾ ਹੀ ਰੁਮਾਂਸੀਕਰਣ ਕਰਦੇ ਹੋਏ 'ਗ਼ੁਲਾਮ-ਮਾਨਸਿਕਤਾ' ਨੂੰ ਥਾਪੀ ਦਿੰਦੇ ਨੇ।

### ਪਰਖ ਪੜਚੋਲ ਕਰਨਾ ਮਨਾਹ ਹੈ

ਗ਼ੁਲਾਮ ਨੂੰ ਨਾ ਨੁਕਤਾਚੀਨੀ ਜਾਂ ਪਰਖ ਪੜਚੋਲ ਕਰਨ ਦਾ ਅਧਿਕਾਰ ਹੁੰਦਾ ਹੈ, ਤੇ ਨਾ ਹੀ ਉਹਦੀ ਨੁਕਤਾਚੀਨੀ ਜਾਂ ਪਰਖ ਪੜਚੋਲ ਨਾਲ ਕੁਝ ਬਦਲਣਾ ਹੁੰਦਾ ਹੈ, ਉਲਟਾ ਉਹ ਆਪਣਾ ਨੁਕਸਾਨ ਕਰਵਾ ਸਕਦਾ ਹੈ। ਇੰਝ, ਨੁਕਤਾਚੀਨੀ ਜਾਂ ਪਰਖ ਪੜਚੋਲ ਨਾ ਕਰਨਾ ਗ਼ੁਲਾਮੀ 'ਗ਼ੁਲਾਮ-ਮਾਨਸਿਕਤਾ' ਦਾ ਅੰਦਰੂਨੀ, ਯਾਨਿ ਬਿਲਟ-ਇਨ, ਲੱਛਣ ਹੁੰਦਾ ਹੈ। ਮਿਸਾਲ ਵਜੋਂ, ਇਸ ਲੱਛਣ ਦੀ ਵਕਾਲਤ ਕਰਦਾ ਹੇਠਲਾ ਕਾਵਿ-ਟੋਟਾ:

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ*

ਭਾਵ: ਹੇ ਫਰੀਦ! ਜੇ ਤੂੰ ਬਰੀਕ ਅਕਲ ਵਾਲਾ, ਯਾਨਿ ਸਮਝਦਾਰ, ਹੈਂ ਤਾਂ ਹੋਰ ਬੰਦਿਆਂ ਦੇ ਮੰਦੇ ਕਰਮਾਂ ਦੀ ਪੜਚੋਲ ਨਾ ਕਰ; ਆਪਣੀ ਬੁੱਕਲ ਵਿਚ ਮੂੰਹ ਪਾ ਕੇ ਵੇਖ (ਕਿ ਤੇਰੇ ਆਪਣੇ ਕਰਮ ਕੈਸੇ ਹਨ)।

ਆਜ਼ਾਦ ਸਮਾਜਾਂ ਵਿਚ ਇਹ ਖ਼ੋਟਾ ਤਰਕ ਨਹੀਂ ਚੱਲਦਾ: ਕਿਉਂਕਿ ਮੈਂ ਸੰਪੂਰਨ ਨਹੀਂ, ਯਾਨਿ ਮੈਂ ਵੀ ਕੁਝ ਗ਼ਲਤ ਜਾਂ ਬੁਰੇ ਕੰਮ ਕੀਤੇ ਨੇ, ਇਸ ਲਈ ਮੈਂ ਹੋਰਨਾਂ ਦੇ ਬੁਰੇ ਕੰਮਾਂ ਦੀ ਪੜਚੋਲ ਨਹੀਂ ਕਰ ਸਕਦਾ। ਪਹਿਲੇ, ਸਾਰੇ ਬੁਰੇ ਕੰਮ ਬਰਾਬਰ ਨਹੀਂ ਹੁੰਦੇ; ਮਿਸਾਲ ਵਜੋਂ, ਮਾਨੋ ਮੈਂ ਆਪਣੀ ਮਾਂ ਨਾਲ ਇਕ ਵਾਰ ਝੂਠ ਬੋਲਿਆ (ਬੁਰਾ ਕੰਮ ਜਾਂ ਗੱਲ), ਇਸ ਲਈ ਕੀ ਮੈਂ ਉਸ ਕਾਰਖ਼ਾਨੇਦਾਰ ਦੀ ਪੜਚੋਲ ਨਹੀਂ ਕਰ ਸਕਦਾ ਜੋ ਆਪਣੇ ਮਜ਼ਦੂਰਾਂ ਦੇ ਹੱਕ ਮਾਰ ਰਿਹਾ ਹੈ (ਬੁਰਾ ਕੰਮ)? ਦੂਜੇ, ਜੇ ਇਸ ਖ਼ੋਟੇ ਤਰਕ ਨੂੰ ਲਾਗੂ ਕਰ ਦਿੱਤਾ ਜਾਏ, ਆਜ਼ਾਦ ਸਮਾਜ ਵਿਚ, ਤਾਂ ਅਦਾਲਤਾਂ ਲਈ ਜੱਜ ਤੇ ਵਕੀਲ ਲੱਭਣੇ ਮੁਸ਼ਕਲ ਹੋ ਜਾਣਗੇ, ਕਿਉਂਕਿ ਕੋਈ ਵੀ ਸੰਪੂਰਨ, ਯਾਨਿ perfect ਨਹੀਂ ਹੁੰਦਾ।

### ਬੁਢਾਪੇ ਪ੍ਰਤੀ ਨਾਂਹ-ਵਾਚਕ ਰਵੱਈਆ

ਗ਼ੁਲਾਮ ਸਮਾਜਕ ਢਾਂਚੇ ਵਿਚ, ਗ਼ੁਲਾਮ ਵਸਤਾਂ ਜਾਂ ਪਸ਼ੂਆਂ ਵਾਂਗ ਵੇਚੇ, ਖ਼ਰੀਦੇ, ਤੇ ਵਰਤੇ ਜਾਂਦੇ ਨੇ/ਸਨ। ਇਸ ਲਈ, ਬੁੱਢੀ ਉਮਰੇ ਗ਼ੁਲਾਮ 'ਮਾਲਕ' ਲਈ ਘੱਟ ਲਾਭਦਾਇਕ, ਜਾਂ ਨਿਕਾਰਾ, ਹੋ ਜਾਂਦਾ ਹੈ; ਗ਼ੁਲਾਮ ਦੀ ਕੀਮਤ ਦੀ ਉਮਰ ਉੱਪਰ ਨਿਰਭਰਤਾ ਹੁੰਦੀ ਹੈ। ਹਿੰਦੂ ਫਲਸਫ਼ੇ ਵਿਚ ਵੀ ਮਨੁੱਖੀ ਜੀਵਨ ਨੂੰ ਉਮਰ ਦੇ ਪੈਮਾਨੇ, ਯਾਨਿ scale, ਉੱਪਰ ਕੁਝ ਹਿੱਸਿਆ ਵਿਚ ਵੰਡਿਆ ਗਿਆ ਹੈ, ਤੇ ਅਖ਼ੀਰਲੇ ਹਿੱਸੇ, ਯਾਨਿ ਬੁਢਾਪਾ, ਪ੍ਰਤੀ ਰਵੱਈਆ ਨਾਂਹ-ਵਾਚਕ ਹੈ। ਇਸ ਸਭ ਕੁਛ ਸਦਕਾ ਬੁਢਾਪੇ ਪ੍ਰਤੀ ਇਹ ਨਾਂਹ-ਵਾਚਕ ਰਵੱਈਆ ਅੱਜ ਤਕ ਪੰਜਾਬੀ ਸਣੇ ਭਾਰਤੀ 'ਗ਼ੁਲਾਮ-ਮਾਨਸਿਕਤਾ' ਦਾ ਹਿੱਸਾ ਬਣਿਆ ਚੱਲਿਆ ਆਉਂਦਾ ਹੈ। ਮਿਸਾਲ ਵਜੋਂ, ਹੇਠਲੇ ਦੋ ਕਾਵਿ-ਟੋਟੇ 'ਗ਼ੁਲਾਮ-ਮਾਨਸਿਕਤਾ'

ਦੇ ਇਸ ਲੱਛਣ ਨੂੰ ਲਾਗੂ ਕਰਦੇ ਹੋਏ, ਇਹਦਾ ਸਮਰਥਨ ਤੇ ਪ੍ਰਚਾਰ, ਯਾਨਿ ਇਹਨੂੰ endorse ਤੇ promote, ਕਰਦੇ ਨੇ:

*ਫਰੀਦਾ ਸਿਰ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ*
*ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ*

ਭਾਵ: ਹੇ ਫਰੀਦ! ਸਿਰ ਚਿੱਟਾ ਹੋ ਗਿਆ ਹੈ, ਦਾੜ੍ਹੀ ਚਿੱਟੀ ਹੋ ਗਈ ਹੈ, ਮੁਛਾਂ ਵੀ ਚਿੱਟੀਆਂ ਹੋ ਗਈਆਂ ਹਨ; ਹੇ ਗ਼ਾਫ਼ਿਲ ਤੇ ਕਮਲੇ ਮਨ! (ਅਜੇ ਵੀ ਤੂੰ ਦੁਨੀਆ ਦੀਆਂ ਹੀ) ਮੌਜਾਂ ਕਿਉਂ ਮਾਣ ਰਿਹਾ ਹੈਂ?

ਇੰਝ, ਉਕਤ ਕਾਵਿ-ਟੋਟੇ ਵਿਚ 'ਗ਼ੁਲਾਮ-ਮਾਨਸਿਕਤਾ' ਬੰਦੇ ਨੂੰ ਮੂਲ ਰੂਪ ਵਿਚ ਕਹਿ ਰਹੀ ਹੈ ਕਿਉਂਕਿ ਉਹਦੇ ਕੇਸ, ਦਾੜ੍ਹੀ, ਤੇ ਮੁੱਛਾਂ ਸਭ ਧੌਲੀਆਂ ਹੋ ਚੁੱਕੀਆਂ ਨੇ, ਯਾਨਿ ਉਹ ਬੁੱਢਾ ਹੋ ਗਿਆ ਹੈ; ਹੁਣ ਤਾਂ ਜ਼ਿੰਦਗੀ ਦਾ ਆਨੰਦ ਲੈਣਾ ਛੱਡ ਦੇਵੇ! ਪੰਜਾਬੀ ਸਣੇ ਭਾਰਤੀ ਸਮਾਜ ਵਿਚ ਮਿਸਾਲ ਵਜੋਂ ਵਿੱਦਿਆ ਤੇ ਨੌਕਰੀ ਖ਼ੇਤਰਾਂ ਵਿਚ ਵਡੇਰੀ ਉਮਰ ਦੇ ਬੰਦਿਆ ਨਾਲ ਸ਼ਰ੍ਹੇਆਮ ਵਿਤਕਰਾ ਕੀਤਾ ਜਾਂਦਾ ਹੈ, ਤੇ ਇਹ ਕਾਨੂੰਨੀ ਤੌਰ 'ਤੇ ਹੁੰਦਾ ਹੈ। ਇਸ ਤੋਂ ਇਲਾਵਾ, ਸਮਾਜ ਵੱਲੋਂ ਆਮ ਤੌਰ 'ਤੇ ਵਡੇਰੀ ਉਮਰ ਦੇ ਬੰਦਿਆ ਵਿਚਕਾਰ ਸ਼ਾਦੀਆਂ ਦੀ ਨਾ ਉਮੀਦ, ਤੇ ਨਾ ਕਦਰ, ਕੀਤੀ ਜਾਂਦੀ ਹੈ। ਇਹਦੇ ਉਲਟ, ਆਜ਼ਾਦ ਸਮਾਜਾਂ ਵਿਚ, ਵਡੇਰੀ ਉਮਰ ਖ਼ਿਲਾਫ ਵਿਤਕਰਾ ਗ਼ੈਰ-ਕਾਨੂੰਨੀ ਹੁੰਦਾ ਹੈ, ਵਡੇਰੀ ਉਮਰ ਦੇ ਬੰਦਿਆਂ ਵੱਲੋਂ ਵਿੱਦਿਆ ਵਿਚ ਡਿਗਰੀ-ਪ੍ਰਾਪਤੀਆਂ ਤੇ ਉਨਾਂ ਵਿਚਕਾਰ ਸ਼ਾਦੀਆਂ ਆਮ ਘਟਨਾਵਾਂ ਹੁੰਦੀਆਂ ਹਨ, ਤੇ ਲੋਕ ਵਡੇਰੀ ਉਮਰ ਵਿਚ ਵੀ ਸਫ਼ਲਤਾਵਾਂ ਤੇ ਜ਼ਿੰਦਗੀ ਮਾਨਣਾ ਜਾਰੀ ਰੱਖਦੇ ਨੇ।

'ਗ਼ੁਲਾਮ-ਮਾਨਸਿਕਤਾ' ਦੇ ਵਡੇਰੀ ਉਮਰ, ਜਾਂ ਬੁੱਢਾਪੇ, ਪ੍ਰਤੀ ਨਾਂਹ-ਵਾਚਕ ਰਵੱਈਏ ਨੂੰ ਥਾਪੀ ਦਿੰਦਾ ਇਕ ਹੋਰ ਕਾਵਿ-ਟੋਟਾ ਪੇਸ਼ ਹੈ:

*ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ*
*ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ*

ਭਾਵ:(ਹੁਣ) ਬੁੱਢਾ ਹੋ ਗਿਆ ਹੈ, ਸਰੀਰ ਕੰਬਣ ਲੱਗ ਪਿਆ ਹੈ; ਜੇ ਸੌ ਵਰ੍ਹੇ ਵੀ ਜੀਊਣਾ ਮਿਲ ਜਾਏ, ਤਾਂ ਭੀ (ਅੰਤ ਨੂੰ) ਸਰੀਰ ਮਿੱਟੀ ਹੀ ਹੋ ਜਾਇਗਾ।

ਜਾਗੀਰੂ ਯੁੱਗ ਵਿਚ ਜੰਮੀ ਪਲੀ ਗ਼ੁਲਾਮੀ, ਤੇ ਇਸ ਅਨੁਸਾਰ 'ਗ਼ੁਲਾਮ-ਮਾਨਸਿਕਤਾ', ਦਾ ਮਿੱਟੀ ਨਾਲ ਦੋਹਰਾ (dual) ਰਿਸ਼ਤਾ ਹੁੰਦਾ ਹੈ। ਜਿਵੇਂ ਉਕਤ ਕਾਵਿ-ਟੋਟੇ ਵਿਚ, ਇਕ ਹੱਥ ਮਿੱਟੀ ਨਿਕਾਰੀ ਜਾਂਦੀ ਕਿਉਂਕਿ 'ਮਾਲਕ' ਦੇ ਚਰਨਾਂ ਦੀ ਧੂੜ, ਯਾਨਿ ਮਿੱਟੀ, ਹੁੰਦਾ ਹੈ ਗ਼ੁਲਾਮ ਤੇ ਉਹਦਾ ਸਮਾਜ ਵਿਚ ਸਥਾਨ ਵੀ ਮਿੱਟੀ (ਭੁੰਜੇ) ਜਿੰਨਾ ਨੀਵਾਂ ਹੁੰਦਾ ਹੈ। ਪਰ ਦੂਸਰੇ ਹੱਥ, ਮਿੱਟੀ ਦੀ ਕਦਰ ਹੈ ਕਿਉਂਕਿ ਜਾਗੀਰੂ ਯੁੱਗ ਦੀਆਂ ਮੁੱਖ ਜਿਨਸਾਂ, ਅੰਨ, ਸਬਜ਼ੀਆਂ, ਫ਼ਲ, ਕਪਾਹ ਆਦਿ ਮਿੱਟੀ ਵਿਚੋਂ ਹੀ ਉੱਗਦੇ ਨੇ; ਮਿਸਾਲ ਵਜੋਂ ਪੰਜਾਬੋਂ ਬਾਹਰ ਗਏ ਪੰਜਾਬੀਆਂ, ਖਾਸਕਰ ਸਾਹਿਤਕਾਰਾਂ, ਨੂੰ ਦੁਨੀਆਂ ਦੇ ਕਿਸੇ ਵੀ ਹਿੱਸੇ 'ਚੋਂ ਪੰਜਾਬ ਦੀ ਮਿੱਟੀ ਦੀ 'ਮਹਿਕ' ਆਉਂਦੀ ਰਹਿੰਦੀ ਹੈ। ਮਿੱਟੀ ਬਾਰੇ ਦੋਹਰੇ ਰਵੱਈਏ ਇਸ ਪਾਸਿਓਂ ਵੇਖਦਿਆਂ, ਫਰੀਦ ਜੀ ਲਿਖਦੇ ਨੇ:

*ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ*
*ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ*

ਭਾਵ: ਹੇ ਫਰੀਦ! ਮਿੱਟੀ ਨੂੰ ਮਾੜਾ ਨਹੀਂ ਆਖਣਾ ਚਾਹੀਦਾ, ਮਿੱਟੀ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।(ਮਨੁੱਖ ਦੇ) ਜੀਂਦੇ-ਜੀਅ ਇਹ ਉਹਦੇ ਪੈਰਾਂ ਹੇਠ ਹੁੰਦੀ ਹੈ, (ਪਰ ਮਨੁੱਖ ਦੇ) ਮਰਿਆਂ ਉਸ ਦੇ ਉੱਤੇ ਹੋ ਜਾਂਦੀ ਹੈ।

ਵਿਦਵਾਨਾਂ ਅਨੁਸਾਰ, ਉਕਤ ਕਾਵਿ-ਟੋਟੇ ਨੂੰ ਬਿੰਬਾਂ ਵਿਚ ਪੜ੍ਹਿਆਂ, ਇਹਦਾ ਇਹ ਮਤਲਬ ਵੀ ਕੱਢਿਆ ਜਾ ਸਕਦਾ ਹੈ: 'ਗ਼ਰੀਬ' ਦੀ ਰੀਸ ਨਹੀਂ ਹੋ ਸਕਦੀ, 'ਗ਼ਰੀਬ' ਬੰਦਾ ਜ਼ਿੰਦਗੀ ਵਿਚ ਭਾਵੇਂ ਸਭ ਦੀ ਵਧੀਕੀ ਸਹਾਰਦਾ ਹੈ, ਪਰ ਮਨ ਨੂੰ ਮਾਰਨ ਕਰਕੇ ਆਤਮਕ ਅਵਸਥਾ ਵਿਚ ਉਹ ਸਭ ਤੋਂ ਉੱਚਾ ਹੁੰਦਾ ਹੈ। ਮਨ ਨੂੰ ਮਾਰਨ, ਯਾਨਿ ਅੰਦਰੂਨੀ ਜ਼ੁਲਮ (ਸਵੈ-ਦਮਨ), 'ਗ਼ੁਲਾਮ-ਮਾਨਸਿਕਤਾ' ਦੇ ਉਕਤ ਵਰਨਿਤ ਲੱਛਣ, ਦੀ ਸਿੱਧੀ ਹਿਮਾਇਤ ਕਰਦਾ ਹੈ, ਉਕਤ ਕਾਵਿ-ਟੋਟਾ। ਇਸ ਤਰ੍ਹਾਂ ਸਮੁੱਚੇ

ਤੌਰ 'ਤੇ, ਮਿੱਟੀ ਪ੍ਰਤੀ 'ਗ਼ੁਲਾਮ-ਮਾਨਸਿਕਤਾ' ਦਾ ਦੋਹਰਾ ਰਵੱਈਆ ਦੋਨਾਂ ਪਾਸੇ ਗ਼ੁਲਾਮੀ ਦੀ ਹਿਮਾਇਤ ਕਰ ਜਾਂਦਾ ਹੈ, ਫਰੀਦ-ਕਾਵਿ ਵਿਚ।

**ਵਿਅਕਤੀਆਂ ਦੇ ਵਸਤੂਕਰਨ ਨੂੰ ਸਵੀਕਾਰਨਾ**

ਇਸ ਲੇਖ ਦੇ ਸ਼ੁਰੂ ਵਿਚ ਗ਼ੁਲਾਮੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿਚ ਜ਼ਿਕਰ ਕੀਤਾ ਗਿਆ ਹੈ "ਵਿਅਕਤੀਆਂ ਦੇ ਵਸਤੂਕਰਨ ਨੂੰ ਸਵੀਕਾਰਨਾ" ਦਾ। ਮਿਸਾਲ ਵਜੋਂ ਜੇ ਮਾਲਕ, ਜਾਂ ਕੋਈ ਵੀ, ਗ਼ੁਲਾਮ ਕੁੜੀ ਨੂੰ ਵਿਸਕੀ ਦੀ ਬੋਤਲ, ਜਾਂ ਗ਼ੁਲਾਮ ਮਰਦ ਨੂੰ 'ਘਾਹ', ਕਹੇ ਤਾਂ ਕੁੜੀ ਤੇ ਮਰਦ ਨੂੰ ਨਹੀਂ, 'ਗ਼ੁਲਾਮ-ਮਾਨਸਿਕਤਾ' ਨੂੰ ਵੀ, ਸਵੀਕਾਰ ਹੋਵੇਗਾ। ਕਾਵਿ-ਮਿਸਾਲ ਵਜੋਂ ਹੇਠਲਾ ਕਾਵਿ-ਟੋਟਾ ਵਿਚਾਰੋ:

*ਫਰੀਦਾ ਥੀਉ ਪਵਾਹੀ ਦਭੁ, ਜੇ ਸਾਂਈ ਲੋੜਹਿ ਸਭੁ*
*ਇਕੁ ਛਿਜਹਿ ਬਿਆ ਲਤਾੜੀਅਹਿ, ਤਾਂ ਸਾਈ ਦੈ ਦਰਿ ਵਾੜੀਅਹਿ*

ਭਾਵ: ਹੇ ਫਰੀਦ! ਤੂੰ ਪਹੇ ਦੀ ਦੱਭ, ਯਾਨਿ ਨਦੀਨ ਘਾਹ, ਵਰਗਾ ਬਣ ਜਾ; ਜੇ ਤੂੰ ਮਾਲਕ ਨੂੰ ਮਿਲਣਾ ਚਾਹੁੰਦਾ। (ਦੱਭ ਦੇ) ਇਕ ਬੂਟੇ ਨੂੰ (ਲੋਕ) ਤੋੜਦੇ ਹਨ, ਤੇ ਕਈ ਹੋਰ ਬੂਟੇ (ਉਨ੍ਹਾਂ ਦੇ ਪੈਰਾਂ ਹੇਠ) ਲਤਾੜੇ ਜਾਂਦੇ ਹਨ; (ਜੇ ਤੂੰ ਇਹੋ ਜਿਹਾ ਸੁਭਾਉ ਬਣਾ ਲਏਂ) ਤਾਂ ਤੂੰ ਮਾਲਕ ਦੇ ਦਰ 'ਤੇ ਕਬੂਲ ਹੋਵੇਂਗਾ।

ਇਸ ਤਰ੍ਹਾਂ, ਉਕਤ ਕਾਵਿ-ਟੋਟੇ ਵਿਚ 'ਗ਼ੁਲਾਮ-ਮਾਨਸਿਕਤਾ' ਬੰਦੇ ਨੂੰ ਮੂਲ ਰੂਪ ਵਿਚ ਕਹਿ ਰਹੀ ਹੈ ਕਿ ਉਹ ਜੇ ਮਾਲਕ ਨੂੰ ਮਿਲਣਾ ਚਾਹੁੰਦਾ ਹੈ ਤਾਂ ਆਪਣਾ ਬਹੁਤਾ ਹਿੱਸਾ ਮਾਲਕ ਨੂੰ ਪੈਰਾਂ ਹੇਠ ਲਿਤਾੜਣ ਦੇਵੇ, ਯਾਨਿ ਮਾਲਕ ਦਾ ਗ਼ੁਲਾਮ ਬਣ ਜਾਵੇ। ਪੰਜਾਬੀ ਕਵਿਤਾ ਵਿਚਲੇ 'ਗ਼ੁਲਾਮ-ਮਾਨਸਿਕਤਾ' ਕਾਵਿ ਵਿਚ ਮਨੁੱਖ ਦਾ ਘਾਹੀਕਰਨ ਹੀ ਨਹੀਂ, ਰੁੱਖੀਕਰਣ ਵੀ ਹੋ ਰਿਹਾ ਹੈ, ਸ਼ੁਰੂ ਤੋਂ ਹੀ, ਯਾਨਿ ਫਰੀਦ-ਕਾਵਿ ਤੋਂ।

**ਗ਼ੁਲਾਮੀ ਦਾ ਬਿੰਬ: ਰੁੱਖ**

ਰੁੱਖ ਆਪਣੀ ਸਥਿਰਤਾ ਤੇ ਜੜ੍ਹਤਾ ਕਰਕੇ ਬੇਵਸ ਤੇ ਕਮਜ਼ੋਰ, ਯਾਨਿ vulnerable, ਹੁੰਦਾ ਹੈ; ਇਸ ਕਰਕੇ ਗ਼ੁਲਾਮ ਦਾ ਉਚਿਤ ਬਿੰਬ ਬਣਾਉਂਦਾ ਹੈ। 'ਰੁੱਖ' ਨੂੰ ਗ਼ੁਲਾਮ ਜਾਂ ਗ਼ੁਲਾਮੀ ਦੇ ਪ੍ਰਤੀਕ ਵਜੋਂ, ਸੁਚੇਤ ਜਾਂ ਅਚੇਤ ਤੌਰ 'ਤੇ, ਵਰਤਣਾ ਪੰਜਾਬੀ ਕਵਿਤਾ ਵਿਚ ਫ਼ਰੀਦ-ਕਾਵਿ ਤੋਂ ਹੀ ਸ਼ੁਰੂ ਹੋ ਜਾਂਦਾ ਹੈ; ਮਿਸਾਲ ਵਜੋਂ ਬਾਬਾ ਫਰੀਦ ਕਹਿੰਦੇ ਨੇ:

*ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ*

ਭਾਵ: ਹੇ ਫਰੀਦ! ਮਾਲਕ ਦੀ ਨੌਕਰੀ/ਬੰਦਗੀ ਕਰ, ਤੇ (ਇਸ ਤਰ੍ਹਾਂ) ਦਿਲ ਦੀ ਭਟਕਣਾ ਦੂਰ ਕਰ। ਫ਼ਕੀਰਾਂ ਨੂੰ (ਤਾਂ) ਰੁੱਖਾਂ ਵਰਗਾ ਜਿਗਰਾ ਕਰਨਾ ਚਾਹੀਦਾ ਹੈ, (ਯਾਨਿ ਸਭ ਕੁੱਛ ਸਹਿਣ ਦਾ ਤੇ ਸ਼ਿਕਾਇਤ ਵਜੋਂ ਕੁਛ ਵੀ ਨਾ ਕਹਿਣ ਦਾ ਜਿਗਰਾ; ਭਾਵੇਂ ਕੋਈ ਫਲ ਤੋੜ/ਲੁੱਟ ਕੇ ਲੈ ਜਾਵੇ, ਚਾਹੇ ਟਾਹਣ ਵੱਢ ਕੇ ਸੁੱਟ ਜਾਵੇ; ਯਾਨਿ ਗ਼ੁਲਾਮ ਦਾ ਜਿਗਰਾ।)

ਇਕ ਹੋਰ ਮਿਸਾਲ ਵਜੋਂ:

*ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ*
*ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ*

ਭਾਵ: (ਦਰਿਆ ਦੇ) ਕੰਢੇ ਉੱਤੇ (ਉੱਗਿਆ ਹੋਇਆ) ਵਿਚਾਰਾ ਰੁੱਖ ਕਿਤਨਾ ਕੁ ਚਿਰ ਧਰਵਾਸ ਬੰਨ੍ਹੇਗਾ? ਹੇ ਫਰੀਦ! ਕੱਚੇ ਭਾਂਡੇ ਵਿਚ ਪਾਣੀ ਕਿਤਨਾ ਕੁ ਚਿਰ ਰੱਖਿਆ ਜਾ ਸਕਦਾ ਹੈ? ਵਿਦਵਾਨ ਇਹਦਾ ਅਰਥ ਵੀ ਕੱਢਦੇ ਨੇ: ਮਨੁੱਖ ਮੌਤ ਦੀ ਨਦੀ ਦੇ ਕੰਢੇ 'ਤੇ ਖਲੋਤਾ ਹੋਇਆ ਹੈ, ਇਸ ਸਰੀਰ ਵਿਚੋਂ ਸੁਆਸ ਮੁੱਕਦੇ ਜਾ ਰਹੇ ਹਨ।

ਇਸੇ ਤਰ੍ਹਾਂ, ਉਕਤ ਕਾਵਿ-ਟੋਟਾ ਮਨੁੱਖ ਦਾ ਨਦੀ (ਮੌਤ ਦੀ) ਕਿਨਾਰੇ ਉੱਗੇ ਹੋਏ ਰੁੱਖ ਵਿਚ ਨੂੰ ਰੁੱਖੀਕਰਨ ਤੇ 'ਕੱਚੇ ਭਾਂਡੇ' ਵਿਚ ਨੂੰ ਵਸਤੂਕਰਨ ਕਰਦਾ ਹੋਇਆ ਆਪਣੇ 'ਗ਼ੁਲਾਮ-ਮਾਨਸਿਕਤਾ' ਕਾਵਿ ਹੋਣ ਦਾ ਸਬੂਤ ਦਿੰਦਾ ਹੈ। ਮਨੁੱਖ ਦਾ ਰੁੱਖੀਕਰਨ ਜਾਂ ਵਸਤੂਕਰਨ ਹੁੰਦਾ ਹੈ ਗ਼ੁਲਾਮੀਕਰਨ ਦੇ ਤੁਲ।

**ਫਰੀਦ-ਕਾਵਿ: ਫੁਟਕਲ**

ਇਸ ਲੇਖ ਦੇ ਅੰਤ ਵਿਚ, ਮੈਂ ਇਕ ਗ਼ਲਤ ਧਾਰਨਾ, ਜੋ ਪਾਠਕ ਸੰਭਵ ਤੌਰ ‘ਤੇ ਬਣਾ ਸਕਦਾ ਹੈ, ਦਾ ਖ਼ੰਡਨ ਕਰਨਾ ਚਾਹੁੰਦਾ ਹਾਂ। ਇਸ ਲੇਖ ਵਿਚ, ਇਕ ਗੱਲ ਜੋ ਮੈਂ ਨਹੀਂ ਕਹਿੰਦਾ ਜਾਂ ਇਕ ਦਾਅਵਾ ਜੋ ਮੈਂ ਨਹੀਂ ਕਰਦਾ, ਉਹ ਇਹ ਹੈ: ਸ਼ੇਖ ਫਰੀਦ ਦੀ ਸਾਰੀ ਕਵਿਤਾ ਹੀ ‘ਗ਼ੁਲਾਮ-ਮਾਨਸਿਕਤਾ’ ਕਾਵਿ ਹੈ। ਭਾਵੇਂ ਅਧਿਆਤਮਵਾਦ ਦੇ ਘੇਰੇ ਵਿਚ ਰਹਿੰਦੀ, ਉਹਦੀ ਕਵਿਤਾ ‘ਇਸ਼ਕ ਹਕੀਕੀ’ ਦੇ ਆਪਣੇ ਧੁਰੇ ਦੁਆਲੇ ਘੁੰਮਦੀ ਰਹਿੰਦੀ ਹੈ, ਫਿਰ ਵੀ ਇਸ ਵਿਚ ਵਿਸ਼ਿਆਂ ਤੇ ਖ਼ਿਆਲਾਂ ਦੀ ਅਮੀਰੀ ਹੈ। ਮਿਸਾਲ ਵਜੋਂ, ਆਓ, ਹੇਠਲੇ ਕਾਵਿ-ਟੋਟੇ ‘ਤੇ ਗ਼ੌਰ ਕਰੀਏ:

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ*
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ*

ਭਾਵ: ਹੇ ਫਰੀਦ! (ਵਰਖਾ ਦੇ ਕਾਰਨ) ਗਲੀ ਵਿਚ ਚਿੱਕੜ ਹੈ, (ਇੱਥੋਂ ਪਿਆਰੇ ਦਾ) ਘਰ ਦੂਰ ਹੈ (ਪਰ) ਪਿਆਰੇ ਨਾਲ (ਮੇਰਾ) ਪਿਆਰ (ਬਹੁਤ) ਹੈ। ਜੇ ਮੈਂ (ਪਿਆਰੇ ਨੂੰ ਮਿਲਣ) ਜਾਵਾਂ ਤਾਂ ਮੇਰੀ ਕੰਬਲੀ ਭਿੱਜਦੀ ਹੈ, ਜੇ (ਵਰਖਾ ਤੇ ਚਿੱਕੜ ਤੋਂ ਡਰਦਾ) ਨਾ ਜਾਵਾਂ ਤਾਂ ਮੇਰਾ ਪਿਆਰ ਟੁੱਟਦਾ ਹੈ।

(ਮੇਰੀ) ਕੰਬਲੀ ਬੇਸ਼ੱਕ ਚੰਗੀ ਤਰ੍ਹਾਂ ਭਿੱਜ ਜਾਏ, ਭਾਵੇਂ ਰੱਬ ਮੀਂਹ ਵਰ੍ਹਾਉਂਦਾ ਰਹੇ, (ਪਰ) ਮੈਂ ਉਨ੍ਹਾਂ ਸੱਜਣਾਂ ਨੂੰ ਜ਼ਰੂਰ ਮਿਲਾਂਗਾ, (ਤਾਕਿ ਕਿਤੇ) ਮੇਰਾ ਪਿਆਰ ਨਾ ਟੁੱਟ ਜਾਏ।

ਫਰੀਦ-ਕਾਵਿ ਦੇ ਵਿਦਵਾਨ ਜਾਣਦੇ ਨੇ ਕਿ ਸਮੁੱਚੇ ਫਰੀਦ-ਕਾਵਿ ਦੇ ਪ੍ਰਸੰਗ ਵਿਚ, ਉਕਤ ਕਾਵਿ-ਟੋਟੇ ਵਿਚਲਾ ‘ਪਿਆਰਾ’ ਫ਼ਕੀਰ ਲਈ ‘ਰੱਬ’ ਜਾਂ ਸਮਾਜ ਵਿਚ ਪਤਨੀ ਲਈ ਉਹਦਾ ‘ਰੱਬ’ ਵਰਗਾ ਪਤੀ ਹੈ। ਇਸ ਪ੍ਰਸੰਗ ਨਾਲੋਂ ਤੋੜ ਕੇ, ਆਮ ਪਾਠਕ ਲਈ ‘ਪਿਆਰਾ’ ਕੋਈ ਵੀ ਹੋ ਸਕਦਾ ਹੈ ਜਿਸ ਨਾਲ ਮੁਹੱਬਤ ਹੋਵੇ। ਇਸ ਹਿਸਾਬ ਨਾਲ, ਉਕਤ ਕਾਵਿ-ਟੋਟਾ ਜ਼ਰੂਰੀ ਨਹੀਂ ਕਿ ਗ਼ੁਲਾਮੀ ਦਾ, ਸਗੋਂ ਸਾਹਸੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਹੈ, ਜੋ ਆਪਣੇ ਆਪ ਵਿਚ ਕੋਈ ਬੁਰੀ ਚੀਜ਼ ਨਹੀਂ, ਜੇ ਮਨੁੱਖੀ ਬਰਾਬਰੀ ‘ਤੇ ਆਧਾਰਤ ਹੋਵੇ। ਉਂਝ ਵੀ, ਇਸ ਤੋਂ ਪਰੇ, ਪ੍ਰਤੀਬੱਧਤਾ ਤੇ ਗ਼ੁਲਾਮੀ ਵਿਚਕਾਰ ਕੋਈ ਅੰਤਰ ਨਹੀਂ ਰਹਿ ਜਾਂਦਾ।

ਇਸ ਤਰ੍ਹਾਂ ਹੀ, ਇਕ ਹੋਰ ਕਾਵਿ-ਟੋਟਾ ਵਿਚਾਰੋ:

*ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ*
*ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ*

ਭਾਵ: ਹੇ ਫਰੀਦ! ਮੌਸਮ ਬਦਲ ਗਿਆ ਹੈ, ਜੰਗਲ (ਦਾ ਬੂਟਾ ਬੂਟਾ) ਹਿੱਲ ਗਿਆ ਹੈ, ਪੱਤਰ ਝੜ ਰਹੇ ਹਨ। (ਜਗਤ ਦੇ) ਚਾਰੇ ਪਾਸੀਂ ਭਾਲੀ ਹੈ, ਸਥਿਰਤਾ ਕਿਤੇ ਵੀ ਨਹੀਂ ਮਿਲੀ। (ਨਾ ਹੀ ਰੁੱਤ ਇਕੋ ਰਹਿ ਸਕਦੀ ਹੈ, ਨਾ ਹੀ ਰੁੱਖਾਂ ਦੇ ਪੱਤਰ ਸਦਾ ਟਿਕੇ ਰਹਿ ਸਕਦੇ ਹਨ)।

ਉਕਤ ਕਾਵਿ-ਟੋਟਾ ਵਿਗਿਆਨਕ ਪਹੁੰਚ ਅਪਣਾਉਂਦਾ ਹੈ: ਪਹਿਲਾਂ ਜੰਗਲ ਤੋਂ ਡੈਟਾ ਇਕੱਤਰ ਕਰਦਾ ਹੈ ਕਿ ਰੁੱਤਾਂ ਬਦਲਦੀਆਂ ਨੇ ਤੇ ਇਸ ਬਦਲੀ ਦਾ ਪ੍ਰਭਾਵ ਜੰਗਲ ਦੀਆਂ ਚੀਜ਼ਾਂ ‘ਤੇ ਪੈਂਦਾ ਹੈ; ਫਿਰ ਹੋਰਨਾਂ ਥਾਵਾਂ ਦਾ ਵੀ ਇਸ ਸੰਬੰਧ ਵਿੱਚ ਨਿਰੀਖਣ ਕਰਦਾ ਹੈ, ਤੇ ਇਸ ਨਤੀਜੇ ਜਾਂ ਪਰਿ-ਸਿਧਾਂਤ, ਯਾਨਿ hypothesis, ‘ਤੇ ਪਹੁੰਚਦਾ ਹੈ ਕਿ ਕੁਦਰਤ ਵਿਚ ਲਗਾਤਾਰ ਹਰ ਥਾਂ ਤਬਦੀਲੀ ਹੋ ਰਹੀ ਹੈ, ਇਕ ਵਿਗਿਆਨਕ ਸੱਚ ਹੈ।

ਇਸ ਤਰ੍ਹਾਂ, ਉਕਤ ਕਾਵਿ-ਟੋਟਾ ਵਿਗਿਆਨਕ ਪਹੁੰਚ ਨਾਲ ਪ੍ਰਨਾਇਆ ਹੋਇਆ ਇਕ ਵਧੀਆ ਖ਼ਿਆਲ ਪੇਸ਼ ਕਰਦਾ ਹੈ। ਫਰੀਦ-ਕਾਵਿ ਦੇ ਵਿਦਵਾਨ ਸਮੁੱਚੇ ਫਰੀਦ-ਕਾਵਿ ਦੇ ਪ੍ਰਸੰਗ ਵਿਚ ਕਹਿ ਸਕਦੇ ਨੇ, ਤੇ ਸ਼ਾਇਦ ਠੀਕ ਤੌਰ ‘ਤੇ, ਕਿ ਇੱਥੇ ਬਿੰਬਕ ਰੂਪ ਵਿਚ ਕਾਵਿ-ਟੋਟਾ ਮਨੁੱਖ ਦੇ ਬੁੱਢਾਪੇ ਤੇ ਮੌਤ ਦੀ ਗੱਲ ਕਰ ਰਿਹਾ ਹੈ।

## ਮੁੱਕਦੀ ਗੱਲ: ਸਿੱਟਾ

ਪੰਜਾਬ ਸਣੇ ਭਾਰਤ ਵਿਚ, ਗ਼ੁਲਾਮੀ ਦੇ ਸਦੀਆਂ ਸਦੀਆਂ ਲੰਬੇ ਦੌਰ ਤੋਂ ਬਾਅਦ ਲੋਕਾਂ ਦੇ ਸੁਭਾਅ, ਚੱਜ-ਆਚਾਰ, ਤੇ ਸੱਭਿਆਚਾਰ ਵਿਚ ਰਚ ਕੇ ਗ਼ੁਲਾਮੀ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦੀ ਆਈ ਹੈ, ਵਿਰਸੇ ਦਾ ਹਿੱਸਾ ਬਣ ਕੇ, ਸਮਾਜਕ ਢਾਂਚੇ ਵਿਚ ਰਸਮੀ, ਯਾਨਿ formal, ਗ਼ੁਲਾਮੀ ਦੇ ਨਾਲ ਨਾਲ ਜਾਂ ਉਸ ਤੋਂ ਬਾਅਦ ਵੀ, 'ਮਾਨਸਿਕ ਗ਼ੁਲਾਮੀ' ਦੇ ਰੂਪ ਵਿਚ। ਇਸ ਪਿਠਭੂਮੀ ਨਾਲ, ਪੰਜਾਬੀ ਕਵਿਤਾ ਵਿਚ 'ਗ਼ੁਲਾਮ ਮਾਨਸਿਕਤਾ' ਕਾਵਿ ਜਾਨਰਾ (genre) ਪੰਜਾਬੀ ਕਵਿਤਾ ਦੇ ਮੁੱਢ-ਕਦੀਮੀ ਕਾਲ ਤੋਂ ਸ਼ਾਮਲ ਰਿਹਾ ਹੈ। ਪੁਰਾਤਨ ਪੰਜਾਬੀ ਕਾਵਿ ਦੇ ਸਮੇਂ ਦੌਰਾਨ ਵੀ ਪੰਜਾਬੀ ਸਣੇ ਭਾਰਤੀ ਸਮਾਜ ਵਿਚ 'ਇਸ਼ਕ ਹਕੀਕੀ' ਗ਼ੁਲਾਮੀ ਮਾਡਲ ਦਾ ਇਕ ਰੂਪ ਲਾਗੂ ਸੀ। ਇਸ ਮਾਡਲ ਦੀ ਉਸ ਸਮੇਂ ਸਰਬ-ਪ੍ਰਵਾਨਗੀ ਕਰਕੇ, ਇਹਦਾ ਵਿਰੋਧ ਕਰਨ ਦੀ ਥਾਂ, ਸ਼ੇਖ ਫਰੀਦ ਨੇ ਇਹਨੂੰ ਆਪਣੀ ਕਵਿਤਾ ਵਿਚ ਅਪਨਾ ਲਿਆ। ਭਾਵੇਂ ਅਧਿਆਤਮਵਾਦ ਦੇ ਘੇਰੇ ਵਿਚ ਰਹਿੰਦੀ, ਉਹਦੀ ਕਵਿਤਾ 'ਇਸ਼ਕ ਹਕੀਕੀ' ਦੇ ਆਪਣੇ ਧੁਰੇ ਦੁਆਲ਼ੇ ਘੁੰਮਦੀ ਰਹਿੰਦੀ ਹੈ, ਫਿਰ ਵੀ ਇਸ ਵਿਚ ਵਿਸ਼ਿਆਂ ਤੇ ਖ਼ਿਆਲਾਂ ਦੀ ਅਮੀਰੀ ਹੈ; ਤੇ ਮੈਂ ਇਹ ਨਹੀਂ ਕਹਿ ਰਿਹਾ ਕਿ ਸ਼ੇਖ ਫਰੀਦ ਦੀ ਸਾਰੀ ਕਵਿਤਾ ਹੀ 'ਗ਼ੁਲਾਮ-ਮਾਨਸਿਕਤਾ' ਕਾਵਿ ਹੈ। ਹਾਲਾਂਕਿ, ਇਹ ਭਰੋਸੇ ਨਾਲ ਕਿਹਾ ਜਾ ਸਕਦਾ ਹੈ: ਪੰਜਾਬੀ ਭਾਸ਼ਾ ਦੇ ਇਤਿਹਾਸ ਵਿਚ, ਸਿਰਫ਼ ਪਹਿਲੇ ਪ੍ਰਮੁੱਖ ਕਵੀ ਦੀ ਹੀ ਨਹੀਂ, ਸ਼ੇਖ ਫਰੀਦ ਜੀ ਨੇ ਪੰਜਾਬੀ ਕਵਿਤਾ ਵਿਚ 'ਗ਼ੁਲਾਮ ਮਾਨਸਿਕਤਾ' ਕਾਵਿ ਦੇ ਪਿਤਾਮਾ ਦੀ ਭੂਮਿਕਾ ਵੀ ਨਿਭਾਈ ਹੈ।000

### ਹਵਾਲੇ


1. ਸੰਤ ਸਿੰਘ ਸੇਖੋਂ, ਪੁਰਾਤਨ ਕਵਿਤਾ ਵਿਚ ਅਨੁਭਵ, ਸਾਹਿਤਿਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970.

2. ਸ਼ੇਖ ਫਰੀਦ ਦੀ ਕਵਿਤਾ ਦੇ ਭਾਵਅਰਥ ਕਰਨ ਲਈ ਹੇਠਲੇ ਹਵਾਲਿਆਂ ਤੋਂ ਮਦਦ ਲਈ ਗਈ ਹੈ:

a) https://www.punjabi-kavita.com/

b) https://www.gurugranthdarpan.net/

3. ਡਾ. ਸੁਖਪਾਲ ਸੰਘੇੜਾ, 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ: ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ', ਪੀਪਲਜ਼ ਫ਼ੋਰਮ, ਪੰਜਾਬ, ਨਵੰਬਰ 2020.

https://likhari.net/madhkaali-punjab-dee-jagritee-lehar-dr-sukhpal-sanghera/



**( Email: dr.sukhpal.sanghera@gmail.com)**

# ਬਲਜੀਤ ਬਾਸੀ: ਸ਼ਬਦ ਝਰੋਖਾ: ਘੂੰਆਂ ਜਿਹਾ

ਛੋਟੇ ਹੁੰਦੇ ਜਦ ਸਕੂਲ ਜਾਂ ਖੂਹ ਵੱਲ ਜਾਣਾ ਤਾਂ ਵਿਚ ਪੈਂਦੇ ਧੁੱਦਲ ਭਰੇ ਰਾਹ ਦੇ ਇਕ ਪਾਸੇ ਕਦੇ ਕਦਾਈਂ ਕੀਪ ਦੀ ਸ਼ਕਲ ਦੀ ਖੁੱਤੀ ਜਿਹੀ ਦਿਖਾਈ ਦੇਣੀ। ਬੱਸ ਫਿਰ ਕੀ ਸੀ, ਸਮਝੋ ਕੁਝ ਘੜੀਆਂ ਲਈ ਸ਼ੁਗਲ ਲੱਭ ਪੈਂਦਾ ਸੀ। ਸਕੂਲ ਜਾਂ ਖੂਹ 'ਤੇ ਜਾਣ ਤੋਂ ਮੈਂ ਅਕਸਰ ਕਤਰਾਉਂਦਾ ਹੀ ਸਾਂ। ਸਕੂਲ ਜਾਂਦਿਆਂ ਨਾਲ ਦਿਆਂ ਰਲ਼ ਕੇ ਅਸੀਂ ਖੁੱਤੀ ਦੇ ਆਲ਼ੇ ਦੁਆਲ਼ੇ ਝੁਰਮਟ ਪਾ ਲੈਣਾ। ਹੋਰ ਵੱਡੇ ਬੇਲੀਆਂ ਤੋਂ ਪਤਾ ਲੱਗ ਚੁੱਕਾ ਸੀ ਕਿ ਇਸ ਖੁੱਤੀ ਦੇ ਹੇਠਾਂ ਇਕ ਭੱਬੂ ਰਹਿੰਦਾ ਹੈ ਜੋ ਬੜਾ ਚਲਾਕ ਤੇ ਫੁਰਤੀਲਾ ਜੀਵ ਹੈ ਤੇ ਇਸ ਨਾਲ ਇਕ ਖੇਡ ਖੇਡੀ ਜਾ ਸਕਦੀ ਹੈ। ਅਸੀਂ ਇਧਰੋਂ ਉਧਰੋਂ ਕੋਈ ਕੀੜੀ ਫੜ ਕੇ ਉਸ ਨੂੰ ਇਸ ਖੁੱਤੀ ਵਿਚ ਸੁੱਟ ਦੇਣਾ ਤੇ ਖੁੱਤੀ ਵੱਲ ਨੂੰ ਮੂੰਹ ਕਰ ਕੇ ਵਰਤੇ ਜਾਣ ਵਾਲੇ ਭਾਣੇ ਦੀ ਉਡੀਕ ਕਰਨ ਲੱਗ ਪੈਣਾ। ਵਿਚਾਰੀ ਕੀੜੀ ਖੁੱਤੀ ਦੇ ਅੰਦਰ ਆਲ਼ੇ ਦੁਆਲ਼ੇ ਤਿਲਮਲਾਉਂਦੀ, ਭੁਆਂਟਣੀਆਂ ਖਾਂਦੀ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੀ। ਪਰ ਜਦ ਹੋਣੀ ਸਿਰ ਤੇ ਮੰਡਲਾਵੇ...। ਬੱਸ ਦੇਖਦੇ ਹੀ ਦੇਖਦੇ ਖੁੱਤੀ ਦੇ ਐਨ ਹੇਠਾਂ ਘਾਤ ਲਾ ਕੇ ਬੈਠਾ ਉਹ ਨਿਕਚੂ ਜੀਵ ਫੁਰਤੀ ਨਾਲ ਨਿਕਲ ਕੇ ਕੀੜੀ 'ਤੇ ਝਪੱਟਾ ਮਾਰ ਕੇ ਇਸ ਨੂੰ ਅੰਦਰ ਵੱਲ ਖਿੱਚ ਲਿਜਾਂਦਾ। ਉਂਝ ਕੀੜੀਆਂ ਖੁਦ ਵੀ ਆਪਣੇ ਸ਼ਿਕਾਰ ਨਾਲ ਅਜਿਹਾ ਵਰਤਾਉ ਹੀ ਕਰਦੀਆਂ ਹਨ। ਇਹ ਨਜ਼ਾਰਾ ਤੱਕ ਅਸੀਂ ਤਾੜੀਆਂ ਮਾਰਨ ਲੱਗਦੇ, ਸਾਡਾ ਜੀਅ ਪਰਚਾਵਾ ਹੋ ਜਾਂਦਾ ਸੀ ਤੇ ਸਮਝਦੇ ਕਿ ਸਾਡਾ ਦਿਨ ਸਕਾਰਥੇ ਲੱਗ ਗਿਆ। ਅਸੀਂ ਲਾਗੇ ਕਿਸੇ ਦਰਖਤ ਹੇਠਾਂ ਬੈਠ ਕੇ ਡੱਬੇ ਖੋਲ੍ਹ ਕੇ ਚੂਰੀਆਂ, ਪਰੌਂਠੇ ਖਾਣ ਲੱਗਦੇ। ਇਸ ਚਲਾਕ ਚੀਂਟੀਮਾਰ ਜੀਵ ਨੂੰ ਘੂੰਆਂ ਕਿਹਾ ਜਾਂਦਾ ਹੈ। ਮੈਨੂੰ ਨਹੀਂ ਪਤਾ ਅੱਜ ਦੀ ਪੀੜ੍ਹੀ ਨੂੰ ਇਸ ਜਨੌਰ ਬਾਰੇ ਕੋਈ ਗਿਆਨ ਹੈ ਕਿਉਂਕਿ ਘੂੰਆਂ ਰੇਤਲੀ ਜਾਂ ਪੋਲੀ ਜ਼ਮੀਨ ਵਿਚ ਆਪਣਾ ਬਸੇਰਾ ਕਰਦਾ ਹੈ ਅਤੇ ਅੱਜ ਪਾਣੀ ਨਾਲ ਸਰਸ਼ਾਰ ਹੋਈ ਪੰਜਾਬ ਦੀ ਜ਼ਮੀਨ ਉਸ ਪ੍ਰਕਾਰ ਰੇਤਲੀ, ਧੁੱਦਲ਼ ਭਰੀ ਜਾਂ ਪੋਲੀ ਨਹੀਂ ਰਹੀ।

ਅੱਜ ਦੀ ਪੀੜ੍ਹੀ ਨੂੰ ਜੇ ਪੁੱਛੋ ਕਿ ਘੂੰਆਂ ਕੀ ਹੁੰਦਾ ਹੈ ਤਾਂ ਉਹ ਸ਼ਾਇਦ ਦੱਸਣਗੇ ਕਿ ਇਹ ਵਿਸ਼ੇਸ਼ਣ ਚੁੱਪ-ਗੜੁੱਪ, ਮੀਸਣੇ ਬੰਦੇ 'ਤੇ ਲਾਇਆ ਜਾਂਦਾ ਹੈ, ਜੋ ਆਪਣੇ ਚੰਗੇ ਮੰਦੇ ਭਾਵ ਆਪਣੇ ਅੰਦਰ ਹੀ ਰੱਖਦਾ ਹੈ। ਜੀ ਹਾਂ, ਘੂੰਆਂ ਸ਼ਬਦ ਦਾ ਇਹ ਅਰਥ ਘੂੰਆਂ ਜੀਵ ਦੇ ਉਸ ਵਤੀਰੇ ਤੋਂ ਹੀ ਵਿਸਤ੍ਰਿਤ ਹੋਇਆ, ਜਿਸ ਅਨੁਸਾਰ ਉਹ ਖੁੱਤੀਨੁਮਾ ਡੁੱਡ ਦੇ ਅੰਦਰ ਹੀ ਅੰਦਰ ਘੇਸਲ਼ ਮਾਰ ਕੇ ਰਹਿੰਦਾ ਆਪਣੇ ਸ਼ਿਕਾਰ ਨੂੰ ਅਚਾਨਕ ਫੁੰਡ ਲੈਂਦਾ ਹੈ। ਮੇਰਾ ਵਿਚਾਰ ਹੈ ਕਿ ਘੇਸਲ਼ ਸ਼ਬਦ ਵੀ ਘੀਸ ਨਾਂ ਦੇ ਜੀਵ ਦੇ ਅਜਿਹੇ ਵਿਹਾਰ ਤੋਂ ਹੀ ਹੋਇਆ ਹੈ। ਘੂੰਆਂ ਜੀਵ ਦਰਅਸਲ ਰੁਪਾਂਤਰਣ (metamorphosis) ਵਰਤਾਰੇ ਕਾਰਨ ਚਾਰ ਅਵਸਥਾਵਾਂ 'ਚੋਂ ਲੰਘਣ ਵਾਲਾ ਕੀਟ ਹੈ। ਇਹ ਚਾਰ ਅਵਸਥਾਵਾਂ ਜਾਂ ਰੁਪਾਂਤਰ ਹਨ, ਆਂਡਾ, ਲਾਰਵਾ, ਕੋਇਆ ਤੇ ਅੰਤ ਵਿਚ ਖੰਭਾਂ ਵਾਲਾ ਪਤੰਗਾ। ਖੁੱਤੀ ਦੇ ਐਨ ਹੇਠਾਂ ਰਹਿੰਦਾ ਘੂੰਆਂ ਅਸਲ ਵਿਚ ਇਸ ਜੀਵ ਦੀ ਲਾਰਵਾ ਅਵਸਥਾ ਹੈ ਜਿਸ ਲਈ ਮੈਨੂੰ ਸੁੰਡੀ ਜਾਂ ਭੁੰਡੀ ਸ਼ਬਦ ਸੁੱਝੇ ਹਨ। ਰੇਤਲੇ ਇਲਾਕਿਆਂ ਵਿਚ ਇਹ ਸੁੰਡੀ ਰੂਪੀ ਘੂੰਆਂ ਮੇਲ੍ਹਦਾ ਹੋਇਆ ਨੱਸਾ ਭੱਜਾ ਫਿਰਦਾ ਇਕ ਤੋਂ ਬਾਅਦ ਦੂਜੀ ਖੁੱਤੀ ਬਣਾਉਂਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਪੈੜ ਵਜੋਂ ਧਰਾਤਲ 'ਤੇ ਡਾਂਡੇ ਮੀਂਡੇ ਕਾਂ-ਘਰੂੜੇ ਖਿੱਚਦਾ ਜਾਂਦਾ ਹੈ। ਇਨ੍ਹਾਂ ਕਾਂ-ਘਰੂੜਿਆਂ ਦੀ ਸ਼ਕਲ ਕਈ ਵਾਰੀ ਬੜੀ ਕਲਾਤਮਕ ਹੁੰਦੀ ਹੈ। ਇਸੇ ਲਈ ਅੰਗਰੇਜ਼ੀ ਵਿਚ ਇਸ ਘੂੰਏਂ ਲਈ ਇਕ ਸ਼ਬਦ doodlebug ਵੀ ਹੈ (doodle = ਕਾਂ-ਘਰੂੜੇ, bug = ਕੀਟ)। ਇਨ੍ਹਾਂ ਖੁੱਤੀਆਂ ਦੇ ਆਲ਼ੇ ਦੁਆਲ਼ੇ ਫਿਰਦੀਆਂ ਅਣਭੋਲ ਕੀੜੀਆਂ ਜਾਂ ਹੋਰ ਕੀਟ ਅਚਿੰਤੇ ਇਨ੍ਹਾਂ ਖੁੱਤੀਆਂ ਵਿਚ ਜਾ ਪੈਂਦੀਆਂ ਹਨ ਤੇ ਚੁਕੰਨਾ ਹੋਇਆ ਘੂੰਆਂ ਹੇਠੋਂ ਮਿੱਟੀ ਉਪਰ ਨੂੰ ਉਛਾਲਣ ਲੱਗਦਾ ਹੈ। ਇਸ ਤਰ੍ਹਾਂ ਅਣਿਆਈ

ਹੋਣੀ ਨਾਲ ਨਿਸਫ਼ਲ ਜੂਝਦਾ ਸ਼ਿਕਾਰ ਹੇਠਾਂ ਢਹਿ ਪੈਂਦਾ ਹੈ ਤੇ ਘੂੰਆਂ ਇਸ ਨੂੰ ਫੁਰਤੀ ਨਾਲ ਆਪਣੇ ਜਬਾੜਿਆਂ ਵਿਚ ਜਕੜ ਲੈਂਦਾ ਹੈ। ਬੱਸ ਫਿਰ ਕੀ ਹੈ, ਉਹ ਇਸ ਦਾ ਕਚੂਮਰ ਅਧਰਿੜਕੇ ਵਾਂਗ ਪੀਣ ਲਗਦਾ ਹੈ।

ਘੂੰਏਂ ਜੀਵ ਤੇ ਘੂੰਏਂ ਬੰਦਿਆਂ ਦਾ ਪਸਾਰਾ ਵਿਸ਼ਵਵਿਆਪੀ ਹੈ। ਘੂੰਏਂ ਜੀਵ ਦੀਆਂ ਦੋ ਹਜ਼ਾਰ ਕਿਸਮਾਂ ਦੱਸੀਆਂ ਜਾਂਦੀਆ ਹਨ। ਅੰਗਰੇਜ਼ੀ ਵਿਚ ਇਸ ਨੂੰ Antlion ਕਿਹਾ ਜਾਂਦਾ ਹੈ, ਸ਼ਾਇਦ ਇਸ ਲਈ ਕਿ ਇਹ ਕੀੜੀਆਂ ਲਈ ਸ਼ੇਰ ਦੇ ਨਿਆਈਂ ਹੀ ਹੈ। ਸੁੰਡੀ ਦੀ ਅਵਸਥਾ ਵਿਚ ਘੂੰਆਂ ਦੋ ਤਿੰਨ ਸਾਲ ਵਿਚਰਕੇ ਆਪਣੇ ਆਲ਼ੇ ਦੁਆਲ਼ੇ ਕੋਇਆ (cocoon) ਧਾਰਨ ਕਰ ਲੈਂਦਾ ਹੈ ਤੇ ਇਸ ਵਿਚ ਕੁਝ ਸਮਾਂ ਸੁਪਤ ਅਵਸਥਾ ਵਿਚ ਰਹਿੰਦਾ ਹੈ। ਅਚਾਨਕ ਇਕ ਦਿਨ ਇਸ ਦੇ ਖੰਭ ਨਿਕਲ ਆਉਂਦੇ ਹਨ ਤੇ ਇਹ ਪਤੰਗਾ ਬਣ ਕੇ ਫਟਾ ਫਟ ਉਡ ਜਾਂਦਾ ਹੈ। ਨਰ ਘੂੰਆਂ ਮਦੀਨ ਦੀ ਭਾਲ ਵਿਚ ਭਟਕਣ ਲੱਗਦਾ ਹੈ ਤੇ ਮਦੀਨ ਕਿਸੇ ਨਰ ਦੀ ਉਡੀਕ ਕਰਨ ਲੱਗਦੀ ਹੈ। ਮਦੀਨ ਗਰਭਵਤੀ ਹੋ ਕੇ ਡੁੱਡ ਵਿਚ ਆਂਡੇ ਦੇਣ ਲੱਗਦੀ ਹੈ। ਇਸ ਅਵਸਥਾ ਵਿਚ ਦੋਵੇਂ ਨਰ ਤੇ ਮਦੀਨ ਇਕ ਦੋ ਮਹੀਨੇ ਹੀ ਰਹਿ ਕੇ ਪ੍ਰਲੋਕ ਸਿਧਾਰ ਜਾਂਦੇ ਹਨ।

ਪਰ ਸ਼ਬਦ ਘੂੰਆਂ ਇਕਲੌਤੀ ਸੰਤਾਨ ਨਹੀਂ ਹੈ, ਇਸ ਦੇ ਦੋ ਸਕੇ ਭਰਾ ਹੋਰ ਵੀ ਹਨ। ਪਹਿਲਾਂ ਪਹਿਲੇ ਦੀ ਯਾਨੀ 'ਘੁੰਨੇ' ਦੀ ਗੱਲ ਕਰਦੇ ਹਾਂ। ਸੁਭਾਅ ਪੱਖੋਂ ਘੁੰਨਾ ਬੰਦਾ ਵੀ ਘੱਟ ਨਹੀਂ, ਮਤਲਬ ਜਿਸ ਨੇ ਦੇਖ ਕੇ ਵੀ ਕੁਝ ਨਾ ਦੇਖਿਆ ਹੋਵੇ ਤੇ ਸੁਣ ਕੇ ਵੀ ਕੁਝ ਨਾ ਸੁਣਿਆ ਹੋਵੇ, ਅੱਖਾਂ ਬੰਦ ਮੂੰਹ ਬੰਦ ਤੇ ਕੰਨ ਬੰਦ। ਪਰ ਇਸ ਸ਼ਬਦ ਵਿਚ ਇਕ ਘਾਟ ਹੈ ਕਿ ਇਹ ਕਿਸੇ ਜੀਵ ਦਾ ਨਾਂ ਨਹੀਂ ਪ੍ਰਗਟਾਉਂਦਾ, ਮੁੱਖ ਤੌਰ 'ਤੇ ਕਿਸੇ ਬੰਦੇ ਦੀ ਘੂੰਏਂ ਜਿਹੀ ਤਾਰੀਫ਼ ਹੀ ਦਰਸਾਉਂਦਾ ਹੈ, ਪਰ ਬੜੇ ਬਲਪੂਰਬਕ। ਮਸਲਨ ਮਨਜੀਤ ਸਿੰਘ ਬੱਲ ਦੀ ਰਚਨਾ 'ਛੁਟਾਲੇ ਦੀ ਟਰਾਲੀ' ਵਿਚ ਇਹ ਸੰਵਾਦ ਮਿਲਦਾ ਹੈ: ਰੁਲਦੂ ਗਾਲ੍ਹ ਕੱਢ ਕੇ ਬੋਲਿਆ, "ਚੁੱਪ ਕਰ ਓਏ ਮੀਸਣਿਆਂ... ਮੈਨੂੰ ਸਭ ਪਤੈ ਤੂੰ ਕੀ ਕਰਦੈਂ, ਘੁੰਨਾਂ ਜਿਹਾ...।" ਬੋਲਚਾਲ ਵਿਚ ਵੀ ਤੇ ਸਾਹਿਤ ਵਿਚ ਵੀ, ਘੁੰਨਾ ਘੁੰਨਾ ਹੀ ਹੁੰਦੀ ਹੈ, ਘੂੰਆਂ ਘੱਟ ਹੀ ਪ੍ਰਗਟ ਹੁੰਦਾ ਹੈ। ਘੁੰਨੇ ਦੀ ਇਕ ਖਾਸੀਅਤ ਇਹ ਹੈ ਕਿ ਇਹ ਭਾਵੇਂ ਕਿਸੇ ਜੀਵ ਦਾ ਨਾਂ ਨਹੀਂ, ਵਿਅਕਤੀ ਨਾਂ ਵਜੋਂ ਬਥੇਰਾ ਮਿਲਦਾ ਹੈ। ਸ਼ਾਇਦ ਜਿਹੜਾ ਬੱਚਾ ਘੱਟ ਬੋਲਦਾ ਹੋਵੇ ਉਸ ਦਾ ਨਾਂ ਘੁੰਨਾ ਰੱਖਿਆ ਜਾਂਦਾ ਹੈ, ਜਾਂ ਫਿਰ ਚੁੱਪੂ, ਸਾਜ਼ਸ਼ੀ ਵਿਅਕਤੀ ਦੀ ਘੁੰਨਾ ਵਜੋਂ ਛੇੜ ਪਾ ਦਿੱਤੀ ਜਾਦੀ ਹੈ। ਮੈਂ ਬਹੁਤ ਸਾਰੀਆਂ ਪੰਜਾਬੀ ਲਿਖਤਾਂ ਵਿਚ ਘੁੰਨਾ ਸ਼ਬਦ ਦੀ ਵਰਤੋਂ ਦੇਖੀ ਹੈ, ਵਿਸ਼ੇਸ਼ਣ ਵਜੋਂ ਵੀ ਤੇ ਨਾਂ ਵਜੋਂ ਵੀ। ਮਿਸਾਲ ਵਜੋਂ ਬਲਵੰਤ ਗਾਰਗੀ ਦੇ ਨਾਟਕ 'ਪੱਤਣ ਦੀ ਬੇੜੀ', ਗੁਰਦਿਆਲ ਸਿੰਘ, ਪ੍ਰੇਮ ਪ੍ਰਕਾਸ਼ , ਸੁਖਵੰਤ ਕੌਰ ਮਾਨ ਦੀਆਂ ਕਈ ਕਹਾਣੀਆਂ ਵਿਚ। ਗੁਰਦਿੱਤ ਸਿੰਘ ਦੀ 'ਮੇਰਾ ਪਿੰਡ' ਵਿਚ ਇਹ ਸੰਬੋਧਨ ਮਿਲਦਾ ਹੈ, 'ਦੇਖੋ ਓਏ ਘੁੰਨਾਂ ਕਿਵੇਂ ਬਹੂ ਦੇ ਮੂਹਰੇ ਲੱਗ ਕੇ ਮੜਕ ਨਾਲ ਤੁਰਦੈ।' ਪ੍ਰੇਮ ਪ੍ਰਕਾਸ਼ ਨੇ ਤਾਂ ਕਿਤੇ ਕੁਲਵੰਤ ਸਿੰਘ ਵਿਰਕ ਨੂੰ ਘੁੰਨਾ ਹੀ ਗਰਦਾਨ ਦਿੱਤਾ, ਅਖੇ ਉਹ ਆਪਣੇ ਨਿੱਜੀ ਹਾਲਾਤ ਲੁਕੋ ਕੇ ਰੱਖਦਾ ਸੀ। ਨਾਨਕ ਸਿੰਘ ਨੇ ਆਪ ਇੰਕਸ਼ਾਫ਼ ਕੀਤਾ ਹੈ ਕਿ ਉਸਦੇ ਪਰਿਵਾਰ ਵਾਲੇ ਬਚਪਨ ਵਿਚ ਉਸ ਨੂੰ 'ਲੋਲ੍ਹਾ ਘੁੰਨਾ' ਹੀ ਸਮਝਦੇ ਸਨ ਕਿਉਂਕਿ ਉਹ ਆਪਣੀ ਦੁਨੀਆ ਵਿਚ ਹੀ ਰਹਿੰਦਾ ਸੀ। ਘੁੰਨੇ ਦੀ ਇਕ ਹੋਰ ਸਿਫ਼ਤ ਹੈ ਕਿ ਇਸ ਨੇ ਆਪਣੀ ਵਹੁਟੀ ਵੀ ਰੱਖੀ ਹੋਈ ਹੈ, ਮਤਲਬ ਨਾਂਵ ਵਜੋਂ ਘੁੰਨੋਂ ਅਤੇ ਵਿਸ਼ੇਸ਼ਣ ਵਜੋਂ ਘੁੰਨੀਂ। ਸ. ਸੋਜ਼ ਦੀ ਰਚਨਾ 'ਬਾਤ ਇਕ ਬਿਰਖ ਦੀ' ਵਿਚ ਘੁੰਨਾਂ ਇਸਤਰੀ ਪਾਤਰ ਹੈ, "ਅੱਠਵੀਂ ਚੜ੍ਹੀ ਘੁੰਨੋਂ ਸਕੂਲੋਂ ਆ ਗਈ ਹੈ, ਆਪਣਾ ਨੀਲੇ-ਰੰਗਾ ਬਸਤਾ ਉਸ ਆਪਣੀ ਮਾਂ ਨੂੰ ਪਕੜਾ ਦਿੱਤਾ ਹੈ।" ਇਸ ਪੱਖੋਂ ਘੂੰਆਂ ਵਿਚਾਰਾ ਛੜਾ ਹੀ ਰਹਿ ਗਿਆ ਹੈ। ਕਦੇ ਸੁਣਿਆ ਹੈ ਘੂੰਈਂ? ਕੀ ਅਬਲਾਵਾਂ ਘੂੰਈਆਂ ਨਹੀਂ ਹੁੰਦੀਆਂ?

ਘੂੰਆਂ ਸ਼ਬਦ ਦਾ ਤੀਜਾ ਭਰਾ 'ਘੁਣ' ਹੈ, ਪਰ ਘੁੰਨਾ ਤੋਂ ਉਲਟ ਇਹ ਵਿਸ਼ੇਸ਼ਣਵਾਚਕ ਨਹੀਂ ਬਲਕਿ ਸੰਗਿਆਵਾਚਕ ਹੈ। ਕਹਿਣ ਦਾ ਭਾਵ ਘੁਣ ਕਿਸੇ ਵਿਅਕਤੀ ਦੇ ਗੁਣ ਗਾਉਣ ਲਈ ਨਹੀਂ

ਵਰਤਿਆ ਜਾਂਦਾ ਬਲਕਿ ਮਨੁੱਖ ਦਾ ਨੁਕਸਾਨ ਪਹੁੰਚਾਉਣ ਵਾਲੇ ਇਕ ਹੋਰ ਕੀਟ ਦਾ ਨਾਂ ਹੈ ਜੋ ਲੱਕੜੀ ਜਾਂ ਅਨਾਜ ਨੂੰ ਖਾ ਕੇ ਇਸ ਨੂੰ ਖਰਾਬ ਕਰ ਦਿੰਦਾ ਹੈ। ਘੁਣ ਲੱਕੜੀ ਜਾਂ ਅਨਾਜ ਅੰਦਰ ਸੁਰਾਖ ਕਰਕੇ ਅੰਦਰ ਹੀ ਅੰਦਰ ਧਸਦਾ ਜਾਂਦਾ ਹੈ। ਲੱਕੜੀ ਜਾਂ ਕਿਤਾਬ ਵਿਚ ਲੱਗਾ ਘੁਣ ਕਈ ਵਾਰ ਅੱਖਰਾਂ ਦੀ ਸ਼ਕਲ ਦੇ ਪੱਛ ਲਾ ਦਿੰਦਾ ਹੈ, ਇਸ ਕਰਕੇ ਇਸ ਨੂੰ ਸੰਸਕ੍ਰਿਤ ਵਿਚ ਘੁਣਅਕਸ਼ਰ ਕਿਹਾ ਜਾਂਦਾ ਹੈ, ਘੁਣ-ਜਰਜਰ ਦਾ ਮਤਲਬ ਘੁਣ-ਖਾਧਾ ਹੈ। ਕਿਸੇ ਕਿਹਾ ਹੈ, 'ਢੱਠੀਆਂ ਕੰਧਾਂ, ਤਿੜਕੇ ਬਾਲੇ , ਘੁਣ ਘੁਣ ਖਰਦਾ ਦਰਵਾਜਾ, ਸੁਪਨੇ ਦੇ ਵਿਚ ਗਲ਼ ਲੱਗ ਰੋਇਆ ਮੇਰੇ ਘਰ ਦਾ ਦਰਵਾਜਾ। ' ਘੁਣ ਸਿਉਂਕ ਦੀਆਂ ਕੀੜੀਆਂ ਤੋਂ ਵੱਖਰਾ ਹੁੰਦਾ ਹੈ ਜੋ ਸਮੂਹਕ ਤੌਰ ਤੇ ਲੱਕੜੀ 'ਤੇ ਹੱਲਾ ਬੋਲਦੀਆਂ ਹਨ ਤੇ ਇਸ ਦਾ ਸਰਬਨਾਸ ਹੀ ਕਰ ਕੇ ਹਟਦੀਆਂ ਹਨ। 'ਮਹਾਨ ਕੋਸ਼' ਨੇ ਇਸ ਘੁਣ ਸ਼ਬਦ ਨੂੰ ਕਿਰਿਆਵਾਚੀ ਵੀ ਦੱਸਦਿਆਂ ਇਸ ਦਾ ਅਰਥ 'ਘੁੰਮਣਾ, ਫਿਰਨਾ, ਲੌਟਣਾ' ਕੀਤਾ ਹੈ। ਪੰਜਾਬੀ ਵਿਚ ਮੈਂ ਅਜਿਹੇ ਅਰਥਾਂ ਵਿਚ ਘੁਣ ਸ਼ਬਦ ਵਰਤੀਂਦਾ ਕਦੇ ਨਹੀਂ ਸੁਣਿਆ। ਘੁਣ ਸ਼ਬਦ ਉਪਮਾ ਅਤੇ ਰੂਪਕ ਅਲੰਕਾਰਾਂ ਵਜੋਂ ਖੂਬ ਵਰਤਿਆ ਜਾਂਦਾ ਹੈ। ਜਿਵੇਂ ਨਸ਼ੇ ਪੰਜਾਬ ਨੂੰ ਘੁਣ ਵਾਂਗ ਖਾ ਰਹੇ ਹਨ, ਉਸ ਨੂੰ ਗ਼ਮ ਦਾ ਘੁਣ ਲੱਗਾ ਹੋਇਆ ਹੈ, ਬਲੱਡ ਪਰੈਸ਼ਰ ਇਕ ਘੁਣ ਹੈ ਜਿਸ ਨਾਲ ਦਿਲ ਦੀਆਂ ਮਾਰੂ ਬੀਮਾਰੀਆਂ ਹੁੰਦੀਆਂ ਹਨ, ਕਰਜ਼ੇ ਕਿਸਾਨ ਨੂੰ ਘੁਣ ਵਾਂਗ ਖਾ ਜਾਂਦੇ ਹਨ, ਉਹ ਬੜਾ ਹੁਸ਼ਿਆਰ, ਚਲਾਕ ਹੈ, ਉਹ ਇਕ ਘੁਣ ਹੈ ਆਦਿ। ਘੁਣ ਸ਼ਬਦ ਕੁਝ ਇਕ ਮੁਹਾਵਰਿਆਂ ਅਤੇ ਅਖਾਣਾਂ ਵਿਚ ਵੀ ਵਰਤਿਆ ਜਾਂਦਾ ਹੈ ਜਿਵੇਂ ਘੁਣ ਲੱਗਣਾ; ਲੱਕੜੀ ਦੇ ਨਾਲ ਘੁਣ ਵੀ ਪਿਸ ਜਾਂਦਾ ਹੈ; ਜੱਟ ਕੀ ਜਾਣੇ ਗੁਣ ਨੂੰ, ਲੋਹਾ ਕੀ ਜਾਣੇ ਘੁਣ ਨੂੰ। ਲਹਿੰਦੀ ਦਾ ਅਖਾਣ ਹੈ, 'ਜੀਕੂੰ ਚਣਿਆਂ ਕੂੰ ਢੋਰਾ ਤੇ ਗੰਦਮ ਕੂੰ ਘੁਣ, ਤਿਵੇਂ ਬੰਦੇ ਕੂੰ ਝੋਰਾ'। ਘੁਣ ਖਾਧਾ ਅਨਾਜ ਵੀ ਹੋ ਸਕਦਾ ਹੈ ਤੇ ਗ਼ਮਾਂ ਆਦਿ ਦਾ ਮਾਰਿਆ ਬੰਦਾ ਵੀ। ਹੋਰ ਸੁਣੋ, 'ਬਾਪੂ ਮੇਰਾ ਸੱਤਰ ਸਾਲ ਦਾ ਘੁਣ ਖਾਧਾ ਮੁੱਢ ਪੁਰਾਣਾ'। ਜ਼ਨਾਨੀਆਂ ਤੋਂ ਤੌਬਾ ਕਰਦੇ ਜੋਗੀਆਂ ਦੇ ਬਚਨ ਹਨ,

*ਮਾਉਂ ਕਹੇ ਪੁੱਤ ਵਿਆਹਿਆ*
*ਦਾਮ ਕਾਢ ਬਾਘਣ ਘਰ ਲੈ ਆਇਆ*
*ਗੀਲੀ ਲੱਕੜੀ ਘੁਣ ਲਗਾਇਆ*

ਹੁਣ ਇਨ੍ਹਾਂ ਤਿੰਨਾਂ ਸਕੇ ਭਰਾ ਲਗਦੇ ਸ਼ਬਦਾਂ ਦੇ ਜਨਮਦਾਤਾ ਧਾਤੂ ਦੀ ਗੱਲ ਕਰ ਲਈਏ। ਮੋਨੀਅਰ ਵਿਲੀਅਮ ਦੇ ਸੰਸਕ੍ਰਿਤ ਅੰਗਰੇਜ਼ੀ ਕੋਸ਼ ਅਨੁਸਾਰ ਇਸ ਦਾ ਧਾਤੂ ਵੀ ਘੁਣ ਹੀ ਹੈ ਜਿਸ ਵਿਚ ਘੁੰਮਣਾ, ਭ੍ਰਮਣ ਕਰਨਾ ਦੇ ਭਾਵ ਹਨ। ਜਦ 'ਮਹਾਨ ਕੋਸ਼' ਘੁਣ ਸ਼ਬਦ ਦਾ ਅਰਥ ਘੁੰਮਣਾ, ਫਿਰਨਾ ਆਦਿ ਦੱਸਦਾ ਹੈ ਤਾਂ ਦਰਅਸਲ ਉਹ ਇਸ ਦੇ ਧਾਤੂ ਵਿਚਲੇ ਭਾਵ ਵੱਲ ਸੰਕੇਤ ਕਰ ਰਿਹਾ ਹੈ ਪਰ ਗਲਤ ਥਾਂ 'ਤੇ। ਅਰਵਿੰਦ ਵਿਆਸ ਨੇ ਇਸ ਦੇ ਕਿਸੇ ਸੰਸਕ੍ਰਿਤ ਸ੍ਰੋਤ ਵਿਚ ਦਰਜ ਘੁਣ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ: ਘੁਣ ਅਥਵਾ ਘੁਨ ਲਕੜੀ ਜਾਂ ਅਨਾਜ ਵਿਚ ਲੱਗਣ ਵਾਲਾ ਇਕ ਕੀੜਾ ਹੈ ਜੋ ਕਿ ਭੀਤਰ ਘੁੰਮ ਘੁੰਮ ਕੇ ਅਤੇ ਖਾ ਖਾ ਕੇ ਇਨ੍ਹਾਂ ਨੂੰ ਜਰਜਰਾ ਕਰ ਦਿੰਦਾ ਹੈ। ਇਸ ਪ੍ਰਕਾਰ ਦਾ ਅੰਨ ਘੁਣਿਆਂ ਹੋਇਆ ਅੰਨ ਹੈ ਜਿਸ ਨੂੰ ਵਿਸ਼ੇਸ਼ਣ ਰੂਪ ਵਿਚ ਘੁੰਨਾ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਘੁੰਨੇ ਵਿਅਕਤੀ ਨੂੰ ਉਸ ਦੇ ਵਿਚਾਰ ਅਤੇ ਚਿੰਤਾਵਾਂ ਅੰਦਰ ਹੀ ਅੰਦਰ ਖਾ ਕੇ ਖੋਖਲਾ ਕਰ ਦਿੰਦੀਆਂ ਹਨ ਕਿਉਂਕਿ ਉਹ ਆਪਣੀਆਂ ਚਿੰਤਾਵਾਂ ਨੂੰ ਅਭਿਵਿਅਕਤ ਨਹੀਂ ਕਰ ਸਕਦੇ। ਘੁਣ ਦੀ ਤਰ੍ਹਾਂ ਉਸ ਦੇ ਵਿਚਾਰ ਘੁੰਮ ਘੁੰਮ ਕੇ ਉਸ ਨੂੰ ਖਾਂਦੇ ਰਹਿੰਦੇ ਹਨ।

ਲਿਲੀ ਟਰਨਰ ਨੇ ਆਪਣੇ ਭਾਰੋਪੀ ਭਾਸ਼ਾਵਾਂ ਦੇ ਕੋਸ਼ ਵਿਚ ਸੰਕੇਤ ਕੀਤਾ ਹੈ ਕਿ ਘੁਣ ਦਰਾਵੜੀ ਮੂਲ਼ ਦਾ ਸ਼ਬਦ ਹੋ ਸਕਦਾ ਹੈ ਤੇ ਅੱਗੇ ਇਸ ਦੇ ਧਾਤੂ ਨੂੰ ਵੀ ਦਰਾਵੜੀ ਪਿਛੋਕੜ ਦਾ ਹੋਣ ਦੀ ਸ਼ੰਕਾ ਜ਼ਾਹਰ ਕੀਤੀ ਹੈ। ਇਹ ਲੰਬਾ ਚੌੜਾ ਵਿਸ਼ਾ ਹੈ, ਫਿਰ ਕਦੇ। 000

***(1203 Cosmic Drive, Durham NC 27703 USA***
***Email: baljit_basi@yahoo.com)***

# ਆਗ਼ਾਜ਼ਬੀਰ: ਫੋ ਮੋ ਬਾਰੇ ਸੁਕੀਰਤ ਨੂੰ ਕੁਝ ਸਵਾਲ

**ਸੁਕੀਰਤ ਜੀ, ਫੋ ਮੋ ਕਹਾਣੀ ਵਿਚ ਬਲਕਾਰ ਸਿੰਘ ਸੇਠੀ ਨਾਮ ਦਾ ਕਹਾਣੀਕਾਰ ਫੇਸਬੁੱਕ ਵਿਚ ਬੁਰੀ ਤਰ੍ਹਾਂ ਉਲਝਿਆ ਪਿਐ। ਉਹ ਭੂਤਕਾਲ ਵਿਚ ਪੰਜਾਬ ਦਾ ਵੱਡਾ ਕਹਾਣੀਕਾਰ ਸੀ। ਕੁਝ ਕੁ ਪਾਠਕ ਸਮਝ ਰਹੇ ਨੇ, ਤੁਸੀਂ ਅਸਲ ਵਿਚ ਜਿਉਂਦੇ ਜਾਗਦੇ ਵੱਡੇ ਕਹਾਣੀਕਾਰ ਬਾਰੇ ਲਿਖਿਆ ਜਿਸਨੂੰ ਤੁਸੀਂ ਡੀਕੋਡ ਕੀਤਾ ਤਾਂ ਕਿ ਪਾਠਕਾਂ ਨੂੰ ਪਤਾ ਨਾ ਲੱਗੇ। ਇਹ ਕਹਾਣੀ ਵਿਚ ਸਹਿਜ ਸੁਭਾਅ ਹੀ ਆ ਗਿਆ ਕਿ ਮਿੱਥ ਕੇ?**

-ਜਿਵੇਂ ਕਿ ਤੁਹਾਨੂੰ ਪਤਾ ਹੈ ਕਿ ਭਗਵੰਤ ਰਸੂਲਪੁਰੀ ਨੇ ਜੁਲਾਈ-ਅਕਤੂਬਰ ਦਾ 'ਕਹਾਣੀ ਧਾਰਾ' ਦਾ ਅੰਕ ਏਸੇ ਵਿਸ਼ੇ 'ਤੇ ਕੱਢਿਆ ਸੀ ਕਿ ਲੇਖਕ ਆਪਣੇ ਪਾਤਰਾਂ ਨੂੰ ਕਿੱਥੋਂ ਲੈਂਦੇ ਨੇ ਅਤੇ ਉਹ ਕਿੰਨੇ ਕੁ ਅਸਲੀ ਜਾਂ ਨਕਲੀ ਹੁੰਦੇ ਹਨ। ਭਗਵੰਤ ਨੇ ਮੈਨੂੰ ਵੀ ਉਸ ਅੰਕ ਲਈ ਲਿਖਣ ਵਾਸਤੇ ਕਿਹਾ ਸੀ ਤੇ ਉਹਦੇ ਵਿਚ ਛਪੇ ਆਪਣੇ ਲੇਖ ਦੀਆਂ ਆਖਰੀ ਸਤਰਾਂ ਨਾਲ ਮੈਂ ਤੁਹਾਡੇ ਸਵਾਲ ਦਾ ਜਵਾਬ ਦੇਣਾ ਸ਼ੁਰੂ ਕਰਦਾ ਹਾਂ। ਦਰਅਸਲ ਇਨ੍ਹਾਂ ਸਤਰਾਂ ਵਿਚ ਕਈ ਉੱਠ ਰਹੇ ਸਵਾਲਾਂ ਦੇ ਜਵਾਬ ਸ਼ਾਮਲ ਹਨ।

ਮੈਂ ਲਿਖਿਆ ਸੀ: *'ਜਦੋਂ ਤਕ 'ਕਹਾਣੀ ਧਾਰਾ' ਵਿਚ ਇਹ ਲੇਖ ਛਪੇਗਾ, ਨਾਲ ਹੀ 'ਸਿਰਜਣਾ' ਦੇ ਤਾਜ਼ਾ ਅੰਕ ਵਿਚ ਮੇਰੀ ਕਹਾਣੀ 'ਫੋ ਮੋ' ਵੀ ਛਪ ਚੁੱਕੀ ਹੋਵੇਗੀ। ਮੇਰੀਆਂ ਬਾਕੀ ਕਹਾਣੀਆਂ ਵਾਂਗ ਉਹ ਵੀ ਇਕ ਖ਼ਿਆਲ 'ਤੇ ਆਧਾਰਤ ਹੈ ਜੋ ਪਿਛਲੇ ਕਈ ਸਾਲਾਂ ਤੋਂ ਮੈਨੂੰ ਬੇਆਰਾਮ ਕਰਦਾ ਆ ਰਿਹਾ ਹੈ। ਹੁਣ ਜਦੋਂ ਉਹ ਖ਼ਿਆਲ ਕਹਾਣੀ ਵਿਚ ਢਲਿਆ ਹੈ ਤਾਂ ਉਸ ਨੂੰ ਪੜ੍ਹਦਿਆਂ ਸ਼ਾਇਦ ਤੁਹਾਡੇ ਵਿਚੋਂ ਕਈਆਂ ਨੂੰ ਆਪਣੇ ਅੰਦਰ ਝਾਤ ਮਾਰਨ ਦਾ ਮੌਕਾ ਵੀ ਮਿਲੇ, ਕਿਸੇ ਕਿਸੇ ਥਾਂ ਆਪਣੇ ਹੀ ਕਿਰਦਾਰ ਦਾ ਝਾਉਲ਼ਾ ਵੀ ਪਵੇ। ਹਰ ਕਹਾਣੀਕਾਰ ਆਪਣੀਆਂ ਕਹਾਣੀਆਂ - ਸਿਵਾਏ ਫੰਤਾਸੀ ਵਿਧੀ ਵਿਚ ਲਿਖੀਆਂ ਕਹਾਣੀਆਂ ਦੇ - ਲਈ ਪਾਤਰ ਆਪਣੇ ਆਲ਼-ਦੁਆਲ਼ ਦੀ ਜ਼ਿੰਦਗੀ ਵਿਚੋਂ ਹੀ ਲੈਂਦਾ ਹੈ, ਕਿਉਂਕਿ ਨਿਰੋਲ ਕਾਲਪਨਿਕ ਕੁਝ ਵੀ ਨਹੀਂ ਹੁੰਦਾ।'*

ਤੁਸੀਂ ਇੱਥੇ ਰਤਾ ਇਸ ਗੱਲ ਵੱਲ ਧਿਆਨ ਦਿਓ ਕਿ ਮੈਂ ਨਾਲ ਹੀ ਇਹ ਵੀ ਕਿਹਾ ਕਿ ਸ਼ਾਇਦ ਇਸ ਕਹਾਣੀ ਰਾਹੀਂ ਤੁਹਾਡੇ ਵਿਚੋਂ ਕਈਆਂ ਨੂੰ ਆਪਣੇ ਅੰਦਰ ਝਾਤ ਮਾਰਨ ਦਾ ਮੌਕਾ ਵੀ ਮਿਲੇ। ਦਰਅਸਲ ਗੱਲ ਇਹ ਹੈ ਕਿ ਜਿਸ ਖ਼ਿਆਲ ਉੱਤੇ ਇਹ ਕਹਾਣੀ ਆਧਾਰਤ ਹੈ, ਲੇਖਕਾਂ ਅੰਦਰ ਜਿਸ ਕਿਸਮ ਦਾ ਸੋਸ਼ਲ ਮੀਡੀਆ ਦੇ ਨਾਲ ਬਿਮਾਰੀ ਦੀ ਹੱਦ ਤਕ ਦਾ ਚੰਬੜੇਵਾਂ ਇਸ ਵੇਲ਼ੇ ਨਜ਼ਰ ਆ ਰਿਹਾ ਹੈ, ਉਸ ਵਿਚ ਛੋਟੇ ਵੱਡੇ, ਨਿੱਕੇ ਮੋਟੇ ਹਰ ਕਿਸਮ ਦੇ ਅਦਬੀ ਲੋਕ ਸ਼ਾਮਿਲ ਨੇ। ਇਸ ਲਈ ਇਹ ਕਹਿਣਾ ਕਿ ਇਹ ਕਿਸੇ ਖ਼ਾਸ ਬੰਦੇ ਵੱਲ ਇਸ਼ਾਰਾ ਹੈ, ਸਹੀ ਨਹੀਂ ਹੈ। ਇਹ ਇਸ਼ਾਰਾ ਉਨ੍ਹਾਂ ਸਾਰਿਆਂ ਵੱਲ ਹੈ ਜਿਹੜੇ ਹੁਣ ਤਕਰੀਬਨ ਫੇਸਬੁਕਿਸਤਾਨ ਦੇ ਨਿਵਾਸੀ ਬਣ ਚੁੱਕੇ ਨੇ, ਜਿਨ੍ਹਾਂ ਦਾ ਸੂਰਜ ਵੀ ਸਕਰੀਨ 'ਤੇ ਚੜ੍ਹਦਾ ਹੈ ਤੇ ਸ਼ਾਮ ਵੀ ਉੱਥੇ ਹੀ ਪੈਂਦੀ ਹੈ, ਤੇ ਦਿਨ ਸਾਰਾ ਆਪਣੀ ਲਾਈਕਾਂ ਤੇ ਕਮੈਂਟਸ ਗਿਣਨ ਵਿਚ ਬੀਤਦਾ ਹੈ।

**ਸੁਕੀਰਤ ਜੀ, ਤੁਸੀਂ ਕਹਾਣੀ ਵਿਚ ਗੁਣਮੀਤ ਪਾਤਰ ਰਾਹੀਂ ਦੱਸਿਆ ਕਿ ਲੇਖਕ ਤਾਬੜ ਤੋੜ ਪੋਸਟਾਂ ਫੇਸਬੁੱਕ 'ਤੇ ਪਾ ਪਾ ਕੇ ਕਮਜ਼ੋਰ ਕਹਾਣੀ ਨੂੰ ਵੀ ਸ਼ਾਹਕਾਰ ਕਰ ਲੈਂਦੇ ਨੇ? ਅਜਿਹਾ ਹੁੰਦੈ!!! ਜੇ ਹੁੰਦਾ ਤਾਂ ਤੁਹਾਡੀ ਨਜ਼ਰ ਵਿਚ ਜੋ ਕਹਾਣੀਆਂ ਜਾਂ ਕਿਤਾਬਾਂ ਇੰਝ ਹੋ ਗਈਆ ਤਾਂ ਪਰਦਾ ਚੁੱਕ ਦੇਣਾ ਚਾਹੀਦਾ ਹੈ। ਪੂਰੇ ਜਗਤ ਨੂੰ ਪਤਾ ਲੱਗੇ।**

-ਮੇਰਾ ਨਹੀਂ ਖਿਆਲ ਕਿ ਮੈਂ ਗੁਣਮੀਤ ਪਾਤਰ ਰਾਹੀਂ ਇਹ ਗੱਲ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਤਾਬੜਤੋੜ ਪੋਸਟਾਂ ਪਾ ਕੇ ਕਮਜ਼ੋਰ ਕਹਾਣੀ ਸ਼ਾਹਕਾਰ ਬਣ ਜਾਂਦੀ ਹੈ। ਮੈਂ ਤਾਂ ਇਕ ਵਰਤਾਰੇ ਵੱਲ ਇਸ਼ਾਰਾ ਕੀਤਾ ਹੈ ਅਤੇ ਇਸ ਵਰਤਾਰੇ ਦੀ ਸਮਝ ਸਭ ਨੂੰ ਹੈ, ਉਨ੍ਹਾਂ ਨੂੰ ਵੀ ਜੋ ਆਪ ਇਸ ਵਰਤਾਰੇ

ਦਾ ਹਿੱਸਾ ਹਨ। ਭਾਵੇਂ ਆਪਣੀਆਂ ਪਾਈਆਂ ਹੋਣ ਤੇ ਭਾਵੇਂ ਕਿਸੇ ਹੋਰ ਕੋਲ਼ੋਂ ਲਿਖਵਾਈਆਂ ਹੋਣ – ਇਹੋ ਜਿਹੀਆਂ ਪੋਸਟਾਂ ਲਗਾਤਾਰ ਪਾਈ ਜਾਣ ਨਾਲ ਕਿਸੇ ਕਹਾਣੀ ਜਾਂ ਕਿਤਾਬ ਦੀ ਚਰਚਾ ਕੁਝ ਚਿਰ ਲਈ ਤਾਂ ਹੋ ਸਕਦੀ ਹੈ, ਪਰ ਉਹ ਸ਼ਾਹਕਾਰ ਬਣ ਜਾਵੇ, ਇਹ ਮੰਨਣ ਤੋਂ ਮੈਂ ਇਨਕਾਰੀ ਹਾਂ। ਕਿਸੇ ਵੀ ਰਚਨਾ ਦੇ ਸ਼ਾਹਕਾਰ ਬਣਨ ਦਾ ਫੈਸਲਾ ਸਮਾਂ ਕਰਦਾ ਹੈ, ਫੇਸਬੁੱਕ ਉੱਤੇ ਆਣ, ਜਾਂ ਲਿਆਇਆ ਜਾਣ ਵਾਲਾ ਵਕਤੀ ਉਬਾਲ਼ ਨਹੀਂ।

**ਗੁਣਮੀਤ (ਕਹਾਣੀਕਾਰ ਦਾ ਬੇਟਾ) ਸਾਹਿਤ ਵਿਚ ਰੁਚੀ ਰੱਖਦਾ ਹੈ ਜਾਂ ਨਹੀਂ, ਇਸ ਬਾਰੇ ਤੁਹਾਡੀ ਕਹਾਣੀ ਵਿਚ ਕਿਤੇ ਵੀ ਜ਼ਿਕਰ ਨਹੀਂ। ਫ਼ਿਲਹਾਲ ਮਸਲਾ ਇਹ ਹੈ ਕਿ ਉਹ ਇਕ ਥਾਂ ਕਹਾਣੀ ਵਿਚ ਆਖਦਾ, ਪਾਪਾ ਜੀ ਪਹਿਲੇ ਵਾਲ਼ੇ ਪੱਧਰ ਦੇ ਮੇਚ ਦੇ ਨਹੀਂ। ਉਹ ਕਹਾਣੀਆਂ ਵਿਚ ਦੁਹਰਾਅ ਕਰ ਰਿਹਾ। ਇਹ ਅਨੁਭਵ ਨੂੰ ਕਿਵੇਂ ਵੱਡਾ ਕਰਨ ਕਹਾਣੀਕਾਰ ਸੁਕੀਰਤ ਜੀ ਤਾਂ ਜੋ ਦੁਹਰਾਅ ਹੋਵੇ ਈ ਨਾ।**

-ਮੇਰਾ ਖਿਆਲ ਹੈ ਤੁਸੀਂ ਸ਼ਾਇਦ ਧਿਆਨ ਨਹੀਂ ਦਿੱਤਾ ਕਿ ਕਹਾਣੀ ਵਿਚ ਇਕ ਥਾਂ ਇਹ ਜ਼ਿਕਰ ਆਉਂਦਾ ਹੈ ਕਿ ਸਾਹਿਤਕਾਰ ਦਾ ਬੇਟਾ ਭਾਵੇਂ ਆਪਣੇ ਬਾਪ ਵਾਂਗ ਕਹਾਣੀ ਲਿਖਣੀ ਤੇ ਨਹੀਂ ਸੀ ਸਿੱਖ ਸਕਿਆ ਪਰ ਉਹਨੂੰ ਕਹਾਣੀ ਦੀ ਪਰਖ ਪੜਚੋਲ ਦੀ ਜਾਚ ਆ ਗਈ ਸੀ। ਤੇ ਇਸੇ ਲਈ ਉਸ ਨੂੰ ਇਸ ਗੱਲ ਦੀ ਸਮਝ ਸੀ ਕਿ ਉਹਦੇ ਬਾਪ ਦੀ ਹੱਥਲੀ ਕਹਾਣੀ ਉਹਦੀਆਂ ਪਹਿਲੀਆਂ ਕਹਾਣੀਆਂ ਦੇ ਪੱਧਰ ਦੇ ਮੇਚ ਦੀ ਨਹੀਂ।

ਤੁਸੀਂ ਆਪਣੇ ਸਵਾਲ ਦੀ ਆਖਰੀ ਸਤਰ ਵਿਚ ਪੁੱਛਿਆ ਹੈ ਕਿ ਕਹਾਣੀਕਾਰ ਆਪਣੇ ਅਨੁਭਵ ਨੂੰ ਕਿਵੇਂ ਵੱਡਾ ਕਰਨ ਤਾਂ ਕਿ ਦੁਹਰਾਅ ਹੋਵੇ ਹੀ ਨਾ। ਅਨੁਭਵ ਨੂੰ ਮੋਕਲ਼ਾ ਕਰਨਾ ਦੋ ਹੀ ਤਰੀਕਿਆਂ ਨਾਲ ਸੰਭਵ ਹੁੰਦਾ ਹੈ: ਦੁਨੀਆ ਵਿਚ ਵਿਚਰਨਾ ਤੇ ਵੱਧ ਤੋਂ ਵੱਧ ਪੜ੍ਹਨਾ। ਇਹ ਸਹੀ ਹੈ ਕਿ ਹਰ ਕਿਸੇ ਕੋਲ ਵੱਧ ਤੋਂ ਵੱਧ ਵਿਚਰਨ ਦੇ ਮੌਕੇ ਤਾਂ ਨਹੀਂ ਹੋ ਸਕਦੇ ਪਰ ਘਰ ਬੈਠੇ ਹੋਏ ਵੀ ਪੜ੍ਹ ਸਕਣ ਦੀ ਸਮਰੱਥਾ ਤਾਂ ਹਰ ਚਾਹਵਾਨ ਕੋਲ ਹੁੰਦੀ ਹੀ ਹੈ। ਹੋਰਨਾਂ ਦਾ ਲਿਖਿਆ ਸਾਹਿਤ ਪੜ੍ਹਨਾ ਲੇਖਕ ਲਈ ਹੋਰ ਵੀ ਜ਼ਰੂਰੀ ਹੁੰਦਾ ਹੈ; ਉਸਦੇ ਅਨੁਭਵ ਨੂੰ ਵਿਸ਼ਾਲ ਕਰਨ ਵਿਚ ਮਦਦ ਕਰਦਾ ਹੈ। ਅਫਸੋਸ ਦੀ ਗੱਲ ਇਹ ਹੈ ਕਿ ਸਾਡੇ ਅੱਜ ਦੇ ਬਹੁਤੇ ਲੇਖਕ ਪੜ੍ਹਨ ਤੋਂ ਇਨਕਾਰੀ ਹਨ, ਸਗੋਂ ਹੁਣ ਮੈਨੂੰ ਜਾਪਦਾ ਹੈ ਕਿ ਬੜੇ ਸਾਰੇ ਨੌਜਵਾਨ ਆਪਣਾ ਅਧਿਐਨ ਫੇਸਬੁੱਕ ਤਕ ਹੀ ਸੀਮਤ ਰੱਖਣ ਲੱਗ ਪਏ ਹਨ।

**ਤੁਸੀਂ ਇਸ ਕਹਾਣੀ ਵਿਚ ਫੇਸਬੁੱਕ ਨੂੰ ਆਧਾਰ ਬਣਾਇਆ, ਇਨਸਾਨ ਤੇ ਸਾਹਿਤਕਾਰ ਇਸ ਦੀ ਜਕੜ ਵਿਚ ਨੇ। ਮੇਰਾ ਸਵਾਲ ਸੀ ਕਿ ਸੋਸ਼ਲ ਮੀਡੀਆ ਦੇ ਦੂਸਰੇ ਪਲੇਟਫਾਰਮ ਯੂਟਿਊਬ, ਇੰਸਟਾਗ੍ਰਾਮ ਤੇ ਟਵਿੱਟਰ ਨੂੰ ਤੇ ਤੁਸੀਂ ਕਾਟਾ ਹੀ ਮਾਰ ਘੱਤਿਆ। ਕੀ ਉਹ ਸਾਹਿਤਕਾਰਾਂ ਨੂੰ ਅਜੇ ਭਾਉਣ ਨੀਂ ਲੱਗੇ?**

-ਦੇਖੋ ਇਹ ਕਹਾਣੀ ਹੈ, ਕੋਈ ਸੋਸ਼ਲ ਮੀਡੀਆ ਤਕ ਪਹੁੰਚ ਕਰਾਉਣ ਵਾਲੇ ਮੁਖ਼ਤਲਿਫ਼ ਵਸੀਲਿਆਂ ਬਾਰੇ ਲਿਖਿਆ ਲੇਖ ਨਹੀਂ। ਕਹਾਣੀ ਦਾ ਇਕ ਮੁੱਖ ਲੱਛਣ ਇਹ ਹੁੰਦਾ ਹੈ ਕਿ ਉਸ ਵਿਚ ਬਹੁਤਾ ਖਿਲਾਰਾ ਨਾ ਪਾਇਆ ਜਾਏ; ਜਿਹੜੇ ਪਾਤਰ ਚੁਣੇ ਜਾਣ ਉਹਨਾਂ ਦੀ ਮਾਨਸਿਕਤਾ, ਉਹਨਾਂ ਦੇ ਸੰਸਾਰ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾਏ। ਮੇਰਾ ਪਾਤਰ ਜਿਸ ਉਮਰ ਵਿਚ ਹੈ ਉਹ ਮੁਸ਼ਕਲ ਨਾਲ ਆਪਣੇ ਪੋਤਰੇ ਕੋਲ਼ੋਂ ਫੇਸਬੁੱਕ ਵਰਤਣੀ ਸਿੱਖ ਸਕਿਆ ਹੈ, ਜਿਸ ਨੂੰ ਉਹ ਹੁਣ ਬੇਤਹਾਸ਼ਾ ਵਰਤ ਰਿਹਾ ਹੈ। ਇਸ ਲਈ ਮੈਂ ਨਹੀਂ ਸਮਝਦਾ ਕਿ ਮੈਨੂੰ ਆਪਣੇ ਪਾਠਕ ਦਾ ਗਿਆਨ ਵਧਾਉਣ ਲਈ ਟਵਿਟਰ ਅਤੇ ਇੰਸਟਾਗ੍ਰਾਮ ਦੀਆਂ ਗੱਲਾਂ ਇਸ ਕਹਾਣੀ ਵਿਚ ਵਾੜਨ ਦੀ ਕੋਈ ਲੋੜ ਸੀ।

ਦੂਜੀ ਗੱਲ ਜਿਸ ਕਿਸਮ ਦੀਆਂ ਘਟਨਾਵਾਂ ਨਾਲ ਇਹ ਕਹਾਣੀ ਜੁੜੀ ਹੋਈ ਹੈ ਉਹ ਇੰਸਟਾਗ੍ਰਾਮ ਅਤੇ ਟਵਿੱਟਰ ਨਾਲ ਜੁੜੀਆਂ ਹੋ ਵੀ ਨਹੀਂ ਸਨ ਸਕਦੀਆਂ। ਟਵਿਟਰ, ਜਿਸ ਨੂੰ ਹੁਣ ਐਕਸ ਕਿਹਾ ਜਾਂਦਾ ਹੈ, ਦੀਆਂ ਆਪਣੀਆਂ ਸ਼ਬਦ ਗਿਣਤੀ ਦੀਆਂ ਸੀਮਾਵਾਂ ਹਨ। ਉੱਥੇ ਬਹੁਤ ਲੰਮਾ ਕੁਝ ਲਿਖ ਕੇ ਪਾਇਆ ਹੀ ਨਹੀਂ ਜਾ ਸਕਦਾ। ਇੰਸਟਾਗ੍ਰਾਮ ਨੂੰ ਬਹੁਤਾ ਕਰਕੇ ਤਸਵੀਰਾਂ, ਰ੍ਹੀਲਾਂ ਵਰਗੀਆਂ ਦੇਖੀਆਂ ਜਾ ਸਕਣ ਵਾਲੀਆਂ ਪੋਸਟਾਂ ਲਈ ਵਰਤਿਆ ਜਾਂਦਾ ਹੈ। ਏਸੇ ਲਈ ਲੇਖਕ ਇਸਨੂੰ ਘੱਟ

ਵਰਤਦੇ ਹਨ। ਨਾਲ ਹੀ ਜਿੱਥੇ ਫੇਸਬੁੱਕ ਆਪਣੇ ਭਾਈਚਾਰੇ, ਯਾਨੀ ਆਪਣੇ ਵਰਗੇ ਹੋਰਨਾਂ ਨਾਲ ਸਬੰਧ ਰੱਖਣ ਦਾ ਤਰੀਕਾ ਹੈ, ਇੰਸਟਾਗ੍ਰਾਮ ਨੂੰ ਬਹੁਤਾ ਹੋਰ ਕਿਸਮ ਦੇ ਵਿਸ਼ਿਆਂ, ਜੀਵਨ ਜਾਚ, ਉਸਦੀ ਬਰੈਂਡਿੰਗ ਅਤੇ ਟਰੈਂਡਸ ਨੂੰ ਲੱਭਣ ਦੇ ਜ਼ਰੀਏ ਵਜੋਂ ਵਰਤਿਆ ਜਾਂਦਾ ਹੈ। ਇਸ ਉੱਤੇ ਆਪਸੀ ਇੰਟਰੈਕਸ਼ਨ (ਆਪਸੀ ਪ੍ਰਭਾਵ ਵਟਾਂਦਰਾ) ਵੀ ਬਹੁਤ ਛੇਤੀ ਤੇ ਥੋੜ੍ਹ-ਚਿਰਾ ਹੁੰਦਾ ਹੈ। ਇਸੇ ਕਾਰਨ ਫੇਸਬੁੱਕ ਨੂੰ ਵਡੇਰੀ ਉਮਰ ਦੇ ਲੋਕਾਂ ਵੱਲੋਂ ਵਧੇਰੇ ਵਰਤਿਆ ਜਾਂਦਾ ਹੈ ਜਦਕਿ ਇੰਸਟਾਗ੍ਰਾਮ ਨੂੰ ਵਰਤਣ ਵਾਲੇ ਲੋਕ ਆਮ ਤੌਰ 'ਤੇ 18 ਤੋਂ 35 ਸਾਲ ਤਕ ਦੇ ਹੁੰਦੇ ਹਨ।

**ਫੋ ਮੋ ਕਹਾਣੀ ਦੇ ਬੀਜ ਕਿਵੇਂ ਮਨ ਵਿਚ ਪੁੰਗਰੇ? ਇਸ ਬਾਰੇ ਵੀ ਦੱਸਣਾ ਜੀ।**

-ਫੋ ਮੋ ਯਾਨੀ 'ਫੀਅਰ ਆਫ ਮਿਸਿੰਗ ਆਊਟ' ਬਾਰੇ ਕਾਫੀ ਚਿਰ ਤੋਂ ਗੱਲ ਚੱਲ ਰਹੀ ਹੈ ਕਿ ਕਿਵੇਂ ਸੋਸ਼ਲ ਮੀਡੀਆ ਨੇ ਲੋਕਾਂ, ਖਾਸ ਕਰ ਕੇ ਅਲ੍ਹੜ ਪੀੜ੍ਹੀ, ਨੂੰ ਮਾਨਸਿਕ ਤੌਰ 'ਤੇ ਰੋਗੀ ਬਣਾ ਦਿੱਤਾ ਹੈ। ਜਵਾਨ ਹੋ ਰਹੀ ਪੀੜ੍ਹੀ ਅੰਦਰ ਬਾਕੀਆਂ ਤੋਂ ਪਿੱਛੇ ਰਹਿ ਜਾਣ ਦਾ ਡਰ ਹੀ ਫੋ ਮੋ ਹੈ। ਇਸ ਉਮਰੇ ਲੋਕ ਆਪਣੇ ਹਾਣੀਆਂ ਕੋਲੋਂ, ਆਪਣੇ ਮਾਪਿਆਂ ਕੋਲੋਂ ਪ੍ਰਵਾਨਗੀ ਯਾਨੀ ਵੈਲੀਡੇਸ਼ਨ ਦੀ ਆਸ ਰੱਖਦੇ ਹਨ। ਇਹੋ ਜਿਹੀ ਵੈਲੀਡੇਸ਼ਨ ਨਾ ਮਿਲੇ ਤਾਂ ਉਹ ਕਈ ਵਾਰੀ ਡੂੰਘੇ ਵਿਸ਼ਾਦ ਜਾਂ ਡਿਪਰੈਸ਼ਨ ਵਿਚ ਵੀ ਲੱਥ ਜਾਂਦੇ ਹਨ ਜਾਂ ਸਵੈ ਭਰੋਸਾ ਗੰਵਾ ਬੈਠਦੇ ਹਨ। ਵਿਸ਼ਾਦ ਹੋਵੇ ਜਾਂ ਸਵੈ ਭਰੋਸੇ ਦੀ ਘਾਟ, ਦੋਵੇਂ ਗੱਲਾਂ ਹੀ ਅੱਲ੍ਹੜ ਲੋਕਾਂ ਨੂੰ ਹਰ ਵੇਲੇ ਕੁਝ ਨਾ ਕੁਝ ਕਾਰਸਤਾਨੀ ਕਰਦੇ ਰਹਿਣ ਵੱਲ ਧਕਦੀਆਂ ਹਨ ਤਾਂ ਜੋ ਉਹ ਕਿਤੇ ਬਾਕੀਆਂ ਨਾਲੋਂ ਪਿੱਛੇ ਨਾ ਰਹਿ ਜਾਣ, ਆਪਣੀ ਹੋਂਦ ਦਾ ਅਹਿਸਾਸ ਕਰਾਉਂਦੇ ਰਹਿਣ। ਕੁਝ ਵਰ੍ਹੇ ਹੋਏ, ਜਦੋਂ ਮੈਂ ਇਸੇ ਸੰਦਰਭ ਵਿਚ ਪਹਿਲੀ ਵਾਰ ਮਨੋਵਿਗਿਆਨੀਆਂ ਦੇ ਫੋ ਮੋ ਬਾਰੇ ਲਿਖੇ ਲੇਖ ਪੜ੍ਹੇ ਤਾਂ ਮੈਨੂੰ ਖਿਆਲ ਆਇਆ ਸੀ ਕਿ ਸਾਡੇ ਕਈ ਚੰਗੇ ਭਲੇ ਲੋਕ ਦੇਖਾ ਦੇਖੀ ਉਹ ਹਰਕਤਾਂ ਕਰਨ ਲੱਗ ਪਏ ਹਨ ਜਿਹੜੀਆਂ ਸ਼ਾਇਦ ਅੱਲ੍ਹੜ ਲੋਕਾਂ ਨਾਲ ਜੋੜ ਕੇ ਦੇਖੀਆਂ ਜਾਂਦੀਆਂ ਹਨ। ਇਸ ਵਰਤਾਰੇ ਉੱਤੇ ਲਿਖਣ ਬਾਰੇ ਮੇਰਾ ਮਨ ਪੱਕੇ ਤੋਂ ਪਕੇਰਾ ਹੁੰਦਾ ਗਿਆ ਜਦੋਂ ਮੈਨੂੰ ਫੇਸਬੁੱਕ ਉੱਤੇ ਕੁਝ ਅਦਬੀ ਮਿੱਤਰਾਂ ਦੀਆਂ ਝੱਲ-ਵਲੱਲੀਆਂ ਦਿਸਣੀਆਂ ਸ਼ੁਰੂ ਹੋਈਆਂ। ਪਿੱਛੇ ਜਿਹੇ ਮੈਂ ਆਪਣੇ ਇਕ ਮਿੱਤਰ ਦੀ ਬਣਾਈ ਅਤੇ ਪੋਸਟ ਕੀਤੀ ਰ੍ਹੀਲ ਵੇਖੀ ਜਿਹੜੀ ਏਡੀ ਹਾਸੋਹੀਣੀ ਸੀ ਕਿ ਮੈਨੂੰ ਹਾਸਾ ਤਾਂ ਘੱਟ ਆਇਆ ਪਰ ਦੁੱਖ ਵੱਧ ਹੋਇਆ। ਚੰਗਾ ਭਲਾ, ਸਿਆਣਾ ਬਿਆਣਾ ਲੇਖਕ ਕਿਸੇ ਰੋਬੋਟ ਵਾਂਗ ਰੁਕ ਰੁਕ ਕੇ ਬੋਲ ਰਿਹਾ ਸੀ, ਸ਼ਾਇਦ ਉਸ ਦਾ ਖਿਆਲ ਹੋਵੇ ਕਿ ਰ੍ਹੀਲ ਬਣਾਉਣ ਸਮੇਂ ਇੰਝ ਦੀ ਮਸਨੂਈ, ਗ਼ੈਰ ਕੁਦਰਤੀ ਆਵਾਜ਼ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਹੜੀ ਰ੍ਹੀਲ ਬਣਾ ਕੇ ਉਹ ਪੇਸ਼ ਕਰ ਰਿਹਾ ਸੀ ਉਸਦੀ ਨਾ ਕੋਈ ਸਾਹਿਤਕ ਜਾਂ ਕਲਾਤਮਕ ਵੁਕਤ ਸੀ, ਨਾ ਹੀ ਉਸਦੇ ਆਪਣੇ ਸਮੇਂ ਦੀ ਕੋਈ ਸਹੀ ਵਰਤੋਂ। ਮੈਨੂੰ ਖਿਆਲ ਆਇਆ ਕਿ ਇਹੋ ਜਿਹੀਆਂ ਬਚਗਾਨੀਆਂ ਹਰਕਤਾਂ ਅਸੀਂ ਕਿਉਂ ਕਰਦੇ ਹਾਂ? ਕੀ ਇਹਦੇ ਪਿੱਛੇ ਸਿਰਫ ਹਰ ਵਕਤ ਫੇਸਬੁੱਕ ਉੱਤੇ, ਜਾਂ ਸੋਸ਼ਲ ਮੀਡੀਆ ਉੱਤੇ ਹਾਜ਼ਰੀ ਲਵਾਈ ਜਾਣ ਦੀ ਲਿਲ੍ਹਕ ਦਾ ਸਾਡੀ ਫਿਤਰਤ ਵਿਚ ਸ਼ਾਮਿਲ ਹੋ ਜਾਣਾ ਹੈ। ਮੈਨੂੰ ਇਹ ਵੀ ਲੱਗਦਾ ਹੈ ਕਿ ਬਹੁਤ ਸਾਰੇ ਲੋਕ ਸ਼ਾਇਦ ਹੁਣ ਇਕਲਾਪੇ ਦਾ ਸ਼ਿਕਾਰ ਹੋ ਰਹੇ ਹਨ, ਉਹ ਮਨੁੱਖੀ ਰਾਬਤੇ ਦੀ ਥਾਂ ਇਹੋ ਜਿਹੇ ਜਨਤਕ ਪਲੇਟਫਾਰਮਾਂ ਉੱਤੇ ਨਿਰਭਰ ਹੁੰਦੇ ਜਾ ਰਹੇ ਹਨ। ਮੈਂ ਗ਼ਲਤ ਵੀ ਹੋ ਸਕਦਾ ਹਾਂ, ਪਰ ਮੇਰੀ ਜਾਚੇ ਇਕ ਦੂਜੇ ਨਾਲ ਰਾਬਤਾ ਰੱਖਣ ਦਾ ਇਹ ਜਨਤਕ ਢੰਗ ਸਹੀ ਨਹੀਂ ਹੋ ਸਕਦਾ ਹੈ। ਸ਼ਾਇਦ ਮੈਂ ਥੋੜ੍ਹਾ ਪੁਰਾਣੇ ਫੈਸ਼ਨ ਦਾ ਬੰਦਾ ਹਾਂ, ਪਰ ਮੈਂ ਕਿਸੇ ਨੂੰ ਜਨਮਦਿਨ ਦੀ ਮੁਬਾਰਕ ਦੇਣੀ ਹੋਵੇ ਤਾਂ ਮੈਂ ਉਹਨੂੰ ਨਿਜੀ ਸੁਨੇਹੇ ਰਾਹੀਂ ਹੀ ਭੇਜਦਾ ਹਾਂ, ਜਾਂ ਕਿਸੇ ਦੀ ਕਹਾਣੀ ਜਾਂ ਰਚਨਾ ਬਾਰੇ ਉਸ ਨਾਲ ਗੱਲ ਕਰਨੀ ਹੋਵੇ ਤਾਂ ਵੀ ਮੈਂ ਨਿਜੀ ਤੌਰ 'ਤੇ ਸੁਨੇਹਾ ਭੇਜਦਾ ਹਾਂ। ਮੈਂ ਆਪਣੀ ਕਿਸੇ ਛਪੀ ਰਚਨਾ ਬਾਰੇ ਫੇਸਬੁੱਕ ਸੂਚਨਾ ਤਾਂ ਜ਼ਰੂਰ ਦੇ ਦਿੰਦਾ ਹਾਂ ਪਰ ਉਸ ਤੋਂ ਬਾਅਦ ਕਿੰਨੇ ਕਮੈਂਟ ਮਿਲੇ ਜਾਂ ਨਹੀਂ ਮਿਲੇ, ਇਸ ਵੱਲ ਕੋਈ ਧਿਆਨ ਨਹੀਂ ਦੇਂਦਾ। ਮੈਨੂੰ ਜਾਪਦਾ ਹੈ ਕਿ ਇਹੋ ਜਿਹੇ ਜਨਤਕ ਪਿੜਾਂ ਵਿਚ 'ਹਾਂ ਜੀ ਜ਼ਰੂਰ ਪੜ੍ਹਦੇ ਹਾਂ', 'ਮੁਬਾਰਕਾਂ' ਇਹੋ ਜਿਹੀਆਂ ਟਿੱਪਣੀਆਂ ਦਾ ਕੋਈ ਬਹੁਤਾ ਮਤਲਬ ਨਹੀਂ ਹੁੰਦਾ। ਗੰਭੀਰ ਪਾਠਕ ਸਗੋਂ ਲੇਖਕ ਨਾਲ ਸਿੱਧਾ ਰਾਬਤਾ ਕਰ ਲੈਂਦੇ ਹਨ ਅਤੇ ਆਪਣੀ ਪਸੰਦ-ਨਾਪਸੰਦ ਦੱਸ ਦੇਂਦੇ ਹਨ।

**ਗੁਣਮੀਤ ਬਲਕਾਰ ਸਿੰਘ ਸੇਠੀ ਦੀ ਬਦੌਲਤ ਨੌਕਰੀ ਕਰ ਰਿਹਾ? ਪਿਤਾ ਦੀ ਪੈਂਠ ਪੁੱਤ ਪੋਤਿਆਂ ਤਕ ਦੀ ਰੋਟੀ ਖੱਟ ਜਾਂਦੀ ਏ। ਕੀ ਇਹ ਜਮਹੂਰੀ ਹੱਕਾਂ 'ਤੇ ਡਾਕਾ ਨੀਂ?**

-ਤੁਹਾਡੇ ਇਸ ਸਵਾਲ ਦਾ ਮੈਂ ਕੀ ਜਵਾਬ ਦੇ ਸਕਦਾ ਹਾਂ? ਇਸ ਦਾ ਜਵਾਬ ਤੇ ਤੁਹਾਡੇ ਸਵਾਲ ਵਿਚ ਹੀ ਸ਼ਾਮਲ ਹੈ। ਪੰਜਾਬ ਦੇ ਅਦਬੀ ਮਾਹੌਲ ਵਿਚ ਇਸ ਕਿਸਮ ਦੇ ਕਈ ਹੋਰ ਨਾਂਹ-ਪੱਖੀ ਵਰਤਾਰੇ ਵੀ ਦਿਸਦੇ ਹਨ ਅਤੇ ਇਸ ਕਹਾਣੀ ਵਿਚ ਉਨ੍ਹਾਂ ਬਾਰੇ ਹਲਕੇ ਜਿਹੇ ਇਸ਼ਾਰੇ ਵੀ ਸ਼ਾਮਿਲ ਹਨ।

**ਤਿੰਨ ਪੀੜ੍ਹੀਆਂ ਨੂੰ ਤੁਸੀਂ ਕਹਾਣੀ ਵਿਚ ਚਿਤਰਿਆ ਹੈ। ਤੁਸੀਂ ਹਾਸ਼ੀਏ 'ਤੇ ਧੱਕੀ ਜਾ ਰਹੀ ਬਜ਼ੁਰਗ ਪੀੜ੍ਹੀ ਨੂੰ ਬਚਾਉਣ ਲਈ ਕੋਈ ਪੈਰ ਨੀਂ ਪੁੱਟਦੇ? ਸਗੋਂ ਚੇਤਨਾ ਵਿਹੂਣੇ ਕਹਿ ਝੁਠਲਾਇਆ ਏ। ਇਹ ਅਜਿਹਾ ਕਿਉਂ ਵਾਪਰਦਾ ਏ?**

-ਤੁਹਾਡਾ ਇਹ ਸਵਾਲ ਮੈਂ ਨਹੀਂ ਸਮਝ ਸਕਿਆ। ਬਤੌਰ ਕਹਾਣੀਕਾਰ ਮੇਰਾ ਕੰਮ ਸਿਰਫ ਏਨਾ ਹੈ ਕਿ ਉਸ ਕਹਾਣੀ ਵਿਚ ਮੈਂ ਤਿੰਨ ਪੀੜ੍ਹੀਆਂ ਦੀ ਸੋਚਣੀ ਨੂੰ ਆਪਣੇ ਪਾਠਕ ਅੱਗੇ ਪੇਸ਼ ਕਰਾਂ; ਉਸ ਪੀੜ੍ਹੀ ਦੀ ਵੀ ਜਿਹੜੀ ਸੋਸ਼ਲ ਮੀਡੀਆ ਬਾਰੇ ਸਭ ਤੋਂ ਵੱਧ ਜਾਣਦੀ ਹੈ ਪਰ ਉਸ ਢੰਗ ਨਾਲ ਨਹੀਂ ਵਰਤਣਾ ਚਾਹੁੰਦੀ ਜਿਵੇਂ ਉਹਨਾਂ ਤੋਂ ਵਡੇਰੀ ਪੀੜ੍ਹੀ ਵਰਤ ਰਹੀ ਹੈ, ਤੇ ਉਸ ਪੀੜ੍ਹੀ ਦੀ ਵੀ ਜਿਹੜੀ ਆਪਣੇ ਤੋਂ ਉਤਲੀ ਤੇ ਆਪਣੇ ਤੋਂ ਹੇਠਲੀ ਪੀੜ੍ਹੀ ਦੇ ਵਿਚਕਾਰ ਪਿਸ ਰਹੀ ਹੈ। ਤੇ ਉਸ ਦਾਦੇ ਦੀ ਪੁਸ਼ਤ ਦੀ ਵੀ ਗੱਲ ਕਰਾਂ ਜਿਹੜੀ ਆਪਣਾ ਸਿਖਰ 'ਤੇ ਹੋਣ ਵਾਲਾ ਸਮਾਂ ਹੰਢਾ ਚੁੱਕੀ ਹੈ, ਪਰ ਅੱਜੋਕੇ ਹਾਲਾਤ ਵਿਚ, ਜਿੱਥੇ ਹਰ ਪਾਸੇ ਆਪਣੇ ਆਪ ਨੂੰ ਸਭ ਤੋਂ ਅੱਗੇ ਸਿੱਧ ਕਰਨ ਦੀ ਦੌੜ ਲੱਗੀ ਹੋਈ ਹੈ, ਉਸਨੂੰ ਜਾਪਦਾ ਹੈ ਕਿ ਉਹ ਕਿਤੇ ਪਿੱਛੇ ਨਾ ਰਹਿ ਜਾਵੇ। ਹਾਲਾਂਕਿ ਸਮਝਣ ਵਾਲੀ ਗੱਲ ਇਹ ਹੈ ਕਿ ਉਸ ਪੁਸ਼ਤ ਦੀ ਦੇਣ ਆਪਣੀ ਥਾਂ 'ਤੇ ਹੈ ਅਤੇ ਉਸਨੂੰ ਕੋਈ ਵੀ ਉਸਦੀ ਬਣਦੀ ਥਾਂ ਤੋਂ ਮਹਿਰੂਮ ਨਹੀਂ ਕਰ ਸਕਦਾ। ਮੇਰਾ ਨਹੀਂ ਖਿਆਲ, ਕਿ ਜਿਵੇਂ ਤੁਹਾਨੂੰ ਜਾਪਿਆ ਹੈ ਕਿ ਦਾਦੇ ਦੀ ਪੀੜ੍ਹੀ ਨੂੰ ਮੈਂ ਚੇਤਨਾ ਵਿਹੂਣਾ ਕਹਿ ਕੇ ਝੁਠਲਾਇਆ ਹੈ, ਜਾਂ ਮੇਰੀ ਮਨਸ਼ਾ ਇਹ ਸੀ। ਇਹ ਸੰਚਾਰ ਦੀ ਸਮੱਸਿਆ ਹੋ ਸਕਦੀ ਹੈ। ਦਰਅਸਲ ਫੋ ਮੋ ਵਰਗੇ ਮਾਨਸਿਕ ਦਬਾਅ, ਅਤੇ ਇਸ ਵੇਲੇ ਦੇ ਪੰਜਾਬੀ ਅਦਬੀ ਜਗਤ ਦੇ ਮਾਹੌਲ ਨੂੰ ਆਧਾਰ ਬਣਾ ਕੇ ਸਿਰਜੀ ਇਸ ਕਹਾਣੀ ਵਿਚ ਮੇਰੇ ਸਾਹਮਣੇ ਪੀੜ੍ਹੀਆਂ ਦੀ ਸੋਚਣੀ ਵਿਚਲੇ ਅੰਤਰ ਦੀ ਕਹਾਣੀ ਵੀ ਸੀ। ਇਹੋ ਜਿਹੀ ਕਹਾਣੀ ਕਿਸੇ ਵੀ ਘਰ ਵਿਚ ਵਾਪਰ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਦਾਦਾ ਵੱਡਾ ਲੇਖਕ ਹੀ ਹੋਵੇ। ਇਹੋ ਜਿਹੇ ਦਬਦਬੇ ਵਾਲੇ ਰਸੂਖ ਵਾਲੇ ਦਾਦੇ ਹੋਰ ਘਰਾਂ ਵਿਚ ਵੀ ਹੁੰਦੇ ਹਨ। ਇਸੇ ਤਰ੍ਹਾਂ ਇਹ ਵੀ ਜ਼ਰੂਰੀ ਨਹੀਂ ਕਿ ਪੁੱਤਰ ਪ੍ਰੋਫੈਸਰ ਹੀ ਹੋਵੇ। ਇਹੋ ਜਿਹੇ ਆਪਣੇ ਬਾਪ ਦੀ ਵਡੇਰੀ ਸ਼ਖ਼ਸੀਅਤ ਥੱਲੇ ਕੁਝ ਦੱਬੇ ਹੋਏ ਪੁੱਤਰ ਵੀ ਕਿਸੇ ਨਾ ਕਿਸੇ ਘਰ ਵਿਚ ਤੁਹਾਨੂੰ ਲੱਭ ਜਾਣਗੇ। ਤੇ ਅੰਤਲੀ ਗੱਲ, ਇਹੋ ਜਿਹੇ ਪੋਤੇ ਜਾਂ ਪੋਤੀਆਂ ਵੀ ਨੌਜਵਾਨ ਪੀੜ੍ਹੀ ਵਿਚ ਆਮ ਹਨ ਜਿਹੜੇ ਆਪਣੇ ਪੁਰਖਿਆਂ ਨੂੰ ਨਫ਼ਰਤ ਤਾਂ ਨਹੀਂ ਕਰਦੇ ਪਰ ਉਹਨਾਂ ਦੀਆਂ ਮਾਨਸਿਕ ਲੋੜਾਂ ਨੂੰ ਸਮਝ ਸਕਣ ਦੇ ਕਾਬਲ ਨਹੀਂ ਹਨ। ਸ਼ਾਇਦ ਇਹ ਨੌਜਵਾਨ ਪੀੜ੍ਹੀ ਦੀ ਉਮਰ ਦਾ ਤਕਾਜ਼ਾ ਹੁੰਦਾ ਹੈ ਕਿ ਉਹ ਪਰਿਵਾਰ ਅੰਦਰ ਆਪਣੇ ਹੱਕਾਂ ਬਾਰੇ ਤਾਂ ਸੁਚੇਤ ਹੁੰਦੇ ਹਨ, ਆਪਣੇ ਫ਼ਰਜ਼ਾਂ ਵੱਲ ਕੋਈ ਖ਼ਾਸ ਧਿਆਨ ਨਹੀਂ ਦੇਂਦੇ।

**ਜਦ ਇਹ ਕਹਾਣੀ ਪਾਠਕਾਂ ਨੇ ਪੜ੍ਹੀ ਤਾਂ ਉਹਨਾਂ ਦੇ ਮਨਾਂ ਵਿਚ ਇਹਦਾ ਟਾਈਟਲ ਖੁਭ ਜਿਹਾ ਗਿਆ; ਫੋ ਮੋ, ਯਾਨੀ ਫੀਅਰ ਆਫ ਮਿਸਿੰਗ ਆਊਟ। ਵੱਖਰੀ ਭਾਂਤ ਦਾ ਟਾਈਟਲ ਹੈ। ਅੰਗਰੇਜ਼ੀ ਦੀ ਟਰਮ ਹੈ ਅਤੇ ਇਸ ਟਰਮ ਦੀ ਇਹ ਕਹਾਣੀ ਸਹੀ ਵਿਆਖਿਆ ਵੀ ਕਰਦੀ ਹੈ। ਇੰਟਰਨੈੱਟ ਦੀ ਟਰਮ ਜਿਹੜੀ ਮਨੋਵਿਗਿਆਨ ਦੇ ਨਾਰਸੀਸਿਜ਼ਮ ਤੋਂ ਪ੍ਰਭਾਵਤ ਹੈ। ਪਰ ਕਹਾਣੀ ਖੁਦ ਨੂੰ ਉਸ ਤੋਂ ਵੱਖਰੀ ਤਰ੍ਹਾਂ ਪਰਿਭਾਸ਼ਤ ਕਰਨ ਦੇ ਚੱਕਰ ਵਿਚ ਕਿਉਂ ਹੈ? ਨਾਲ ਹੀ ਜੁੜਿਆ ਮੇਰਾ ਸਵਾਲ ਇਹ ਵੀ ਹੈ ਕਿ ਇਕ ਸਿੱਧੀ ਸਾਦੀ ਆਮ ਟਰਮ ਦੀ ਵਿਆਖਿਆ ਨੂੰ ਕਹਾਣੀ ਦਾ ਨਾਂ ਕਿਉਂ ਦਿੱਤਾ ਹੈ?**

-ਦਰਅਸਲ ਫੋ ਮੋ ਦਾ ਵਰਤਾਰਾ ਇੰਟਰਨੈੱਟ ਦੀ ਆਮਦ ਤੋਂ ਕਿਤੇ ਪਹਿਲਾਂ ਦਾ ਵਰਤਾਰਾ ਹੈ, ਅਤੇ ਇਸ ਨੂੰ ਮਾਨਸਿਕ ਰੋਗਾਂ ਜਾਂ ਤਕਲੀਫਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਪਰ

ਇੰਟਰਨੈੱਟ ਦੀ ਆਮਦ ਨਾਲ ਮਾਨਸਿਕ ਰੋਗ ਮਾਹਰਾਂ ਨੇ ਇਸ ਦੀ ਮਾਰ ਹੇਠ ਆਣ ਵਾਲੇ ਲੋਕਾਂ ਦੀ ਤਾਦਾਦ ਵਿਚ ਤੇਜ਼ੀ ਨਾਲ ਵਾਧਾ ਹੁੰਦਾ ਦੇਖਿਆ ਅਤੇ ਇਹਨਾਂ ਵਿਚੋਂ ਬਹੁਤੇ ਰੋਗੀ ਅੱਲ੍ਹੜ ਉਮਰੇ ਸਨ। ਉਸ ਵੇਲੇ ਇਸ ਨਿਰਣੇ ਉੱਤੇ ਪਹੁੰਚਿਆ ਗਿਆ ਕਿ ਬਹੁਤ ਸਾਰੇ ਨੌਜਵਾਨਾਂ ਅੰਦਰ ਇਹੋ ਜਿਹੀ ਭਾਵਨਾ ਇੰਟਰਨੈੱਟ ਦੀ ਬਹੁਤੀ ਵਰਤੋਂ ਜਾਂ ਦੁਰਵਰਤੋਂ ਕਾਰਨ ਪੈਦਾ ਹੋ ਰਹੀ ਹੈ। ਤੁਸੀਂ ਕਿਹਾ ਹੈ ਕਿ ਇਹ ਕਹਾਣੀ ਇਸ ਟਰਮ ਦੀ ਸਹੀ ਵਿਆਖਿਆ ਕਰਦੀ ਹੈ, ਮੈਂ ਸਗੋਂ ਇਹ ਕਹਿਣਾ ਚਾਹਾਂਗਾ ਕਿ ਇਹ ਕਹਾਣੀ ਫੋ ਮੋ ਦੇ ਵਡੇਰੇ ਵਰਤਾਰੇ ਦੇ ਸਿਰਫ ਇਕ ਹਿੱਸੇ ਉੱਤੇ ਹੀ ਕੇਂਦਰਤ ਹੈ। ਤੁਸੀਂ ਫੋ ਮੋ ਨੂੰ ਨਾਰਸੀਸਿਜ਼ਮ ਜਾਂ ਆਤਮ-ਮੋਹ ਨਾਲ ਜੋੜ ਰਹੇ ਹੋ, ਪਰ ਫੋ ਮੋ ਆਤਮ-ਮੋਹ ਦੀ ਥਾਂ ਅਜਿਹੇ ਤੌਖਲਿਆਂ ਦੀ ਉਪਜ ਨਾਲ ਵੱਧ ਜੁੜੀ ਦਿਸਦੀ ਹੈ ਜਿਹੜੇ ਮਨੁੱਖ ਵਿਚ ਸਗੋਂ ਸਵੈ ਭਰੋਸੇ ਦੀ ਘਾਟ ਪੈਦਾ ਕਰਨ ਦਾ ਬਾਇਸ ਬਣਦੇ ਹਨ। ਬਲਕਿ ਫੋ ਮੋ ਦੀਆਂ ਅਲਾਮਤਾਂ ਇਹ ਹਨ ਕਿ ਮਨੁੱਖ ਹਰ ਵਕਤ ਆਪਣੀ ਹਾਜ਼ਰੀ ਲਵਾਉਣੀ ਚਾਹੁੰਦਾ ਹੈ ਤਾਂ ਜੋ ਉਹ ਕਿਤੇ ਬਾਕੀਆਂ ਤੋਂ ਪਿੱਛੇ ਨਾ ਰਹਿ ਜਾਏ, ਜਾਂ ਉਸ ਨੂੰ ਭੁਲਾ ਨਾ ਦਿੱਤਾ ਜਾਵੇ। ਮਨੋਵਿਗਿਆਨੀਆਂ ਮੁਤਾਬਕ ਫੋ ਮੋ ਹਰ ਵੇਲੇ ਦੂਜਿਆਂ ਨਾਲ ਲਗਾਤਾਰ ਜੁੜੇ ਰਹਿਣ ਦੇ ਖਬਤ ਵੱਲ ਇਸ਼ਾਰਾ ਕਰਦੀ ਹੈ ਕਿਉਂਕਿ ਫੋ ਮੋ ਨਾਲ ਗ੍ਰੱਸੇ ਹੋਏ ਵਿਅਕਤੀ ਨੂੰ ਜਾਪਦਾ ਹੈ ਕਿ ਜੇਕਰ ਉਸਨੂੰ ਮਿੰਟ ਮਿੰਟ ਉੱਤੇ ਇਹ ਨਾ ਪਤਾ ਹੋਵੇ ਕਿ ਬਾਕੀ ਲੋਕ ਕੀ ਕਰ ਰਹੇ ਹਨ, ਜਾਂ ਬਾਕੀਆਂ ਨੂੰ ਇਹ ਨਾ ਪਤਾ ਹੋਵੇ ਕਿ ਉਹ ਕੀ ਕਰ ਰਿਹਾ ਹੈ ਤਾਂ ਉਹ ਜਾਂ ਤਾਂ ਪਿੱਛੇ ਰਹਿ ਜਾਵੇਗਾ, ਤੇ ਜਾਂ ਗ਼ਲਤ ਫੈਸਲੇ ਲੈ ਲਵੇਗਾ।

ਰਹੀ ਗੱਲ ਕਹਾਣੀ ਨੂੰ ਫੋ ਮੋ ਕਹਿਣਾ ਸਹੀ ਹੈ ਜਾਂ ਨਹੀਂ, ਇਹ ਮੈਂ ਪਾਠਕ ‘ਤੇ ਛੱਡਦਾ ਹਾਂ। ਬਤੌਰ ਲੇਖਕ ਮੇਰੇ ਲਈ ਇਸ ਕਹਾਣੀ ਦੀ ਮੂਲ਼ ਚੂਲ ਹੀ ਇਹ ਵਰਤਾਰਾ ਹੈ ਜਿਹੜਾ ਇੰਟਰਨੈੱਟ ਦੇ ਦੌਰ ਵਿਚ ਖੁੱਲ੍ਹ ਕੇ, ਖਿੱਲਰ ਕੇ ਸਾਡੇ ਸਾਹਮਣੇ ਆਇਆ ਹੈ।

**ਸੁਕੀਰਤ ਜੀ ਆਖਰੀ ਸਵਾਲ, ਮੁੱਕਦੀ ਗੱਲ ਤੁਹਾਡੀ ਫੋ ਮੋ ਕਹਾਣੀ ਇਹ ਕਹਿਣਾ ਚਾਹੁੰਦੀ ਹੈ ਕਿ ਭਾਈ ਸਾਹਿਤਕਾਰੋ, ਸੋਸ਼ਲ ਮੀਡੀਆ ਸਿਰਫ ਜਾਣਕਾਰੀ ਦੇ ਸਕਦਾ ਹੈ ਪਰ ਤੁਹਾਡੇ ਗਿਆਨ ਵਿਚ ਵਾਧਾ ਨਹੀਂ ਕਰ ਸਕਦਾ?**

-ਨਹੀਂ ਆਗਾਜ਼ਬੀਰ ਜੀ, ਮੇਰਾ ਖਿਆਲ ਨਹੀਂ ਕਿ ਮੈਂ ਇਸ ਕਹਾਣੀ ਵਿਚ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਸੋਸ਼ਲ ਮੀਡੀਆ ਤੁਹਾਡੇ ਗਿਆਨ ਵਿਚ ਵਾਧਾ ਨਹੀਂ ਕਰ ਸਕਦਾ। ਸਗੋਂ ਮੈਨੂੰ ਤੇ ਜਾਪਦਾ ਹੈ ਕਿ ਲੋਕ ਸੋਸ਼ਲ ਮੀਡੀਆ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਨਹੀਂ ਕਰ ਰਹੇ, ਆਪਣੇ ਬਾਰੇ ਜਾਣਕਾਰੀ ਦੇਣ ਲਈ ਸੋਸ਼ਲ ਮੀਡੀਆ ਨੂੰ ਵਰਤਦੇ ਹਨ। ਦਰਅਸਲ ਇਹ ਕਹਾਣੀ ਉਸ ਵਰਤਾਰੇ ਬਾਰੇ ਹੈ ਜਿਸ ਵਿਚ ਚੰਗੇ ਭਲੇ ਲੋਕ, ਜਿਨ੍ਹਾਂ ਅੰਦਰ ਸਗੋਂ ਸਵੈ ਭਰੋਸਾ ਹੋਣਾ ਚਾਹੀਦਾ ਹੈ, ਉਨ੍ਹਾਂ ਅੰਦਰ ਵੀ ਉਸਦੀ ਘਾਟ ਦਿਸਣ ਲੱਗ ਪੈਂਦੀ ਹੈ। ਬਲਕਾਰ ਸਿੰਘ ਸੇਠੀ ਦਾ ਪਾਤਰ ਮੈਂ ਇਸੇ ਗੱਲ ਨੂੰ ਚਿਤਰਨ ਲਈ ਘੜਿਆ ਹੈ। ਉਹ ਇਸ ਗੱਲ ਦੀ ਮਿਸਾਲ ਹੈ ਕਿ ਇਕ ਅਜਿਹਾ ਮੰਨਿਆ ਪ੍ਰਮੰਨਿਆ, ਚੋਖਾ ਜਾਣਿਆ ਜਾਂਦਾ, ਕਦੋਂ ਦਾ ਸਥਾਪਤ ਹੋ ਚੁੱਕਾ ਲੇਖਕ, ਜਿਸ ਨੂੰ ਆਪਣੀ ਲਿਖਤ ਉੱਤੇ ਭਰੋਸਾ ਹੋਣਾ ਚਾਹੀਦਾ ਹੈ, ਜਿਸ ਦਾ ਕੰਮ ਸੱਚਮੁੱਚ ਪਾਠਕਾਂ ਨੇ ਸਲ਼ਾਹਿਆ ਹੈ, ਉਹ ਵੀ ਫੋ ਮੋ ਦੇ ਅਸਰ ਹੇਠ ਥਿੜਕਦਾ ਜਾਪਦਾ ਹੈ। ਉਹ ਕੁਝ ਅਜਿਹੇ ਹੱਥਕੰਡੇ ਅਪਣਾਉਂਦਾ ਹੈ ਜੋ ਕਿਸੇ ਨੌਸਿਖੀਏ ਲੇਖਕ ਨੂੰ ਤਾਂ ਫਿਰ ਵੀ ਮਾਫ਼ ਕੀਤੇ ਜਾ ਸਕਦੇ ਹਨ ਪਰ ਬਲਕਾਰ ਸਿੰਘ ਵਰਗੇ ਬੰਦੇ ਨੂੰ ਤਾਂ ਉਹਨਾਂ ਦੀ ਲੋੜ ਹੀ ਕੋਈ ਨਹੀਂ।

ਬਲਕਾਰ ਸਿੰਘ ਸੇਠੀ ਤਾਂ ਇਕ ਨੁੰਮਣਾ ਹੈ, ਦਰਅਸਲ ਮੇਰਾ ਇਸ਼ਾਰਾ ਆਪਣੇ ਸਾਰੇ ਉਹਨਾਂ ਸਮਕਾਲੀਆਂ ਵੱਲ ਹੈ ਜੋ ਮੈਨੂੰ ਫੇਸਬੁੱਕ ਨਾਲ ਲੋੜ ਤੋਂ ਵੱਧ ਸ਼ਿੱਦਤ ਨਾਲ ਚੰਬੜੇ ਹੋਏ ਜਾਪਦੇ ਹਨ। ਅਤੇ ਉਨ੍ਹਾਂ ਨੂੰ ਸੋਝੀ ਵੀ ਨਹੀਂ ਕਿ ਉਹ ਹੌਲ਼ੀ ਹੌਲ਼ੀ ਇਕ ਮਾਨਸਿਕ ਵਿਕਾਰ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। 000

***(ਮਕਾਨ ਨੰਬਰ 11906, ਗਲੀ ਨੰਬਰ 9/5 ਏ, ਆਦਰਸ਼ਨਗਰ, ਬਠਿੰਡਾ-151003***
***ਫੋਨ: +91-94174-44202)***

## ਰੰਗ ਆਪੋ ਆਪਣਾ (ਮੁਲਾਕਾਤਾਂ) ਸਤਨਾਮ ਸਿੰਘ ਢਾਅ

ਕੈਨੇਡਾ ਦੇ ਸ਼ਹਿਰ ਕੈਲਗਰੀ ਵਿਚ ਵਸਦਾ, ਪੰਜਾਬੀ ਸਾਹਿਤ ਸਭਿਆਚਾਰ ਨਾਲ ਡੂੰਘਾ ਲਗਾਉ ਰੱਖਣ ਵਾਲਾ, ਸਾਊ ਤੇ ਗਹਿਰ ਗੰਭੀਰ ਮਨੁੱਖ ਸਤਨਾਮ ਸਿੰਘ ਢਾਅ 'ਡੂੰਘੇ ਵਹਿਣਾਂ ਦੇ ਭੇਤ' ਨਾਂ ਦੀਆਂ ਦੋ ਪੁਸਤਕਾਂ ਰਾਹੀਂ ਪੰਜਾਬੀ ਸਾਹਿਤ-ਜਗਤ ਵਿਚ ਆਪਣੀ ਚੰਗੀ ਪਛਾਣ ਬਣਾ ਚੁੱਕਿਆ ਹੈ। ਇਹਨਾਂ ਪੁਸਤਕਾਂ ਵਿਚ ਢਾਅ ਨੇ ਮੁਖ ਤੌਰ 'ਤੇ ਪੰਜਾਬੀ ਦੇ ਸਾਹਿਤਕਾਰਾਂ ਨਾਲ ਕੀਤੀਆਂ ਮੁਲਾਕਾਤਾਂ ਨੂੰ ਸੰਗ੍ਰਹਿਤ ਕੀਤਾ ਸੀ। ਹੱਥਲੀ ਪੁਸਤਕ 'ਰੰਗ ਆਪੋ ਆਪਣੇ' (ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, ਪੰਨੇ 394, ਮੁੱਲ 550 ਰੁਪਏ) ਏਸੇ ਵੰਨਗੀ ਦੀ ਉਸਦੀ ਤੀਜੀ ਪੁਸਤਕ ਹੈ, ਜਿਸ ਰਾਹੀਂ ਉਹ ਆਪਣੀ ਪਛਾਣ ਨੂੰ ਹੋਰ ਗੂੜ੍ਹਾ ਕਰਦਾ ਹੈ।

ਇਸ ਪੁਸਤਕ ਵਿਚ ਮੁਲਾਕਾਤਾਂ ਕਰਨ ਲਈ ਢਾਅ ਨੇ ਆਪਣੇ ਆਪ ਨੂੰ ਸਾਹਿਤਕਾਰਾਂ ਤਕ ਹੀ ਸੀਮਤ ਨਹੀਂ ਰੱਖਿਆ, ਕਈ ਅਜਿਹੀਆਂ ਸ਼ਖ਼ਸੀਅਤਾਂ ਨੂੰ ਵੀ ਚੁਣਿਆ ਹੈ, ਜਿੰਨ੍ਹਾਂ ਨੇ ਖੇਡਾਂ, ਵਿਗਿਆਨਕ ਖੋਜ, ਸਮਾਜ ਸੇਵਾ, ਪੱਤਰਕਾਰੀ ਆਦਿ, ਜੀਵਨ ਦੇ ਹੋਰ ਖੇਤਰਾਂ ਵਿਚ ਗੌਲਣਯੋਗ ਪ੍ਰਾਪਤੀ ਕੀਤੀ ਹੈ। ਸਾਹਿਤਕਾਰਾਂ ਨਾਲ ਮੁਲਾਕਾਤਾਂ ਆਪਣੀ ਥਾਵੇਂ ਮਹੱਤਵਪੂਰਨ ਅਤੇ ਮੁੱਲਵਾਨ ਹਨ, ਪਰ ਇਹ ਪੁਸਤਕ ਦੂਜੀ ਭਾਂਤ ਦੀਆਂ ਸ਼ਖਸੀਅਤਾਂ ਦੀ ਹਾਜ਼ਰੀ ਨਾਲ ਜ਼ਿਆਦਾ ਦਿਲਚਸਪ ਹੋ ਗਈ ਹੈ, ਹਾਕੀ ਦਾ ਉਲੰਪੀਅਨ ਖਿਡਾਰੀ ਸੀਨੀਅਰ ਬਲਬੀਰ ਸਿੰਘ ਜਿਨ੍ਹਾਂ ਵਿਚ ਸਭ ਤੋਂ ਉਪਰ ਹੈ। ਅਜਿਹੀਆਂ ਹੋਰ ਸ਼ਖਸੀਅਤਾਂ ਵਿਚ ਪੱਤਰਕਾਰ ਜਤਿੰਦਰ ਪੰਨੂੰ, ਕੀਟ ਵਿਗਿਆਨੀ ਡਾ. ਪੁਸ਼ਪਿੰਦਰ ਜੈਰੂਪ ਅਤੇ ਸਮਾਜ ਸੇਵੀ ਡਾ. ਇਕਬਾਲ ਸਿੰਘ ਪੰਨੂੰ ਸ਼ਾਮਲ ਹਨ। ਸਾਹਿਤਕਾਰਾਂ ਵਿਚ ਇਕ ਦੇਸੀ ਲੇਖਕ ਜੁਗਿੰਦਰ ਅਮਰ ਦੇ ਨਾਲ ਪੰਜ ਪਰਵਾਸੀ ਲੇਖਕ ਸ਼ਾਮਲ ਹਨ, ਦੋ ਕੈਨੇਡੀਅਨ ਜਰਨੈਲ ਸਿੰਘ ਕਹਾਣੀਕਾਰ ਤੇ ਸੂਫੀ ਅਮਰਜੀਤ ਅਤੇ ਤਿੰਨ ਬਰਤਾਨਵੀ ਸਿਰਜਕ ਸੰਤੋਖ ਸਿੰਘ ਸੰਤੋਖ, ਪ੍ਰੀਤਮ ਸਿੰਘ ਕੈਂਬੋ ਤੇ ਗੁਰਨਾਮ ਢਿੱਲੋਂ। ਮੁਲਾਕਾਤਾਂ ਦਾ ਸਮਾਂ ਕਾਫੀ ਪਿਛਾਂਹ ਤਕ ਜਾਂਦਾ ਹੈ। ਜਿਸ ਕਾਰਨ ਪਤਾ ਚੱਲਦਾ ਹੈ ਕਿ ਕਈ ਸ਼ਖ਼ਸੀਅਤਾਂ, ਜਿਨ੍ਹਾਂ ਨਾਲ ਕੀਤੀਆਂ ਮੁਲਾਕਾਤਾਂ ਪੁਸਤਕ ਵਿਚ ਸ਼ਾਮਲ ਹਨ, ਦੁਰਭਾਗ ਵੱਸ ਇਸ ਸਮੇਂ ਸੰਸਾਰ ਵਿਚ ਮੌਜੂਦ ਨਹੀਂ। ਸੀਨੀਅਰ ਬਲਬੀਰ ਸਿੰਘ, ਸੰਤੋਖ ਸਿੰਘ ਸੰਤੋਖ, ਡਾ. ਪੁਸ਼ਪਿੰਦਰ ਜੈਰੂਪ, ਸੂਫੀ ਅਮਰਜੀਤ ਅਤੇ ਜੋਗਿੰਦਰ ਅਮਰ ਆਪਣੀ ਜੀਵਨ ਯਾਤਰਾ ਪੂਰੀ ਕਰ ਚੁੱਕੇ ਹਨ।

ਸਤਨਾਮ ਸਿੰਘ ਢਾਅ ਇਹ ਗੱਲ ਭਲੀ ਭਾਂਤ ਸਮਝਦਾ ਹੈ ਕਿ ਮੁਲਾਕਾਤ ਕਰਤਾ ਨੂੰ ਮੁਲਾਕਾਤ ਕੀਤੀ ਜਾਣ ਵਾਲੀ ਸ਼ਖ਼ਸੀਅਤ ਦੇ ਕੰਮ-ਕਾਰ ਤੇ ਉਸਦੀਆ ਪ੍ਰਾਪਤੀਆਂ ਦੇ ਨਾਲ ਨਾਲ ਉਸਦੇ ਨਿੱਜ ਤੇ ਸਮਾਜਕ ਪਿਛੋਕੜ ਬਾਰੇ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ। ਲੇਖਕ ਦੇ ਪ੍ਰਸੰਗ ਵਿਚ ਉਸਦੀਆਂ ਲਿਖਤਾਂ ਦੇ ਅਧਿਐਨ ਦੇ ਨਾਲ ਉਸਦੇ ਨਿੱਜ ਦੇ ਦਿਸਦੇ ਤੇ ਲੁਕਵੇਂ ਪੱਖਾਂ ਦੀ ਵੀ ਸੂਹ ਹੋਣੀ ਜ਼ਰੂਰੀ ਹੈ। ਇਸ ਲਈ ਕਿਸੇ ਵੀ ਵਿਅਕਤੀ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਸਤਨਾਮ ਢਾਹ ਨੇ ਲੋੜੀਂਦੀ ਜਾਣਕਾਰੀ ਹਾਸਲ ਕਰਨ ਲਈ ਪੂਰੀ ਮਿਹਨਤ ਤੇ ਤਿਆਰੀ ਕੀਤੀ ਹੁੰਦੀ ਹੈ। ਦੂਜੀ ਵੱਡੀ ਗੱਲ ਜੋ ਉਹ ਸਮਝਦਾ ਹੈ, ਉਹ ਇਹ ਹੈ ਕਿ ਮੁਲਾਕਾਤ ਕਰਨ ਸਮੇਂ ਸਾਹਮਣੇ ਦੇ ਵਿਅਕਤੀ ਕੋਲੋਂ ਜਿੱਥੇ ਉਸ ਨੇ ਵੱਧ ਤੋਂ ਵੱਧ ਜਾਣਕਾਰੀ ਲੈਣੀ ਅਤੇ ਉਸਦੀ ਸ਼ਖ਼ਸੀਅਤ ਦੀਆਂ ਕਈ ਅਣਦਿਸਦੀਆਂ ਪਰਤਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਨੀ ਹੈ, ਉੱਥੇ ਉਸਦਾ ਢੁਕਵਾਂ ਆਦਰ ਸਤਿਕਾਰ ਵੀ ਬਣਾਈ ਰੱਖਣਾ ਹੈ। ਇਹ ਸੋਝੀ ਤੇ ਗੁਣ ਸਤਨਾਮ ਸਿੰਘ ਢਾਹ ਨੂੰ ਮੁਲਾਕਾਤ ਕਰਤਾ ਵਜੋਂ ਨਿਵੇਕਲਾ ਤੇ ਉਚੇਰਾ ਸਥਾਨ ਪ੍ਰਦਾਨ ਕਰਦੇ ਹਨ। ਉਹ ਸਾਹਮਣੇ ਵਾਲੇ ਵਿਅਕਤੀ ਦੀ ਗੱਲ ਵਿਚੋਂ ਗੱਲ ਕੱਢਕੇ ਪਰਤਵਾਂ ਸਵਾਲ

ਕਰਦਿਆਂ ਆਪਣੇ ਬੋਲਾਂ ਦੀ ਮਿਠਾਸ ਕਾਇਮ ਰੱਖਦਾ ਹੈ। ਨਤੀਜੇ ਵਜੋਂ ਉਸ ਨਾਲ ਮੁਲਾਕਾਤ ਵਿਚ ਸਾਹਮਣੇ ਵਾਲਾ ਵਿਅਕਤੀ ਸਹਿਜੇ ਹੀ ਉਹ ਕੁਝ ਵੀ ਦੱਸ ਦਿੰਦਾ ਹੈ ਜਿਸ ਦਾ ਜ਼ਿਕਰ ਕਰਨ ਤੋਂ ਆਮ ਹਾਲਤਾਂ ਵਿਚ ਸ਼ਾਇਦ ਉਹ ਝਿਜਕਦਾ ਹੋਵੇ। ਇੰਝ ਇਸ ਪੁਸਤਕ ਵਿਚ ਸ਼ਾਮਲ ਸ਼ਖ਼ਸੀਅਤਾਂ ਬਹੁਤ ਸਹਿਜ ਨਾਲ ਆਪੋ ਆਪਣੇ ਰੰਗਾਂ ਵਿਚ ਰੰਗੀਆਂ ਹੋਈਆਂ ਸਾਹਵੇਂ ਆਈਆਂ ਹਨ।

ਉਲੰਪੀਅਨ ਬਲਬੀਰ ਸਿੰਘ ਸੀਨੀਅਰ ਦੇ ਸੰਬੰਧ ਵਿਚ ਕਈ ਦਿਲਚਸਪ ਗੱਲਾਂ ਦਾ ਪਤਾ ਲੱਗਦਾ ਹੈ, ਜਿਸਨੂੰ ਨਿੱਕੇ ਹੁੰਦਿਆਂ ਜਲੰਧਰ ਜ਼ਿਲ੍ਹੇ ਵਿਚਲੇ ਆਪਣੇ ਨਾਨਕੇ ਪਿੰਡ ਹਰੀਪੁਰ ਖਾਲਸਾ ਵਿਚ ਖੁੱਦੋ ਖੂੰਡੀ ਖੇਡਦੇ ਬੱਚਿਆਂ ਨੇ ਆਚੰਭਤ ਕੀਤਾ ਸੀ। ਕੁਝ ਸਮਾਂ ਮਗਰੋਂ ਮੋਗੇ ਦੀ ਧਰਤੀ ਉੱਤੇ, ਜਿੱਥੇ ਪਿਤਾ ਜੀ ਦੇ ਸਕੂਲ ਟੀਚਰ ਹੋਣ ਕਰਕੇ ਉਨ੍ਹਾਂ ਦੇ ਪਰਿਵਾਰ ਦੀ ਰਿਹਾਇਸ਼ ਸੀ, ਸਕੂਲੀ ਗਰਾਊਂਡਾਂ ਵਿਚ ਖੇਡਦਿਆਂ ਹਾਕੀ ਨਾਲ ਪ੍ਰੇਮ ਪ੍ਰਫੁੱਲਤ ਹੋਣ ਲੱਗਾ ਸੀ। ਮੋਗੇ ਪੜ੍ਹਦਿਆਂ ਬਾਰ੍ਹਵੀਂ ਜਮਾਤ 'ਚੋਂ ਫੇਲ੍ਹ ਹੋ ਜਾਣਾ ਉਸ ਲਈ ਇਕ ਤਰ੍ਹਾਂ ਦਾ ਵਰਦਾਨ ਸੀ, ਜਿਸ ਕਰਕੇ ਉਹ ਅੰਮ੍ਰਿਤਸਰ ਪਹੁੰਚਿਆ ਤੇ ਕਾਲਿਜ ਦੀ ਟੀਮ ਵਿਚ ਹਾਕੀ ਖੇਡਣ ਲੱਗਿਆ। 1945 ਵਿਚ ਜਦੋਂ ਬਲਬੀਰ ਸਿੰਘ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦਾ ਕਪਤਾਨ ਸੀ, ਪੰਜਾਬ ਪੁਲਸ ਦੇ ਅੰਗਰੇਜ਼ ਮੁਖੀ ਸਰ ਜੌਹਨ ਬੈਨਟ ਦੀ ਨਿਗਾਹ ਵਿਚ ਆ ਗਿਆ। ਉਸਨੇ ਬਲਬੀਰ ਸਿੰਘ ਨੂੰ ਖਿਡਾਰੀ ਵਜੋਂ ਪੰਜਾਬ ਪੁਲਸ ਵਿਚ ਭਰਤੀ ਕਰਨਾ ਚਾਹਿਆ। ਪਰ ਬਲਬੀਰ ਸਿੰਘ ਅੰਗਰੇਜ਼ਾਂ ਦੀ ਨੌਕਰੀ ਨਹੀਂ ਸੀ ਕਰਨਾ ਚਾਹੁੰਦਾ ਤੇ ਇਸ ਕਰ ਕੇ ਦਿੱਲੀ ਵੱਲ ਦੌੜ ਗਿਆ। ਉੱਥੋਂ ਉਸਨੂੰ ਇਕ ਤਰ੍ਹਾਂ ਗ੍ਰਿਫਤਾਰ ਕਰਕੇ ਲਿਆਂਦਾ ਗਿਆ ਤੇ ਪੁਲਸ ਵਿਚ ਭਰਤੀ ਕੀਤਾ ਗਿਆ ਸੀ। ਮੁਲਾਕਾਤ ਵਿਚ ਬਲਬੀਰ ਸਿੰਘ ਨੇ ਦੱਸਿਆ ਹੈ ਕਿ ਪੰਜਾਹਵਿਆਂ ਦੇ ਸ਼ੁਰੂ ਵਿਚ ਪਾਕਿਸਤਾਨ ਤੇ ਭਾਰਤ ਨੇ ਮਿੰਟਗੁਮਰੀ ਅਤੇ ਅੰਮ੍ਰਿਤਸਰ ਵਿਚ ਖੇਡੇ ਦੋਸਤਾਨਾ ਮੈਚਾਂ ਦੌਰਾਨ ਜਾਣ ਬੁਝ ਕੇ ਆਪੋ ਆਪਣੀਆਂ ਟੀਮਾਂ ਦੇ ਹਰਾਉਣ ਜਾਂ ਬਰਾਬਰ ਰਹਿਣ ਦਾ ਉਪਰਾਲਾ ਕੀਤਾ ਸੀ। ਨਿੱਜੀ ਪ੍ਰਸੰਗ ਵਿਚ ਇਹ ਤੱਥ ਵੀ ਕੋਈ ਘੱਟ ਅਹਿਮ ਨਹੀਂ ਕਿ ਇਕ ਸਾਧਾਰਨ ਪਰਿਵਾਰ 'ਚੋਂ ਆਏ ਬਲਬੀਰ ਸਿੰਘ ਦੀ 1946 ਵਿਚ ਲਾਹੌਰ ਦੇ ਅਮੀਰ ਮਾਪਿਆਂ ਦੀ ਧੀ ਸੁਸ਼ੀਲ ਨਾਲ ਜੇ ਸ਼ਾਦੀ ਹੋਈ ਸੀ ਤਾਂ ਇਸ ਕਰਕੇ ਕਿ ਉਹ ਹਾਕੀ ਦਾ ਇਕ ਚੰਗਾ ਖਿਡਾਰੀ ਸੀ। ਭਾਰਤੀ ਹਾਕੀ ਦੀ ਸਿਆਸਤ ਨਾਲ ਜੁੜੀਆਂ ਕੁਝ ਅਫਸੋਸਨਾਕ ਗੱਲਾਂ ਵੀ ਸਾਹਮਣੇ ਆਈਆ ਹਨ। ਜਿਵੇਂ ਟੋਕੀਉ ਉਲੰਪਕਸ ਵਿਚ ਭਾਰਤੀ ਹਾਕੀ ਟੀਮ ਭੇਜਣ ਸਮੇਂ ਐਨ ਅਖੀਰ 'ਤੇ ਬਲਬੀਰ ਸਿੰਘ ਦੀ ਥਾਂ ਕੋਈ ਹੋਰ ਕੋਚ ਨਿਯੁਕਤ ਕਰ ਦਿੱਤਾ ਗਿਆ, ਜਦਕਿ ਕਈ ਮਹੀਨਿਆਂ ਤਕ ਟੀਮ ਦੀ ਸਾਰੀ ਕੋਚਿੰਗ ਉਸ ਨੇ ਕੀਤੀ ਸੀ। ਬਲਬੀਰ ਸਿੰਘ ਨੂੰ ਇਹ ਵੀ ਅਫਸੋਸ ਸੀ ਕਿ ਉਸਦੇ ਜਿੱਤੇ ਸਾਰੇ ਮੈਡਲ, ਜੋ ਸਪੋਰਟਸ ਮਿਊਜ਼ੀਅਮ ਵਿਚ ਰੱਖਣ ਲਈ ਦਿੱਤੇ ਗਏ ਸਨ, ਸਪੋਰਟਸ ਅਥਾਰਟੀ ਨੇ ਕਿਧਰੇ ਗੁਆ ਦਿੱਤੇ ਸਨ।

ਪ੍ਰਸਿੱਧ ਕੀਟ ਵਿਗਿਆਨੀ ਅਤੇ ਆਪਣੇ ਵਿਸ਼ੇ ਨਾਲ ਸੰਬੰਧਤ ਪੰਜਾਬੀ ਵਿਚ ਪੁਸਤਕਾਂ ਦੀ ਰਚੇਤਾ ਡਾ. ਪੁਸ਼ਪਿੰਦਰ ਜੈਰੂਪ ਦੀ ਮੁਲਾਕਾਤ ਵੀ ਬਹੁਤ ਅਰਥ ਭਰਪੂਰ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਤੋਂ 1969 ਵਿਚ ਜ਼ੂਆਲੋਜੀ ਵਿਚ ਐੱਮ.ਐੱਸਸੀ. ਕਰਨ ਪਿੱਛੋਂ ਡਾ. ਪੁਸ਼ਪਿੰਦਰ ਨੂੰ ਉੱਥੇ ਹੀ ਨੌਕਰੀ ਮਿਲ ਗਈ ਸੀ। ਜਦੋਂ ਉਸਨੇ ਪੜ੍ਹਾਉਣਾ ਸ਼ੁਰੂ ਕੀਤਾ, ਉਸਦੀ ਉਮਰ ਸਿਰਫ 20 ਸਾਲ ਸੀ ਜਦਕਿ ਜਮਾਤ ਵਿਚ ਪੜ੍ਹਨ ਵਾਲੇ ਤਕਰੀਬਨ ਸਾਰੇ ਹੀ ਮੁੰਡਿਆਂ ਦੀ ਉਮਰ ਉਸ ਤੋਂ ਵੱਡੀ ਸੀ। ਦੂਜੇ ਸੈਕਸ਼ਨਾਂ ਦੇ ਬੱਚੇ ਵੀ ਉਸਦੀ ਜਮਾਤ ਵਿਚ ਆ ਕੇ ਬੈਠ ਜਾਂਦੇ ਸਨ ਕਿਉਂਕਿ ਉਹਨਾਂ ਨੂੰ ਪਹਿਲੀ ਵਾਰ ਕਿਸੇ ਲੇਡੀ ਟੀਚਰ ਨੂੰ ਪੜ੍ਹਾਉਂਦੇ ਦੇਖਣ ਦਾ ਮੌਕਾ ਮਿਲ ਰਿਹਾ ਸੀ। ਨੌਕਰੀਆਂ ਦੇ ਮਾਮਲੇ ਵਿਚ ਮਰਦਾਂ ਨਾਲ ਮੁਕਾਬਲਾ ਕਰਨ ਵਿਚ ਔਰਤਾਂ ਨੂੰ ਦਰਪੇਸ਼ ਦੁਸ਼ਵਾਰੀਆਂ ਦਾ ਜ਼ਿਕਰ ਕਰਦਿਆਂ ਡਾ. ਪੁਸ਼ਪਿੰਦਰ ਦਾ ਕਹਿਣਾ ਸੀ ਕਿ ਜਦੋਂ ਉਸਨੇ ਕੰਮ ਕਰਨਾ ਸ਼ੁਰੂ ਕੀਤਾ ਉਸ ਵੇਲੇ ਤਾਂ ਮਾਹੌਲ ਹੋਰ ਵੀ ਸਖਤ ਸੀ। ਆਦਮੀ ਇਹ ਮੰਨਣ ਨੂੰ ਤਿਆਰ ਹੀ ਨਹੀਂ ਸਨ ਕਿ ਔਰਤਾਂ ਉਨ੍ਹਾਂ ਦਾ ਕੰਮ ਕਈ ਵਾਰ ਉਨ੍ਹਾਂ ਤੋਂ ਛੇਤੀ ਅਤੇ ਵਧੀਆਂ ਕਰ ਸਕਦੀਆਂ ਹਨ। ਉਸਨੂੰ ਵੀ ਆਪਣੀ ਥਾਂ ਬਣਾਉਣ ਲਈ ਆਦਮੀਆਂ ਤੋਂ ਤਿੰਨ ਤੋਂ ਚਾਰ ਗੁਣਾਂ ਜ਼ਿਆਦਾ ਮਿਹਨਤ ਕਰਨੀ ਪਈ

ਅਤੇ ਬਹੁਤ ਕੁਝ ਹੋਰ ਵੀ ਸਹਿਣਾ ਪਿਆ।

ਪੰਜਾਬੀ ਪੱਤਰਕਾਰੀ ਵਿਚ ਬਹੁਤ ਵੱਡੇ ਨਾਂ ਵਾਲਾ ਜਤਿੰਦਰ ਪੰਨੂੰ ਨਿਰਸੰਕੋਚ ਇਹ ਦੱਸਦਾ ਹੈ ਕਿ ਉਹ ਸਿਰਫ ਮੈਟ੍ਰਿਕ ਪਾਸ ਹੈ। ਦਸਵੀਂ ਪਾਸ ਕਰਨ ਪਿੱਛੋਂ ਆਈ. ਟੀ. ਆਈ ਪੱਟੀ ਤੋਂ ਉਸ ਨੇ ਫਿਟਰ ਟਰੇਡ ਦੀ ਟਰੇਨਿੰਗ ਲਈ ਸੀ। ਲੁਧਿਆਣੇ ਸੀ.ਟੀ.ਆਈ ਵਿਚ ਦਾਖਲਾ ਲੈ ਕੇ ਆਈ.ਟੀ.ਆਈ ਇੰਸਟਰਕਟਰ ਬਣਨਾ ਚਾਹਿਆ ਪਰ ਗੱਲ ਨਾ ਬਣੀ। ਫਿਰ ਉੱਥੇ ਹੀ ਕੁਝ ਸਮਾਂ ਫੈਕਟਰੀਆਂ ਵਿਚ ਕੰਮ ਕਰ ਕੇ ਵਾਪਸ ਆ ਰਾਜਨੀਤੀ ਵਿਚ ਸਰਗਰਮ ਹੋ ਗਿਆ। ਪੰਜਾਬ ਸੰਤਾਪ ਦੇ ਦਿਨਾਂ ਵਿਚ ਆਮ ਲੋਕਾਂ ਦੇ ਦੁੱਖ ਲਿਖਦਾ ਉਹ ਪੱਤਰਕਾਰ ਕਦੋਂ ਬਣ ਗਿਆ ਸੀ, ਉਸਨੂੰ ਵੀ ਸਮਝ ਨਹੀਂ ਪੈਂਦੀ। ਪੰਨੂ ਦਾ ਮੰਨਣਾ ਹੈ ਕਿ ਕੋਈ ਪੱਤਰਕਾਰ ਨਿਰਪੱਖ ਨਹੀਂ ਹੋ ਸਕਦਾ। ਉਹ ਵੀ ਨਿਰਪੱਖ ਨਹੀਂ। ਪਰ ਉਸ ਨੇ ਕਿਸੇ ਦੇ ਆਦੇਸ਼ 'ਤੇ ਕਦੇ ਕੁਝ ਨਹੀਂ ਲਿਖਿਆ। ਇਕ ਵਾਰ ਸੱਚੇ ਸੌਦੇ ਵਾਲੇ ਬਾਬੇ ਬਾਰੇ ਲਿਖਣ 'ਤੇ ਉਸਨੂੰ ਧਮਕੀ ਦਿੱਤੀ ਗਈ ਸੀ ਅਤੇ ਇਕ ਹੋਰ ਸਮੇਂ ਮੁਖ ਮੰਤਰੀ ਦੇ ਦਫਤਰ ਤੋਂ ਆਲੋਚਨਾ ਤੋਂ ਸੰਕੋਚ ਕਰਨ ਦਾ ਸੁਨੇਹਾਂ ਦਿੱਤਾ ਗਿਆ ਸੀ। ਖੱਬੀ ਲਹਿਰ ਦੀ ਖੜੋਤ ਦੇ ਸੰਬੰਧ ਵਿਚ ਪੰਨੂੰ ਨੇ ਕਿਹਾ ਹੈ ਕਿ ਕਿਸਾਨੀ ਬਦਲ ਗਈ ਹੈ ਤੇ ਕਾਮਾ ਜਮਾਤ ਦਾ ਕਰੈਕਟਰ ਵੀ ਪਹਿਲਾਂ ਵਾਲਾ ਨਹੀਂ ਰਿਹਾ, ਜਦਕਿ ਦੋਵੇਂ ਵੱਡੀਆਂ ਕਮਿਊਨਿਸਟ ਪਾਰਟੀਆਂ ਪੰਜਾਹ ਸਾਲ ਪਹਿਲਾਂ ਲਿਖਿਆ ਪ੍ਰੋਗਰਾਮ ਚੁੱਕੀ ਫਿਰਦੀਆਂ ਹਨ।

ਸੰਤੋਖ ਸਿੰਘ ਸੰਤੋਖ, ਪ੍ਰੀਤਮ ਸਿੰਘ ਕੈਂਬੋ, ਗੁਰਨਾਮ ਢਿੱਲੋਂ, ਸੂਫੀ ਅਮਰਜੀਤ ਤੇ ਜਰਨੈਲ ਸਿੰਘ ਪੰਜੇ ਹੀ ਪਰਵਾਸੀ ਸਾਹਿਤਕਾਰ ਘੱਟ ਜਾਂ ਵੱਧ ਅਗਾਂਹਵਧੂ ਦਿੱਖ ਵਾਲੇ ਹਨ। ਜਰਨੈਲ ਸਿੰਘ ਤੋਂ ਬਿਨਾਂ, ਜੋ ਮੁਕਾਬਲਤਨ ਮਗਰੋਂ ਪਰਵਾਸੀ ਬਣਿਆ, ਇੰਗਲੈਂਡ ਅਤੇ ਕੈਨੇਡਾ ਵਿਚ ਆਏ ਵੀ ਸਾਰੇ ਲਗਪਗ ਇਕ ਸਮੇਂ ਹਨ। ਇੰਗਲੈਂਡ ਵਿਚ ਪਹਿਲੇ ਸਮਿਆਂ ਵਿਚ ਪਰਵਾਸੀਆਂ ਨੂੰ ਨਸਲੀ ਵਿਤਕਰੇ ਦਾ ਸਾਹਮਣਾ ਅਵੱਸ਼ ਜ਼ਿਆਦਾ ਕਰਨਾ ਪਿਆ ਹੈ, ਵੈਸੇ ਸਭਨਾਂ ਦੇ ਹਾਲਾਤ ਲਗਪਗ ਇਕੋ ਜਿਹੇ ਹਨ ਅਤੇ ਸਭਨਾਂ ਨੇ ਇਕੋ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ ਹੈ। ਇਸ ਪਿਛੋਕੜ ਵਿਚ ਸਤਨਾਮ ਢਾਹ ਦੇ ਸਵਾਲਾਂ ਅਤੇ ਸੰਬੰਧਤ ਲੇਖਕਾਂ ਦੇ ਜਵਾਬਾਂ ਵਿਚ ਕੋਈ ਬਹੁਤਾ ਨਿਵੇਕਲਾਪਨ ਨਹੀਂ। ਤਦ ਵੀ ਇਹਨਾਂ ਦੀਆਂ ਮੁਲਾਕਾਤਾਂ ਵਿਚ ਨਿਜੀ ਸੱਚ ਦੀਆਂ ਕੁਝ ਪਰਤਾਂ ਨੰਗੀਆਂ ਹੋਈਆਂ ਹਨ। ਜਿਵੇਂ ਪ੍ਰੀਤਮ ਸਿੰਘ ਕੈਂਬੋ ਨੂੰ ਇਹ ਕਹਿਣ ਤੋਂ ਕੋਈ ਝਿਜਕ ਨਹੀਂ ਕਿ ਉਸਦੇ ਪਿਤਾ ਜੀ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੋਂ ਬੇਪਰਵਾਹ ਤੇ ਕੰਮ ਕਾਰ ਤੋਂ ਅਵੇਸਲੇ ਰਹਿਣ ਵਾਲੇ ਮਨੁੱਖ ਸਨ। ਨਾ ਹੀ ਸੰਤੋਖ ਸਿੰਘ ਸੰਤੋਖ ਇਹ ਮੰਨਣ ਤੋਂ ਇਨਕਾਰੀ ਹੈ ਕਿ ਭਾਰਤੀ ਮਜ਼ਦੂਰ ਸਭਾ ਦਾ ਅਹੁਦੇਦਾਰ ਹੋਣ ਕਰਕੇ ਆਪਣੇ ਤੀਸਰੇ ਲੜਕੇ ਨੂੰ ਉਸਨੇ ਕੌਂਸਲ ਪਾਸੋਂ ਗਰੈਮਰ ਸਕੂਲ ਵਿਚ ਦਾਖਲਾ ਦਿਵਾਇਆ, ਜਿਸ ਵਿਚ ਉਹ ਸਕੂਲ ਦੀ ਮਾੜੀ ਸੁਹਬਤ ਵਿਚ ਫਸ ਕੇ ਡਰੱਗੀ ਬਣ ਗਿਆ। ਗੁਰਨਾਮ ਢਿੱਲੋਂ ਨੇ ਬਰਤਾਨੀਆਂ ਦੀ ਪ੍ਰਗਤੀਸ਼ੀਲ ਲੇਖਕ ਸਭਾ ਦੀਆਂ ਸਰਗਰਮੀਆਂ ਦਾ ਵੇਰਵਾ ਦੇਣ ਦੇ ਨਾਲ ਸਭਾ ਅੰਦਰਲੀ ਜਥੇਬੰਦਕ ਸਿਆਸਤ ਦਾ ਵੀ ਚੰਗਾ ਖੁਲਾਸਾ ਕੀਤਾ ਹੈ।

ਬਹੁਤ ਮਿਹਨਤ ਨਾਲ ਤਿਆਰ ਕੀਤੀ ਗਈ ਮੁਲਾਕਾਤਾਂ ਦੀ ਇਸ ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

**–ਰਘਬੀਰ ਸਿੰਘ**

## ਸੁਰਖ਼ ਰਾਹਾਂ ਦੇ ਹਮਸਫ਼ਰ (ਵਾਰਤਕ) ਰਵਿੰਦਰ ਸਹਿਰਾਅ

ਰਵਿੰਦਰ ਸਹਿਰਾਅ ਪੰਜਾਬੀ ਕਵਿਤਾ ਦੇ ਵਿਹੜੇ ਦਾ ਜਾਣਿਆ-ਪਹਿਚਾਣਿਆ ਨਾਮ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵੱਧ ਦਾ ਸਮਾਂ ਉਸਨੇ ਆਪਣੀ ਲੇਖਣੀ ਦੇ ਨਾਮ ਕੀਤਾ ਹੈ। ਇਹਨਾਂ ਸਮਿਆਂ ਵਿਚ ਉਸਦੀਆਂ ਅੱਧੀ ਦਰਜਨ ਦੇ ਕਰੀਬ ਕਾਵਿ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ ਜਿਹਨਾਂ ਨੇ ਉਸਨੂੰ ਪੰਜਾਬੀ ਕਵੀ ਦੇ ਤੌਰ 'ਤੇ ਪਹਿਚਾਣ ਦਿਵਾਈ ਹੈ। ਸਹਿਰਾਅ ਦਾ ਕਾਵਿ ਜਗਤ ਨਕਸਲਬਾੜੀ ਲਹਿਰ ਦੇ ਪੰਜਾਬ ਵਿਚ ਉਥਾਨ ਨਾਲ਼ ਸ਼ੁਰੂ ਹੁੰਦਾ ਹੈ ਅਤੇ ਉਸਦੇ ਪਰਵਾਸ ਕਰ ਜਾਣ

ਨਾਲ਼ ਉਸ ਦੀ ਰਚਨਾ ਵਿਚ ਪਰਵਾਸੀ ਰੰਗਣ ਵੀ ਸ਼ਾਮਲ ਹੋ ਜਾਂਦੀ ਹੈ। 1970 ਤੋਂ ਬਾਅਦ ਜਦੋਂ ਉਹ ਨਕਸਲਬਾੜੀ ਲਹਿਰ ਨਾਲ਼ ਜੁੜਦਾ ਹੈ ਤਾਂ ਇਸ ਲਹਿਰ ਦੇ ਸਰਗਰਮ ਕਾਰਕੁਨ ਵਜੋਂ ਲਹਿਰ ਦਾ ਸਾਥ ਦਿੰਦਾ ਹੈ, ਜਿਸ ਦੌਰਾਨ ਉਸਨੂੰ ਕਈ ਵਾਰ ਜੇਲ੍ਹ ਯਾਤਰਾ ਵੀ ਕਰਨੀ ਪੈਂਦੀ ਹੈ। ਖੱਬੇ ਪੱਖੀ ਵਿਚਾਰਾਂ ਦਾ ਧਾਰਨੀ ਸਹਿਰਾਅ ਉਸ ਸਮੇਂ ਦੇ ਪ੍ਰਸਿੱਧ ਲੇਖਕਾਂ ਅਤੇ ਪਾਰਟੀ ਕਾਰਕੁਨਾਂ ਦੇ ਸੰਪਰਕ ਵਿਚ ਰਹਿੰਦਾ ਹੈ ਜਿਸ ਨਾਲ ਉਸਦੀ ਸਾਹਿਤਕ ਅਤੇ ਵਿਚਾਰਧਾਰਕ ਸਮਝ ਪੱਕਿਆਂ ਹੁੰਦੀ ਹੈ ਅਤੇ ਇਹ ਸਮਝ ਉਸਦੀ ਅਗਲੇਰੀ ਜੀਵਨ ਜਾਚ ਬਣ ਜਾਂਦੀ ਹੈ। ਹੁਣ ਜਦ ਉਹ ਪਿਛਲੇ ਲੰਮੇ ਸਮੇਂ ਤੋਂ ਪਰਵਾਸੀ ਦੇ ਰੂਪ ਵਿਚ ਵਿਦੇਸ਼ ਵਿਚ ਰਹਿ ਰਿਹਾ ਹੈ, ਹੁਣ ਵੀ ਉਸਦੀ ਰਚਨਾ ਦਾ ਪਸਾਰ ਖੱਬੇ ਪੱਖੀ ਵਿਚਾਰਧਾਰਾ ਦੇ ਇਰਦ-ਗਿਰਦ ਘੁੰਮਦਾ ਹੈ। ਉਸਦੀਆਂ ਕਵਿਤਾਵਾਂ ਵਿਚ ਜਿੱਥੇ ਇਹ ਮਾਨਵਵਾਦੀ ਅੰਸ਼ ਉਜਾਗਰ ਹੁੰਦੇ ਹਨ ਉੱਥੇ ਹੀ ਉਸਦੀ ਵਾਰਤਕ ਦੀ ਰੰਗਤ ਵੀ ਇਸੇ ਤਰ੍ਹਾਂ ਦੀ ਹੀ ਹੈ।

ਹੱਥਲੀ ਪੁਸਤਕ 'ਸੁਰਖ਼ ਰਾਹਾਂ ਦੇ ਹਮਸਫ਼ਰ' (ਪੰਨੇ 164, ਕੀਮਤ: 295 ਰੁਪਏ, ਚੇਤਨਾ ਪ੍ਰਕਾਸ਼ਨ ਲੁਧਿਆਣਾ) ਸਿਰਫ ਵਾਰਤਕ ਦੀ ਪੁਸਤਕ ਨਾ ਹੋ ਕੇ ਇਕ ਇਤਿਹਾਸਕ ਦਸਤਾਵੇਜ਼ ਹੈ, ਜੋ ਨਕਸਲੀ ਦੌਰ ਦੀਆਂ ਹਕੀਕਤਾਂ ਅਤੇ ਅਫ਼ਸਾਨਿਆਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਇਸ ਪੁਸਤਕ ਵਿਚ ਕੁੱਲ ਵੀਹ ਲੇਖ ਸ਼ਾਮਲ ਹਨ ਜਿਹਨਾਂ ਵਿਚ ਵਿਅਕਤੀ ਚਿੱਤਰਾਂ ਸਮੇਤ ਆਪਣੇ ਪਿੰਡ ਅਤੇ ਪਿੰਡ ਦੇ ਲੋਕਾਂ ਬਾਰੇ ਇਕ ਲੇਖ ਵੀ ਸ਼ਾਮਲ ਹੈ। ਇਹ ਇਕ ਵੱਖਰੀ ਕਿਸਮ ਦਾ ਲੇਖ ਹੈ, ਜਿਸ ਵਿਚ ਯਾਦਾਂ ਦੀ ਤਸਵੀਰਕਸ਼ੀ ਨਾ ਹੋ ਕੇ ਵਿਅਕਤੀਆਂ ਦੇ ਸੁਭਾਅ ਅਤੇ ਕੰਮਾਂ ਦੇ ਵੇਰਵੇ ਸ਼ਾਮਲ ਹਨ, ਕੰਮ ਵੀ ਉਹ ਜਿਹੜੇ ਆਮ ਲੋਕਾਂ ਨੂੰ ਖ਼ਾਸ ਬਣਾਉਂਦੇ ਹਨ, ਭਾਵੇਂ ਕਿ ਤਾ-ਉਮਰ ਉਹਨਾਂ ਨੂੰ ਆਮ ਲੋਕਾਂ ਦੀ ਸ਼੍ਰੇਣੀ ਵਿਚ ਹੀ ਰੱਖਿਆ ਗਿਆ ਹੋਵੇ। ਜਦੋਂ ਅਖ਼ਬਾਰ ਦੀਆਂ ਖ਼ਬਰਾਂ ਸੁਣਦਿਆਂ ਚਾਨਣ ਸਿੰਘ ਅਮਲੀ ਪੁੱਛਦਾ ਹੈ ਕਿ, "ਸੋਹਣਿਆਂ ਇਹ ਪਾਕਿਸਤਾਨ ਚਾਹੁੰਦਾ ਕੀ ਆ। ਕਾਹਤੋਂ ਚਿੰਜੜੀਆਂ ਛੇੜਦਾ ਰਹਿੰਦਾ?" ਤਾਂ ਜੁਆਬ ਵਿਚ ਸੁਰੈਣ ਸਿੰਘ ਹੁੱਕਾ ਛੱਡ ਕੇ ਕਹਿੰਦਾ ਹੈ, "ਓਏ ਅਮਲੀਆ, ਇਹ ਪਾਕਿਸਤਾਨ ਸਾਡੇ ਤੋਂ ਖੂਹ ਮੁੱਢਲਾ ਖੇਤ ਮੰਗਦਾ। ਭਲਾ ਖੂਹ ਮੁੱਢਲਾ ਖੇਤ ਕੌਣ ਛੱਡਦਾ।" ਇਹ ਅਜਿਹਾ ਵੇਰਵਾ ਹੈ ਜਿਹੜਾ ਪੰਜਾਬ ਦੇ ਪੇਂਡੂ ਲੋਕਾਂ ਦੀ ਰਾਜਨੀਤਕ ਸਮਝ ਦੀ ਵਿਆਖਿਆ ਹੈ, ਉਹਨਾਂ ਪੇਂਡੂ ਲੋਕਾਂ ਦੀ ਜਿਹਨਾਂ ਨੂੰ ਰਾਜਨੀਤੀ ਕੱਖ ਨਹੀਂ ਸਮਝਦੀ ਪਰ ਜਿਹੜੇ ਖੁਦ ਰਾਜਨੀਤੀ ਨੂੰ ਕੱਖ ਨਹੀਂ ਸਮਝਦੇ।

ਜਸਵੰਤ ਖਟਕੜ, ਦਰਸ਼ਨ ਖਟਕੜ, ਅਮੋਲਕ ਸਿੰਘ ਜੰਮੂ, ਕਮਲਜੀਤ ਵਿਰਕ ਬਾਰੇ ਲਿਖੇ ਲੇਖ ਸਿਰਫ ਵਿਅਕਤੀ ਚਿੱਤਰ ਨਹੀਂ ਸਗੋਂ ਵਿਅਕਤੀ ਚਿੱਤਰ ਲਿਖਣ ਬਹਾਨੇ ਕੀਤਾ ਗਿਆ ਨਵਾਂ ਤਜਰਬਾ ਹੈ, ਜਿਹੜਾ ਇਤਿਹਾਸਕ ਤੱਥਾਂ ਦੀ ਪੇਸ਼ਕਾਰੀ ਵੀ ਹੈ। ਨਕਸਲੀ ਦੌਰ ਦੇ ਇਤਿਹਾਸ ਨੂੰ ਜਾਨਣ ਵਾਲੇ ਵਿਦਿਆਰਥੀਆਂ/ਖੋਜਾਰਥੀਆਂ ਲਈ ਇਸ ਕਿਤਾਬ ਵਿਚੋਂ ਹਵਾਲੇ ਮਿਲ ਸਕਦੇ ਹਨ। 'ਕਵਿਤਾ ਦਾ ਕਮਾਲ', 'ਜੇਬ ਕੁਤਰੇ', 'ਗੁਰੂ ਨਗਰੀ ਦਾ ਬੁੱਚੜਖਾਨਾ', 'ਐਮਰਜੈਂਸੀ', 'ਮੀਸਾ ਤੇ ਜੇਲ੍ਹ' ਆਦਿ ਲੇਖ ਵੀ ਨਕਸਲੀ ਦੌਰ ਦੌਰਾਨ ਲੇਖਕ ਦੀਆਂ ਗਤੀਵਿਧੀਆਂ ਅਤੇ ਜੇਲ੍ਹ ਪ੍ਰਸੰਗ ਨਾਲ਼ ਭਰੇ ਹੋਏ ਹਨ। ਇਹਨਾਂ ਸਮਿਆਂ ਦੀ ਰਾਜਸੀ ਉਥਲ-ਪੁਥਲ, ਪਾਰਟੀਆਂ ਦੀ ਆਪਸੀ ਖਿੱਚੋਤਾਣ, ਪ੍ਰਸ਼ਾਸਨ ਅਤੇ ਜੁਝਾਰੂ ਲੋਕਾਂ ਦੇ ਆਪਸੀ ਟਕਰਾਅ ਅਤੇ ਸਥਾਪਤੀ ਦੀਆਂ ਚਾਲਾਂ ਆਦਿ ਇਹਨਾਂ ਲੇਖਾਂ ਦੇ ਰਾਜਨੀਤਕ ਪ੍ਰਸੰਗਾਂ ਨੂੰ ਉਜਾਗਰ ਕਰਦੇ ਹਨ।

ਡਾ. ਜਗਤਾਰ, ਸੰਤ ਰਾਮ ਉਦਾਸੀ, ਪਾਸ਼ ਆਦਿ ਕਵੀਆਂ ਬਾਰੇ ਲਿਖੇ ਲੇਖ ਜਿੱਥੇ ਇਹਨਾਂ ਕਵੀਆਂ ਦੇ ਜੀਵਨ, ਰਚਨਾ ਅਤੇ ਔਕੜਾਂ ਨੂੰ ਪੇਸ਼ ਕਰਦੇ ਹਨ, ਉੱਥੇ ਹੀ ਇਹਨਾਂ ਪ੍ਰਤੀ ਲੋਕਾਂ ਦੇ ਪਿਆਰ ਨੂੰ ਵੀ ਦਿਖਾਉਂਦੇ ਹਨ। ਲੇਖਕ ਕਿਉਂਕਿ ਉਹਨਾਂ ਸਮਿਆਂ ਦਾ ਗਵਾਹ ਹੈ ਇਸ ਲਈ ਇਹਨਾਂ ਲੇਖਾਂ ਨੂੰ ਪੜ੍ਹਨ ਸਮੇਂ ਪਾਠਕ ਉਸ ਦੌਰ ਵਿਚ ਖ਼ੁਦ ਨੂੰ ਵਿਚਰਦਾ ਮਹਿਸੂਸ ਕਰਦਾ ਹੈ। ਜੁਝਾਰੂ ਕਵਿਤਾ ਦੇ ਉਸ ਦੌਰ ਵਿਚ ਪਾਸ਼ ਅਤੇ ਉਦਾਸੀ ਦੀ ਚੜ੍ਹਤ ਅਤੇ ਡਾ. ਜਗਤਾਰ ਉੱਪਰ ਉਸ ਲਹਿਰ ਦਾ ਪ੍ਰਭਾਵ ਅਤੇ ਰਚਨਾ ਪ੍ਰਕਿਰਿਆ ਵਿਚ ਇਸਦਾ ਅਮਲ ਇਸ ਦੌਰ ਦੇ ਹਾਲਾਤ ਨੂੰ ਜਾਣ ਕੇ ਹੀ ਸਮਝਿਆ ਜਾ ਸਕਦਾ ਹੈ। ਨੌਜਵਾਨਾਂ ਅੰਦਰ ਉਸ ਲਹਿਰ ਪ੍ਰਤੀ ਖਿੱਚ ਅਤੇ ਵਿਦਿਆਰਥੀਆਂ

ਦੁਆਰਾ ਉਸ ਲਹਿਰ ਦੇ ਆਸਰੇ ਜਿੱਤੇ ਗਏ ਮੋਰਚੇ ਨਕਸਲੀ ਲਹਿਰ ਦੀ ਸਾਰਥਿਕਤਾ ਨੂੰ ਪੇਸ਼ ਕਰਦੇ ਹਨ। ਵਾਰ-ਵਾਰ ਇਹ ਪ੍ਰਸੰਗ ਆਉਂਦਾ ਹੈ ਕਿ ਲਹਿਰ ਨਿਰਾ-ਪੁਰਾ ਮਾਰਕਸੀ ਚਿੰਤਨ ਉੱਤੇ ਕੇਂਦਰਤ ਨਹੀਂ ਸੀ ਸਗੋਂ ਇਸ ਲਹਿਰ ਦਾ ਇਕ ਵਿਚਾਰਧਾਰਕ ਕੋਣ ਸਿੱਖ ਇਤਿਹਾਸ ਦੇ ਵੇਰਵੇ ਅਤੇ ਵਿਚਾਰਧਾਰਕ ਖਾਕਾ ਵੀ ਸੀ, ਜਿਸ ਨਾਲ਼ ਇਹ ਆਮ ਲੋਕਾਈ ਦੀ ਧਿਰ ਬਣਨ ਦੇ ਵਿਚ ਕਾਮਯਾਬ ਹੋ ਸਕੀ। ਪਰ ਅਗਲੇ ਸਾਲਾਂ ਵਿਚ ਆਈ ਨਵੀਂ ਲਹਿਰ ਨੇ ਜਿੱਥੇ ਇਸ ਲਹਿਰ ਨੂੰ ਢਾਹ ਲਾਈ, ਉੱਥੇ ਹੀ ਉਹ ਆਮ ਲੋਕਾਂ ਵਿਚ ਦਹਿਸ਼ਤ ਤੋਂ ਇਲਾਵਾ ਆਪਣੀ ਸਾਖ਼ ਨਾ ਬਣਾ ਸਕੀ।

ਪ੍ਰੋ. ਨਰਿੰਜਨ ਢੇਸੀ, ਅਨੂਪ ਵਿਰਕ, ਜਾਵੇਦ ਬੂਟਾ ਅਤੇ ਜਸਵਿੰਦਰ (ਗ਼ਜ਼ਲਗੋ) ਬਾਰੇ ਲਿਖੇ ਲੇਖਾਂ ਵਿਚ ਸਾਹਿਤ ਕਰਮੀਆਂ ਦੇ ਸੁਭਾਅ ਅਤੇ ਉਹਨਾਂ ਦੀ ਸਾਹਿਤ ਨੂੰ ਦੇਣ ਦਾ ਵਰਣਨ ਕਰਨ ਦੇ ਨਾਲ਼ ਨਾਲ਼ ਸਾਹਿਤ ਪ੍ਰਚਾਰ ਅਤੇ ਪ੍ਰਸਾਰ ਲਈ ਉਹਨਾਂ ਦੀ ਘਾਲਣਾ ਨੂੰ ਵਡਿਆਇਆ ਗਿਆ ਹੈ। ਭਾਰਤ-ਪਾਕਿ ਦੋਵਾਂ ਦੇਸ਼ਾਂ ਦੇ ਸਾਹਿਤਕਾਰਾਂ ਦਾ ਆਪਸੀ ਮੇਲ ਹੀ ਪੰਜਾਬੀ ਸਾਹਿਤ ਨੂੰ ਨਵੀਂ ਦੇਣ/ਦਿਸ਼ਾ/ਪਾਸਾਰ ਦੇ ਸਕਦਾ ਹੈ, ਇਸ ਸਮਝ ਅਧੀਨ ਵਿਦੇਸ਼ਾਂ ਵਿਚ ਬਣੀਆਂ ਸਾਹਿਤਕ ਸਭਾਵਾਂ ਦੀਆਂ ਸਾਂਝੀਆਂ ਸਰਗਰਮੀਆਂ ਦੇ ਵੇਰਵੇ ਇਹਨਾਂ ਲੇਖਾਂ ਵਿਚ ਮਿਲਦੇ ਹਨ।

ਕਿਤਾਬ ਦਾ ਆਖ਼ਰੀ ਲੇਖ 'ਅਮਨ ਦੇ ਆਸ਼ਿਕ'-ਅਮਿਸ਼ ਲੋਕਾਂ ਬਾਰੇ ਹੈ ਜਿਹੜੇ ਅਮਰੀਕਾ ਵਰਗੇ ਅਤਿ-ਉੱਨਤ ਕਹਾਉਂਦੇ ਦੇਸ਼ ਵਿਚ ਆਪਣੇ ਸੱਭਿਆਚਾਰ ਅਤੇ ਮਾਨਤਾਵਾਂ ਨੂੰ ਬਚਾ ਕੇ ਬੈਠੇ ਹੋਏ ਹਨ। ਇਹਨਾਂ ਲੋਕਾਂ ਦੀ ਜਿੱਥੇ ਆਪਣੀ ਨਵੀਂ ਪੌਦ ਨਾਲ਼ ਟੱਕਰ ਹੈ ਉੱਥੇ ਹੀ ਅਮਰੀਕੀ ਸੱਭਿਆਚਾਰ ਤੋਂ ਨਿਰਲੇਪ ਰਹਿਣਾ ਵੀ ਇਕ ਲੜਾਈ ਹੈ।

ਹੈਮਿੰਗਵੇ ਕਹਿੰਦਾ ਹੈ ਕਿ ਜਦੋਂ ਤੁਹਾਡੇ ਖ਼ੂਹ ਵਿਚੋਂ ਪਾਣੀ ਦੇ ਨਾਲ਼ ਨਾਲ਼ ਰੇਤ ਆਉਣ ਲੱਗ ਜਾਵੇ ਤਾਂ ਤੁਹਾਨੂੰ ਆਪਣਾ ਖ਼ੂਹ ਬਦਲ ਲੈਣਾ ਚਾਹੀਦਾ ਹੈ। ਕਵੀਆਂ ਬਾਰੇ ਕਿਹਾ ਜਾਂਦਾ ਹੈ ਕਿ ਜਦੋਂ ਕਵਿਤਾ ਆਉਣੋਂ ਬੰਦ ਹੋ ਜਾਵੇ ਤਾਂ ਕਵੀ ਨੂੰ ਵਾਰਤਕ ਲਿਖਣੀ ਚਾਹੀਦੀ ਹੈ। ਰਵਿੰਦਰ ਸਹਿਰਾਅ ਦੀ ਇਹ ਵਾਰਤਕ ਪੁਸਤਕ ਕਿਸ ਤਰ੍ਹਾਂ ਦੇ ਅਮਲ ਵਿਚੋਂ ਨਿਕਲੀ ਹੈ, ਇਹ ਤਾਂ ਉਹ ਖ਼ੁਦ ਹੀ ਜਾਣਦਾ ਹੈ ਪਰ ਜੇਕਰ ਇਸ ਤਰ੍ਹਾਂ ਦੀ ਵਾਰਤਕ ਹੀ ਲਿਖ ਲਈ ਜਾਵੇ ਤਾਂ ਵੀ ਕੋਈ ਝੋਰਾ ਨਹੀਂ। ਮੁੱਦਤ ਬਾਅਦ ਇਸ ਤਰ੍ਹਾਂ ਦੀ ਵਾਰਤਕ ਪੜ੍ਹਨ ਨੂੰ ਮਿਲੀ ਹੈ ਜਿਸਦੇ ਅਨੇਕ ਪਾਸਾਰ ਹਨ। ਰਵਿੰਦਰ ਸਹਿਰਾਅ ਦੀ ਇਹ ਕਿਤਾਬ ਯਾਦਗਾਰੀ ਹੋਵੇਗੀ ਅਤੇ ਉਸਤੋਂ ਪਾਠਕ ਉਮੀਦ ਕਰਨਗੇ ਕਿ ਨਕਸਲੀ ਲਹਿਰ ਦੇ ਆਪਣੇ ਅਨੁਭਵਾਂ ਨੂੰ ਹੋਰ ਵਿਸਥਾਰ ਵਿਚ ਲਿਖੇ ਤਾਂ ਜੋ ਪਾਠਕ ਉਸ ਦੌਰ ਬਾਰੇ ਆਪਣੀ ਸਮਝ ਵਿਸ਼ਾਲ ਕਰ ਸਕੇ। ਇਕੋ ਬੈਠਕ ਵਿਚ ਪੜ੍ਹੀ ਜਾ ਸਕਣ ਵਾਲੀ ਇਸ ਰਵਾਨੀ ਭਰੀ ਵਾਰਤਕ ਲਿਖਤ ਲਈ ਰਵਿੰਦਰ ਸਹਿਰਾਅ ਵਧਾਈ ਦਾ ਹੱਕਦਾਰ ਹੈ। **-ਹਰਵਿੰਦਰ**

## ਕ੍ਰਾਂਤੀ ਦੀ ਭਾਸ਼ਾ (ਕਵਿਤਾ) ਸੁਖਿੰਦਰ

ਸੁਖਿੰਦਰ ਦੀ ਪੰਜਾਬੀ ਸਾਹਿਤ ਜਗਤ ਵਿਚਲੀ ਪਛਾਣ ਸਪਾਟ ਤੇ ਸਿੱਧੇ ਸ਼ਬਦਾਂ ਵਾਲੀ ਲਿਖਤ ਦੇ ਲੇਖਕ ਵਜੋਂ ਹੈ। ਇਸ ਗੱਲ ਦੀ ਪੁਸ਼ਟੀ ਸੁਖਿੰਦਰ ਦੀ ਹੱਥਲੀ ਪੁਸਤਕ 'ਕ੍ਰਾਂਤੀ ਦੀ ਭਾਸ਼ਾ' ਵਿਚਲੀ ਭੂਮਿਕਾ ਵਿਚ ਡਾ. ਰਵਿੰਦਰ ਕੌਰ ਕਾਕੜਾ ਨੇ ਵੀ ਕੀਤੀ ਹੈ, ਜੋ ਉਸਨੂੰ 'ਸੁਹਜ ਸ਼ਾਸਤਰ ਦੀ ਲੀਕ ਤੋਂ ਹਟ ਕੇ' ਲਿਖਣ ਵਾਲਾ ਕਵੀ ਆਖਦੀ ਹੈ। ਇਸ ਕਾਵਿ ਸੰਗ੍ਰਹਿ ਤੋਂ ਪਹਿਲਾਂ ਸੁਖਿੰਦਰ ਦੀਆਂ ਕਵਿਤਾ, ਆਲੋਚਨਾ, ਵਾਰਤਕ, ਨਾਵਲ ਅਤੇ ਸੰਪਾਦਨਾ ਦੀਆਂ ਕੁੱਲ 45 ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਸੁਖਿੰਦਰ ਦੀਆਂ ਵਧੇਰੇ ਚਰਚਿਤ ਕੁੱਤਿਆਂ ਬਾਰੇ ਕਵਿਤਾਵਾਂ ਹਨ। ਸ਼ਿਵ ਕੁਮਾਰ ਬਟਾਲਵੀ ਦੀ ਵੀ ਕੁੱਤਿਆਂ ਬਾਰੇ ਬੜੀ ਭਾਵਪੂਰਤ ਤੇ ਸੰਵੇਦਨਸ਼ੀਲਤਾ ਨਾਲ ਲਬਰੇਜ਼ ਕਵਿਤਾ ਮਿਲਦੀ ਹੈ:

*ਕੁੱਤਿਓ ਰਲ ਕੇ ਭੌਂਕੋ, ਤਾ ਕਿ ਮੈਨੂੰ ਨੀਂਦ ਨਾ ਆਵੇ*
*ਰਾਤ ਹੈ ਕਾਲੀ ਚੋਰ ਨੇ ਫਿਰਦੇ, ਕੋਈ ਘਰ ਨੂੰ ਸੰਨ੍ਹ ਨਾ ਲਾਵੇ*

*ਉਂਝ ਤਾਂ ਮੇਰੇ ਘਰ ਵਿਚ ਕੁਝ ਨਹੀਂ, ਕੁਝ ਹਉਕੇ ਕੁਝ ਹਾਵੇ*
*ਕੁੱਤਿਆਂ ਦਾ ਮਸ਼ਕੂਰ ਬੜਾ ਹਾਂ. ਰਾਤ ਤੋਂ ਡਰ ਨਾ ਆਵੇ ...*

ਸੁਖਿੰਦਰ ਵੀ ਸ਼ਿਵ ਕੁਮਾਰ ਵਾਂਗ 'ਕੁੱਤਿਆਂ' ਨੂੰ ਮੈਟਾਫਰ ਵਜੋਂ ਵਰਤਦਾ ਹੈ ਅਤੇ ਸਮਾਜਕ ਤੰਤਰ ਦੀ ਅਵਸਥਾ ਨੂੰ ਡੀਕੋਡ ਕਰਦਾ ਹੈ। 'ਕ੍ਰਾਂਤੀ ਦੀ ਭਾਸ਼ਾ' ਪੁਸਤਕ ਵਿਚਲੀਆਂ ਉਸ ਦੀਆਂ ਕਵਿਤਾਵਾਂ ਜੋ ਕੁੱਤਿਆਂ ਦੇ ਮੈਟਾਫਰ ਵਜੋਂ ਸਮਾਜਕ ਤੰਤਰ ਤੇ ਅਰਥ ਵਿਵਸਥਾ ਬਾਰੇ ਲਿਖੀਆਂ ਗਈਆਂ ਹਨ, ਨੂੰ ਇਕ ਕੜੀ ਵਿਚ ਜੋੜ ਕੇ ਸਮਝਣਾ ਚਾਹੀਦਾ ਹੈ, ਉਹ ਕੁੱਤਿਆਂ ਬਾਰੇ ਲਿਖਦਾ ਹੈ:

*ਕੁੱਤਿਆਂ ਨੂੰ ਕਹੋ , ਇਹ ਆਦਮੀ ਬਣਨ ਦੇ, ਪਖੰਡ ਨਾ ਕਰਨ*
*ਆਦਮੀ ਤਾਂ ਪਹਿਲਾਂ ਹੀ ਜ਼ਿੰਦਗੀ ਦੀਆਂ*
*ਹਜ਼ਾਰਾਂ ਯੁੱਧ ਭੂਮੀਆਂ ਵਿਚ*
*ਜੰਗ ਲੜ ਰਿਹਾ ਹੈ*
*ਸਦੀਆਂ ਬੀਤ ਜਾਣ ਬਾਅਦ ਵੀ*
*ਉਸ ਦੇ ਅੰਦਰ ਲੁਕਿਆ ਬੈਠਿਆ*
*ਧਰਮ, ਜਾਤ ਪਾਤ ਅਤੇ ਨਸਲ ਦਾ ਵਹਿਸ਼ੀ ਕੁੱਤਾ*
*ਅਜੇ ਵੀ ਇਕ ਦੂਜੇ ਨੂੰ ਵੱਢ ਰਿਹਾ* (ਪ੍ਰਦੂਸ਼ਤ ਹਵਾ ਨਾਲ ਸੰਵਾਦ )

ਸੁਖਿੰਦਰ ਦੀਆਂ ਕਵਿਤਾਵਾਂ ਪਰਵਾਸੀ ਪੰਜਾਬੀ ਦੇ ਮਨ ਦੀਆਂ ਪਰਤਾਂ ਦਾ ਖੁਲਾਸਾ ਹੈ। ਉਹ ਲੰਮੇ ਸਮੇਂ ਤੋਂ ਪਰਵਾਸ ਦੀਆਂ ਤਲਖ ਹਕੀਕਤਾਂ ਦਾ ਸਾਹਮਣਾ ਕਰਦਾ ਰਿਹਾ ਹੈ। ਪਰਵਾਸ ਦੌਰਾਨ ਆਪਣੀ ਜੰਮਣ ਭੋਇੰ ਨਾਲ ਮੋਹ ਤੇ ਹੇਰਵਾ ਹੋਣਾ ਸੁਭਾਵਕ ਹੈ। ਇਸੇ ਲਈ ਉਸਦੀਆਂ ਕਵਿਤਾਵਾਂ ਵਿਚ ਵਾਰ ਵਾਰ ਪੰਜਾਬ ਦਾ ਫ਼ਿਕਰ ਤੇ ਜ਼ਿਕਰ ਹੈ। ਸੁਖਿੰਦਰ ਪੰਜਾਬ ਅੰਦਰ ਹੋ ਰਹੇ ਰਾਜਸੀ, ਸਮਾਜਕ ਪ੍ਰਬੰਧ ਦੀ ਉਥਲ-ਪੁਥਲ ਦੇ ਵਿਰੁੱਧ ਯੁੱਧ ਦਾ ਸ਼ਬਦਾਂ ਰਾਹੀਂ ਵਿਸਫੋਟ ਕਰਦਾ ਹੈ। ਸੁਹਜ ਦੀ ਲੀਕ ਤੋਂ ਹਟ ਕੇ ਮਨੁੱਖੀ ਮਨ ਦੇ ਅੰਦਰਲੇ ਉਬਾਲ਼ੇ ਨੂੰ ਸ਼ਾਬਦਿਕ ਜਾਮਾ ਪਹਿਨਾਉਣਾ ਸੁਖਿੰਦਰ ਦੀ ਕਵਿਤਾ ਦਾ ਹਾਸਲ ਹੈ:

*ਸੱਤਾ ਦੇ ਪਾਲ਼ੇ ਕੁੱਤੇ*
*ਇਤਿਹਾਸ ਸਿਰਜਕਾਂ ਨੂੰ ਭੌਂਕਦੇ ਹਨ*
*ਸੱਤਾ ਦੇ ਪਾਲ਼ੇ ਭੇੜੀਏ*
*ਇਤਿਹਾਸ ਸਿਰਜਕਾਂ ਨੂੰ ਵੱਢਦੇ ਹਨ*
*ਸੱਤਾ ਦੇ ਪਾਲ਼ੇ ਸੱਪ*
*ਇਤਿਹਾਸ ਸਿਰਜਕਾਂ ਨੂੰ ਡੰਗਦੇ ਹਨ*

'ਕ੍ਰਾਂਤੀ ਦੀ ਭਾਸ਼ਾ' ਵਿਚਲੀਆਂ ਕਵਿਤਾਵਾਂ ਪੰਜਾਬੀ ਕਾਵਿ-ਪਰੰਪਰਾ ਦੀਆਂ ਪੈੜਾਂ ਨੂੰ ਹੀ ਫਰੋਲਦੀਆਂ ਹਨ। ਸੁਖਿੰਦਰ ਦੀ ਕਵਿਤਾ 'ਕ੍ਰਾਂਤੀ ਸਾਡੇ ਸਮਿਆਂ ਵਿਚ' ਪਾਸ਼ ਦੀ ਕਵਿਤਾ 'ਸਾਡੇ ਸਮਿਆਂ ਵਿਚ' ਯਾਦ ਕਰਾਉਂਦੀ ਹੈ, ਜਿਸ ਵਿਚ ਕਵੀ ਲਿਖਦਾ ਹੈ:

*ਰਾਜਨੀਤੀ ਗੰਗਾ ਦੇ ਪਾਣੀਆਂ ਵਾਂਗ*
*ਗੰਧਲੀ ਹੋ ਚੁੱਕੀ ਹੈ*
*ਰਾਜਨੀਤੀਵਾਨ ਨਿਜਪ੍ਰਸਤੀ ਦੀ ਦਲਦਲ ਵਿਚ*
*ਡੂੰਘੇ ਧਸ ਚੁੱਕੇ ਹਨ*
*ਨੇਤਾ ਲੋਕਾਂ ਨੂੰ ਧਰਮ ਦੇ ਨਾਮ ਉੱਤੇ*
*ਲੜਾਉਣ ਲਈ ਸਾਜ਼ਿਸ਼ਾਂ ਕਰ ਰਹੇ ਹਨ*
*ਪੁਲਿਸ ਲੋਕਾਂ ਉੱਤੇ ਡਾਂਗਾਂ ਦਾ ਮੀਂਹ ਵਰ੍ਹਾਉਣ ਵਿਚ ਰੁੱਝੀ ਹੋਈ ਹੈ*
*ਡੈਮੋਕਰੇਸੀ ਸ਼ਹਿਰ ਦੀਆਂ ਸੜਕਾਂ ਉੱਤੇ*
*ਡੂੰਘੇ ਟੋਏ ਪੁੱਟਣ ਵਿਚ ਗਲਤਾਨ ਹੈ*

ਸੁਖਿੰਦਰ ਦੀ ਸਮੁੱਚੀ ਕਵਿਤਾ ਸਮਕਾਲੀ ਰਾਜਸੀ ਤੇ ਸਮਾਜਕ ਮਸਲਿਆਂ ਦੀ ਪਛਾਣ ਕਰਾਉਂਦੀ ਹੈ ਅਤੇ ਸਮਾਜ ਵਿਚ ਨਵੀਂ ਕਿਸਮ ਦੇ ਬਣ ਰਹੇ ਲੋਕਤੰਤਰ ਦੀਆਂ ਘੁਣਤਰਾਂ ਨੂੰ ਵੰਗਾਰਦੀ ਹੈ, ਜਿਸ ਵਿਚ ਉਸ ਦੀਆਂ 'ਸਥਾਪਤੀ ਦੇ ਪੈਰ ਚੁੰਮਣ ਦੀ ਕਾਹਲ' , 'ਖ਼ਾਕੀ ਨਿਕਰਾਂ', 'ਨੇਤਾ ਦੀ ਭਾਸ਼ਾ' ਅਤੇ ਹੋਰ ਕਈ ਕਵਿਤਾਵਾਂ ਸ਼ਾਮਲ ਹਨ। ਇਹਨਾਂ ਕਵਿਤਾਵਾਂ ਤੋਂ ਇਲਾਵਾ ਕਿਸਾਨੀ ਅੰਦੋਲਨ ਵੇਲ਼ੇ ਕਵੀਆਂ ਤੇ ਬੁੱਧੀਮਾਨਾਂ ਦੀ ਗ਼ੈਰ-ਹਾਜ਼ਰੀ ਵਾਲੀ ਭੂਮਿਕਾ ਨੂੰ ਮੁਖ਼ਾਤਬ ਕਵਿਤਾਵਾਂ ਇਸ ਸੰਗ੍ਰਹਿ ਦਾ ਸ਼ਿੰਗਾਰ ਹਨ। ਬਹੁਤੀ ਵਾਰ ਇਹਨਾਂ ਫਿਕਰਾਂ ਵਿਚੋਂ ਨਿਕਲੀ ਸੁਖਿੰਦਰ ਦੀ ਕਵਿਤਾ ਸਿਰਫ਼ ਨਾਅਰੇ ਵਰਗੀ ਭਾਸ਼ਾ ਸਿਰਜ ਲੈਂਦੀ ਹੈ, ਜਿਸ ਨਾਲ ਕਵਿਤਾ ਦੀ ਸੁਹਜ ਤੇ ਸੰਵੇਦਨਾ ਛਿਪ ਜਾਂਦੀ ਹੈ। ਅਤੇ ਇਸ ਨਾਲ ਉਸ ਦੀ ਬਹੁਤੀ ਕਵਿਤਾ ਨਾਅਰੇ ਦੇ ਰੂਪ ਵਿਚ ਬਦਲਦੀ ਨਜ਼ਰ ਆਉਂਦੀ ਹੈ, ਜਿਸ ਨਾਲ ਸੰਵੇਦਨਸ਼ੀਲ ਪਾਠਕ ਉਸ ਕਵਿਤਾ ਤੋਂ ਵਿੱਥ ਸਥਾਪਤ ਕਰ ਲੈਂਦਾ ਹੈ। **-ਜਤਿੰਦਰ ਸਿੰਘ**

## ਦਫ਼ਤਰਨਾਮਾ (ਵਾਰਤਕ) ਜੋਗੇ ਭੰਗਲ

ਸਮਕਾਲ ਵਿਚ ਸਾਹਿਤ ਸਿਰਜਣਾ ਦੇ ਖੇਤਰ ਵਿਚ ਵਾਰਤਕ ਰਚਨਾ ਦਾ ਰੁਝਾਨ ਬਹੁਤ ਘਟ ਗਿਆ ਹੈ। 20ਵੀਂ ਸਦੀ ਦੇ ਮਧ ਵਿਚ ਵਾਰਤਕ ਪੂਰੀ ਚੜ੍ਹਤ ਵਿਚ ਸੀ ਜਦੋਂ ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਪ੍ਰਿੰਸੀਪਲ ਤੇਜਾ ਸਿੰਘ ਦੀ ਲੇਖਣ ਸ਼ੈਲੀ ਤੋਂ ਪੰਜਾਬੀ ਪਾਠਕ ਆਪਣੇ ਜੀਵਨ ਲਈ ਸੇਧ ਲੈਂਦੇ ਸੀ। ਅੱਜੋਕੇ ਸਮੇਂ ਵਿਚ ਦੂਜੀਆਂ ਵਿਧਾਵਾਂ ਦੇ ਟਾਕਰੇ ਵਾਰਤਕ ਦੇ ਸੰਬੰਧ ਵਿਚ ਅਜਿਹਾ ਕੋਈ ਦਾਅਵਾ ਨਹੀਂ ਕੀਤਾ ਜਾ ਸਕਦਾ।

ਵਾਰਤਕ ਲਈ ਇਸ ਚੁਨੌਤੀਆਂ ਭਰੇ ਦੌਰ ਵਿਚ ਜੋਗੇ ਭੰਗਲ ਦੀ ਪੁਸਤਕ 'ਦਫ਼ਤਰਨਾਮਾ' ਪਾਠਕਾਂ ਦੇ ਰੂ-ਬ-ਰੂ ਹੁੰਦੀ ਹੈ। ਉੱਤਰ ਆਧੁਨਿਕਤਾ ਦੇ ਸਮੇਂ ਵਿਚ 'ਦਫ਼ਤਰਨਾਮਾ' ਪੁਸਤਕ ਪੰਜਾਬੀ ਵਾਰਤਕ ਦੇ ਪਰੰਪਰਕ ਵਿਧਾ ਦੇ ਨਿਯਮਾਂ ਨਾਲੋਂ ਕੁਝ ਵਿੱਥ ਸਥਾਪਤ ਕਰਦੀ ਹੈ। ਉਸ ਦਾ ਇਕ ਕਾਰਨ ਜੋਗੇ ਭੰਗਲ ਦਾ ਕਹਾਣੀਕਾਰ ਹੋਣਾ ਵੀ ਹੈ। ਵਾਰਤਕ ਵਿਚ ਉਸ ਦਾ ਇਹ ਪਹਿਲਾ ਤਜਰਬਾ ਹੈ। 'ਦਫ਼ਤਰਨਾਮਾ' ਵਿਚ ਜੋਗੇ ਭੰਗਲ ਦੀ ਕਹਾਣੀਕਾਰ ਵਾਲੀ ਝਲਕ ਵਧੇਰੇ ਨਜ਼ਰ ਆਉਂਦੀ ਹੈ। ਵਾਰਤਕ ਦੀ ਵਿਧਾ ਨਾਲੋਂ ਇਹ ਪੁਸਤਕ ਕਹਾਣੀ ਦੇ ਵਧੇਰੇ ਨੇੜੇ ਢੁੱਕਦੀ ਹੈ।

ਦਫ਼ਤਰਨਾਮਾ ਜੋ ਫ਼ਾਰਸੀ ਸ਼ਬਦ ਦਫ਼ਤਰ+ਨਾਮਾ ਦਾ ਸੁਮੇਲ ਹੈ, ਦਫ਼ਤਰ ਸ਼ਬਦ ਮਹਿਕਮਾ ਜਾਂ ਵਿਭਾਗ ਦਾ ਹੀ ਪਰਾਇਵਾਚੀ ਹੈ। ਡਾ. ਅਮਰਵੰਤ ਸਿੰਘ ਆਪਣੀ ਕਿਤਾਬ 'ਅਰਬੀ ਫ਼ਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦ' ਵਿਚ ਲਿਖਦੇ ਹਨ ਕਿ ਮਹਿਕਮਾ ਸ਼ਬਦ ਕਿਸੇ ਸਮੇਂ ਕਾਜ਼ੀ ਦੇ ਹੁਕਮ ਕਰਨ ਦੀ ਜਗ੍ਹਾ ਅਦਾਲਤ ਕਚਹਿਰੀ ਦਫ਼ਤਰ ਇਨਸਾਫ਼ ਕਰਨ ਦੀ ਥਾਂ ਲਈ ਵਰਤਿਆ ਜਾਂਦਾ ਸੀ।

ਜੋਗੇ ਭੰਗਲ ਦੀ ਇਹ ਪੁਸਤਕ ਸਿੱਖਿਆ ਵਿਭਾਗ ਵਿਚਲੇ ਤੰਤਰ ਦੀਆਂ ਘੁਣਤਰਾਂ ਦੇ ਕੁਝ ਪੱਖ ਪਾਠਕਾਂ ਸਾਹਮਣੇ ਰੱਖਦੀ ਹੈ। ਇਸ ਵਿਚ ਸਿੱਖਿਆ ਮਹਿਕਮੇ ਦੇ ਕੰਮ ਕਾਰ ਨਾਲ ਜੁੜੇ ਕੁਝ ਅਣਫਰੋਲੇ ਤੇ ਅਣਗੌਲੇ ਮਸਲਿਆਂ ਨੂੰ ਕਲਮਬੱਧ ਕੀਤਾ ਗਿਆ ਹੈ। ਅਤੇ ਇਹ ਕੁਝ ਕਰਦਿਆਂ ਹੋਇਆਂ ਲੇਖਕ ਵੱਲੋਂ 'ਆਖ ਦਮੋਦਰ ਅੱਖੀਂ ਡਿੱਠਾ' ਵਾਲਾ ਪੈਂਤੜਾ ਅਪਨਾਇਆ ਗਿਆ ਹੈ।

ਜੋਗੇ ਭੰਗਲ ਇਸ ਰਚਨਾ ਦੇ ਸਿਰਲੇਖ 'ਤੇ ਹੱਡਬੀਤੀ ਲਿਖ ਕੇ ਜ਼ਾਹਰ ਕਰ ਦਿੰਦਾ ਹੈ ਕਿ ਇਹ ਉਸ ਦੇ ਜੀਵਨ 'ਤੇ ਆਧਾਰਤ ਰਚਨਾ ਹੈ ਜੋ ਯਾਦਾਂ ਦੇ ਰੂਪ ਵਿਚ ਇਸ ਕਿਤਾਬ ਵਿਚ ਦਰਜ ਹੈ। ਲੇਖਕ ਦੇ ਇਸ ਕਿਤਾਬ ਦੇ ਸਿਰਲੇਖ ਤੋਂ ਇਹ ਜ਼ਾਹਰ ਹੋ ਜਾਂਦਾ ਹੈ ਕਿ ਇਹ ਜੋ ਉਸ ਦੀ ਹੱਡਬੀਤੀ ਹੈ, ਉਸ ਦੀ ਨਿੱਜੀ ਜਾਂ ਪਰਿਵਾਰਕ ਜ਼ਿੰਦਗੀ ਨਾਲੋਂ ਵੱਖਰੀ ਉਸ ਦੇ ਕੰਮ-ਕਾਜੀ ਹਾਲਾਤ ਦਾ ਵਿਸ਼ਲੇਸ਼ਣ ਤੇ ਜਾਇਜ਼ਾ ਹੈ।

ਜਿਵੇਂ ਕਿ ਪਹਿਲਾਂ ਵੇਖਿਆ ਗਿਆ ਹੈ, ਨਿਆਇ ਕਰਨ ਵਾਲੀ ਜਗ੍ਹਾ ਨੂੰ ਦਫ਼ਤਰ ਆਖਦੇ ਸਨ। ਇਸ ਲਿਖਤ ਦੇ ਸਿਰਲੇਖ ਤੋਂ ਸਪੱਸ਼ਟ ਹੁੰਦਾ ਹੈ ਕਿ ਲੇਖਕ ਭੰਗਲ ਦੀ ਇਸ ਪੁਸਤਕ

ਵਿਚਲੀ ਭੂਮਿਕਾ ਕਾਜ਼ੀ ਵਾਲੀ ਹੈ। ਇਸ ਦਾ ਨਿਰਣੈ ਪਾਠਕਾਂ ਦੀ ਕਚਹਿਰੀ ਵਿਚ ਹੀ ਹੋ ਸਕਦਾ ਹੈ। ਸਰਕਾਰੀ ਨੌਕਰੀ ਦੌਰਾਨ ਲੇਖਕ ਦੀ ਜ਼ਿੰਦਗੀ ਵਿਚ ਜੋ ਖਾਸ ਘਟਨਾਵਾਂ ਵਾਪਰਦੀਆਂ ਹਨ, ਉਹਨਾਂ ਨੂੰ ਉਹ ਕਲਮਬੱਧ ਕਰਦਾ ਹੈ। ਪੁਸਤਕ ਵਿਚਲੇ 30 ਲੇਖ ਜੋਗੇ ਭੰਗਲ ਨਾਲ ਨੌਕਰੀ ਦੌਰਾਨ ਵੱਖ ਵੱਖ ਸਮੇਂ ਉੱਤੇ ਹੋਈਆਂ ਬੀਤੀਆਂ ਘਟਨਾਵਾਂ ਤੇ ਯਾਦਾਂ ਦੇ ਦਸਤਾਵੇਜ਼ ਹਨ। ਇਹਨਾਂ ਵਿਚ ਜ਼ਿੰਦਗੀ ਨਾਲ ਦਸਤਪੰਜਾ ਲੈਂਦੀਆਂ ਉਹ ਘਟਨਾਵਾਂ ਵੀ ਹਨ ਜਿਹੜੀਆਂ ਪਾਠਕਾਂ ਦੇ ਮਨ ਮਸਤਕ ਵਿਚ ਖ਼ਲਲ ਪਾਉਂਦੀਆਂ ਹਨ।

ਪਹਿਲੇ ਲੇਖ 'ਕੀੜੀਆਂ ਕਾਢੇ ਵੀ ਜੀਵ' ਵਿਚ ਸਰਕਾਰੀ ਤੰਤਰ ਵਿਚ ਪਸਰੇ ਭ੍ਰਿਸ਼ਟਾਚਾਰ ਦੀ ਤਸਵੀਰ ਪੇਸ਼ ਹੋਈ ਹੈ। ਜੋ ਲੋਕ ਸੱਤਾ ਦੀ ਦੁਰਵਰਤੋਂ ਕਰਦੇ ਹਨ, ਲੇਖਕ ਉਹਨਾਂ ਉੱਤੇ ਵਾਰ ਕਰਦਾ ਹੈ।'ਧੀਆਂ ਧਿਆਣੀਆਂ' ਲੇਖ ਵਿਚ ਪੜ੍ਹਿਆ ਲਿਖਿਆ ਸੰਵੇਦਨਸ਼ੀਲ ਬੰਦਾ ਮਜਬੂਰੀ ਵੱਸ ਕਿਵੇਂ ਦੀ ਜ਼ਿੰਦਗੀ ਬਸਰ ਕਰਦਾ ਹੈ, ਉਸ ਉੱਤੇ ਚਾਨਣਾ ਪਾਇਆ ਗਿਆ ਹੈ। ਬੰਦਾ ਹਮੇਸ਼ਾ ਹਾਲਾਤ ਦੀ ਪੈਦਾਵਾਰ ਹੁੰਦਾ ਹੈ। ਬਹੁਤ ਕੁਝ ਉਸ ਦੇ ਵੱਸ ਨਹੀਂ ਹੁੰਦਾ। ਇਸ ਲੇਖ ਵਿਚ ਹੈੱਡਮਾਸਟਰ ਹਰਦੇਵ ਲਾਲ ਦੇ ਜੀਵਨ ਦੇ ਕੁਝ ਅਹਿਮ ਪਹਿਲੂਆਂ ਰਾਹੀਂ ਉਹਨਾਂ ਸਾਰਿਆਂ ਬੰਦਿਆਂ ਦੀ ਹੋਂਦ ਤੇ ਹੋਣੀ ਨੂੰ ਪੇਸ਼ ਕੀਤਾ ਗਿਆ ਹੈ ਜੋ ਹਾਲਾਤ ਦੇ ਹੱਥੋਂ ਮਜਬੂਰ ਹੁੰਦੇ ਹਨ। 'ਪੱਥਰ ਪਿਘਲ ਗਿਆ' ਲੇਖ ਵਿਚ ਬਾਲ ਮਨ ਦੀਆਂ ਕੋਮਲ ਤੇ ਭਾਵਨਾਤਮਕ ਤਹਿਆਂ ਨੂੰ ਫਰੋਲ ਕੇ ਪਾਠਕਾਂ ਅੱਗੇ ਪੇਸ਼ ਕੀਤਾ ਗਿਆ ਹੈ, ਜਿਸ ਅਨੁਸਾਰ ਛੋਟੀ ਬੱਚੀ ਆਪਣੇ ਭਰਾ ਦੇ ਨਕਲ ਵੇਲੇ ਫੜੇ ਜਾਣ 'ਤੇ ਉਸਨੂੰ ਬਚਾਉਣ ਲਈ ਫਲਾਈਂਗ ਸਟਾਫ ਅੱਗੇ ਬੇਨਤੀਆਂ, ਮਿੰਨਤਾਂ-ਤਰਲੇ ਕਰਦੀ ਹੈ। ਇਸ ਵਿਚ ਭੈਣ-ਭਰਾ ਦੇ ਰਿਸ਼ਤੇ ਅਤੇ ਭੈਣ ਦੀ ਕੁਰਬਾਨੀ ਦੀ ਮਿਸਾਲ ਪੇਸ਼ ਕੀਤੀ ਗਈ ਹੈ।

ਪੁਸਤਕ ਵਿਚਲੀਆਂ ਬਹੁਤ ਸਾਰੀਆਂ ਘਟਨਾਵਾਂ, ਕਿੱਸੇ ਤੇ ਕਹਾਣੀਆਂ ਦਾ ਸੰਬੰਧ ਡੀ.ਪੀ.ਆਈ. (ਸਕੂਲਜ਼) ਦੇ ਚੰਡੀਗੜ੍ਹ ਸਥਿਤ ਦਫ਼ਤਰ ਨਾਲ ਹੈ। ਜਿਵੇਂ ਵਰਿਆਮ ਸੰਧੂ ਦੀ ਕਹਾਣੀ 'ਚੌਥੀ ਕੂਟ' ਵਿਚ ਪੰਜਾਬ ਸੰਕਟ ਦੇ ਦਿਨਾਂ ਵੇਲੇ ਇਕ ਸਕੂਲੀ ਕਲਰਕ ਦੇ ਚੰਡੀਗੜ੍ਹ ਤੋਂ ਅੰਮ੍ਰਿਤਸਰ ਜਾਣ ਦਾ ਵੇਰਵਾ ਹੈ, ਉਵੇਂ ਇਸ ਪੁਸਤਕ ਵਿਚ ਕਰਮਚਾਰੀਆਂ ਤੇ ਅਧਿਆਪਕਾਂ ਵੱਲੋਂ ਸਿੱਖਿਆ ਵਿਭਾਗ ਦੇ ਮੁਖ ਦਫਤਰ ਚੰਡੀਗੜ੍ਹ ਵਿਚ ਗੇੜੇ ਮਾਰਨ ਦੀਆਂ ਦੁਸ਼ਵਾਰੀਆਂ ਦਾ ਜ਼ਿਕਰ ਹੈ। 'ਲੋਹੇ ਨੂੰ ਲੋਹਾ ਕੱਟਦਾ' ਨਾਂ ਦੇ ਲੇਖ ਵਿਚ ਚੰਡੀਗੜ੍ਹ ਸਥਿਤ ਸਿੱਖਿਆ ਵਿਭਾਗ ਦੇ ਮੁੱਖ ਦਫ਼ਤਰ ਦੀ ਵਿੱਥਿਆ ਨੂੰ ਬਿਆਨ ਕੀਤਾ ਗਿਆ ਹੈ। ਇਹ ਲੇਖ ਅਧਿਆਪਕਾਂ ਤੇ ਕਲਰਕਾਂ ਦੇ ਆਪਸੀ ਦਵੰਦਮਈ ਰਿਸ਼ਤਿਆਂ ਦੀ ਸਾਰ ਲੈਂਦਾ ਹੈ।

'ਦਫ਼ਤਰਨਾਮਾ' ਵਿਚਲੇ ਕਈ ਲੇਖ ਪ੍ਰਤੀਕਾਤਮਕ ਅਤੇ ਵਿਅੰਗਮਈ ਹਨ ਅਤੇ ਬੜੇ ਰੋਚਕ ਵੀ। ਬਹੁਤ ਸਾਰੇ ਲੇਖ ਪੰਜਾਬੀ ਰਹਿਤਲ ਦੇ ਅੰਗ ਸੰਗ ਤੁਰਦੇ ਨਜ਼ਰ ਆਉਂਦੇ ਹਨ; ਮਿਸਾਲ ਦੇ ਤੌਰ 'ਤੇ 'ਸੁਹਾਗੇ ਤੇ ਚੜ੍ਹਿਆ ਜੱਟ', 'ਮਾਹਟਰ ਹਾਜ਼ਰ ਹੋਣ', 'ਕੁੱਤੇ ਦੇ ਪੂਛ ਸਿੱਧੀ', 'ਭੇੜੀਏ ਲੇਲੇ ਦੀ ਕਥਾ' ਅਤੇ ਹੋਰ ਕਈ। ਲੇਖਾਂ ਨੂੰ ਹੋਰ ਵਧੇਰੇ ਰੋਚਕ ਬਣਾਇਆ ਜਾ ਸਕਦਾ ਸੀ ਜੇਕਰ ਸੰਵਾਦਾਂ ਦੇ ਨਾਲ ਹੋਰ ਬਿਰਤਾਂਤਾਂ ਨੂੰ ਵੀ ਜੋੜ ਦਿੱਤਾ ਜਾਂਦਾ। **-ਅਮਨਦੀਪ ਕੌਰ**

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਮਜੈਸਟਿਕ ਪ੍ਰਿੰਟਿੰਗ ਪ੍ਰੈੱਸ, ਬੇਅ ਸ਼ਾਪ 7, ਫੇਜ਼ 7, ਸਾਹਮਣੇ- ਚਾਵਲਾ ਨਰਸਿੰਗ ਹੋਮ, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਕਤੂਬਰ, 2025

---

'ਨਿਰਵਾਣ ਦੀ ਤਲਾਸ਼ 'ਚ', 'ਦਵੰਦ ਕਥਾ', 'ਯਕੀਨ', 'ਸ਼ਬਦ ਰਹਿਣਗੇ ਕੋਲ',
'ਸਿਮਰਤੀਆਂ ਦੀ ਲਾਲਟੈਨ' ਅਤੇ 'ਪਿਆਸ' ਤੋਂ ਬਾਅਦ ਅਮਰਜੀਤ ਕੌਂਕੇ
ਦਾ ਨਵਾਂ ਕਾਵਿ ਸੰਗ੍ਰਹਿ 'ਇਸ ਧਰਤੀ 'ਤੇ ਰਹਿੰਦਿਆਂ'




ਅਮਰਜੀਤ ਕੌਂਕੇ ਦੀ ਨਵੀਂ ਕਾਵਿ-ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਵਿਚਲੀ ਸ਼ਾਇਰੀ ਨਵੇਕਲੀ ਤੇ ਮੌਲਿਕ ਭਾਂਤ ਦੀ ਹੈ। ਲਗਾਤਾਰਤਾ ਤੇ ਅਦੁੱਤੀਅਤਾ ਇਸਦੇ ਪ੍ਰਮੁੱਖ ਗੁਣ ਹਨ। ਇਸ ਵਿਚ ਵੀ ਉਸਦਾ 'ਜ਼ਹਿਰ ਨੂੰ ਊਰਜਾ ਵਿਚ ਬੰਨ੍ਹਣ' ਦਾ ਹੁਨਰ ਪੂਰੇ ਜੋਬਨ ਉੱਪਰ ਹੈ। ਇਸਦਾ ਪੋਸ਼ਾਦਾ ਪ੍ਰਸੰਗ ਅਜੋਕਾ ਮੰਡੀ, ਮੁਨਾਫ਼ੇ ਅਤੇ ਗਰਜ਼ ਤੇ ਖਲੋਤਾ ਆਲਮੀ ਸਭਿਆਚਾਰ ਹੈ। ਇਸੇ ਪ੍ਰਸੰਗ ਵਿਚ ਉਹ ਅਜੋਕੇ ਮਨੁੱਖ ਦੀ ਭਟਕਦੀ ਅਤੇ ਠਹਿਰਾਓ-ਰਹਿਤ ਸਥਿਤੀ ਦੇ ਬਿੰਬ ਸਿਰਜਦਾ ਹੈ। ਸੰਵਾਦ, ਸੰਕੇਤ, ਬਿੰਬ ਅਤੇ ਪ੍ਰਤੀਕ ਉਸਦੀ ਸ਼ਾਇਰੀ ਦੀਆਂ ਜੁਗਤਾਂ ਹਨ। ਇਸਦੇ ਸਰੋਕਾਰ ਨਿਰਸੰਦੇਹ ਮਾਨਵੀ ਹਨ। ਇਸ ਹਨੇਰ ਯੁੱਗ ਵਿਚ ਇਹ ਸ਼ਾਇਰੀ ਥਾਪੜਦੀ ਸਵਾਉਂਦੀ ਨਹੀਂ, ਬੰਦੇ ਨੂੰ ਅੰਦਰਲੇ ਨੇਤਰ ਖੋਲ੍ਹ ਕੇ ਵਿਚਰਣ ਲਈ ਆਖਦੀ ਹੈ।

-ਡਾ. ਹਰਭਜਨ ਸਿੰਘ ਭਾਟੀਆ

ਪੰਨੇ 160 | ਸੁੰਦਰ ਦਿੱਖ | ਮੁੱਲ 300 ਰੁਪਏ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

**SIRJANA** Literary Punjabi Quarterly Chandigarh

No. 218 ISSN 2455-1058 October-December 2025

Registered with the Registrar of Newspapers for India vide R.N. 10215/65

## ਕੈਨੇਡਾ ਵਸਦੇ ਚਿੰਤਨਸ਼ੀਲ ਸਿਰਜਕ ਸਾਧੂ ਬਿਨਿੰਗ ਦਾ ਨਵਾਂ ਕਾਵਿ ਸੰਗ੍ਰਹਿ 'ਨਾਸਤਿਕ ਹੋਣਾ'




ਧਰਮ ਦੀ ਦੁਰਕਾਰੀ ਨਾਸਤਿਕਤਾ ਨੂੰ ਅਪਨਾਉਣ ਤੋਂ ਬਾਅਦ ਸਾਧੂ ਬਿਨਿੰਗ ਆਸਤਿਕਤਾ ਤੇ ਨਾਸਤਿਕਤਾ ਨੂੰ ਆਪਸ ਵਿਚ ਟਕਰਾਉਂਦਾ ਹੋਇਆ ਇਕ ਤੋਂ ਬਾਅਦ ਦੂਜਾ ਵਿਸ਼ਾ ਸਹੇੜ ਕੇ ਸੰਸਥਾਪਕ ਧਰਮ ਦਾ ਪਰਦਾ ਫਾਸ਼ ਕਰਦਾ ਚਲਿਆ ਜਾਂਦਾ ਹੈ। ਆਪਣੇ ਸੁਭਾਅ ਵਾਂਗ ਗਹਿਰ ਗੰਭੀਰ ਹੋਣ ਦੇ ਨਾਲ-ਨਾਲ ਜ਼ਿੰਦਗੀ ਨੂੰ ਜੀਣ ਤੇ ਮਾਨਣ ਦੀ ਰੀਝ ਪਾਲਣ ਵਾਂਗ ਸਾਧੂ ਬਿਨਿੰਗ ਦੀ ਇਸ ਅਨੋਖੀ ਤੇ ਨਿਵੇਕਲੀ ਕਾਵਿ ਪੁਸਤਕ ਦੀਆਂ ਕਵਿਤਾਵਾਂ ਪਾਠਕ ਨੂੰ ਬੇਲੋੜੇ ਵਾਧੂ ਚੁੱਕੇ ਹੋਏ ਭਾਰ ਤੋਂ ਮੁਕਤ ਕਰ ਕੇ ਹਲਕੇ ਫੁਲਕੇ ਹੋਣ ਦਾ ਅਹਿਸਾਸ ਕਰਾਉਂਦੀਆਂ ਹਨ।

ਪੰਨੇ 128 ਸੁੰਦਰ ਦਿੱਖ ਮੁੱਲ 250 ਰੁਪਏ

**ਅਦਬ ਪ੍ਰਕਾਸ਼ਨ, ਪੱਖੋਕੇ ਤਰਨ ਤਾਰਨ**